Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 870, 4th to 10th Sept., 2025, Ph: 916-320-9444, E-mail: punjabmailusa@yahoo.com, Web: punjabmailusa.com

# ਸਮੁੱਚਾ ਪੰਜਾਬ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ

- ਸੂਬੇ ਦੇ 3.54 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ
- ਹੜ੍ਹਾਂ ਕਾਰਨ ਹੁਣ ਤੱਕ ਗਈਆਂ 30 ਜਾਨਾਂ : ਰਿਪੋਰਟ
- ਫ਼ੌਜ, ਐੱਨ.ਡੀ.ਆਰ.ਐੱਫ. ਅਤੇ ਪੁਲਿਸ ਦੀਆਂ ਟੀਮਾਂ ਵੀ ਰਾਹਤ ਕੰਮਾਂ 'ਚ ਜੁੱਟੀਆਂ



**ਚੰਡੀਗੜ੍ਹ, (ਪੰਜਾਬ ਮੇਲ)-** ਭਿਆਨਕ ਹੜ੍ਹਾਂ ਨੇ ਹੁਣ ਸਮੁੱਚਾ ਪੰਜਾਬ ਆਪਣੀ ਲਪੇਟ 'ਚ ਲੈ ਲਿਆ ਹੈ। ਪਹਿਲਾਂ ਪਹਾੜਾਂ ਦੇ ਪਾਣੀ ਨੇ ਮਾਰ ਕੀਤੀ ਸੀ ਅਤੇ ਹੁਣ ਸੂਬੇ 'ਚ ਪਏ ਭਾਰੀ ਮੀਂਹ ਕਾਰਨ ਸੂਬੇ ਦਾ ਹਰ ਜ਼ਿਲ੍ਹਾ ਹੜ੍ਹਾਂ ਤੋਂ ਪ੍ਰਭਾਵਿਤ ਹੋ ਗਿਆ ਹੈ। ਸੂਬੇ 'ਚ 1400 ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਜਦੋਂ ਕਿ ਗੁਰਦਾਸਪੁਰ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਜਿੱਥੋਂ ਦੇ 324 ਪਿੰਡ ਲਪੇਟ 'ਚ ਆਏ ਹਨ। ਅੰਮ੍ਰਿਤਸਰ ਦੇ 135 ਪਿੰਡ ਅਤੇ ਹੁਸ਼ਿਆਰਪੁਰ ਦੇ 119 ਪਿੰਡ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਸਰਕਾਰੀ ਰਿਪੋਰਟ ਅਨੁਸਾਰ ਹੜ੍ਹਾਂ ਕਾਰਨ ਹੁਣ ਤੱਕ 30 ਜਾਨਾਂ ਚਲੀਆਂ ਗਈਆਂ ਹਨ। ਲੁਧਿਆਣਾ ਜ਼ਿਲ੍ਹੇ 'ਚ ਤਿੰਨ ਬੱਚੇ ਕਰੰਟ ਲੱਗਣ ਅਤੇ ਛੱਤ ਡਿੱਗਣ ਕਾਰਨ ਮੌਤ ਦੇ ਮੂੰਹ ਜਾ ਪਏ ਹਨ। ਸੂਬੇ ਦੇ 3.54 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹਨ। ਹੁਣ ਤੱਕ ਪਾਣੀ 'ਚ ਫਸੇ 19,597 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ ਅਤੇ 171 ਰਾਹਤ ਕੈਂਪਾਂ 'ਚ 5,167 ਲੋਕ ਪਹੁੰਚਾਏ ਗਏ ਹਨ। ਸੂਬੇ 'ਚ ਹੜ੍ਹਾਂ ਦਾ ਖ਼ਤਰਾ ਹਾਲੇ ਘਟਿਆ ਨਹੀਂ ਹੈ ਕਿਉਂਕਿ ਘੱਗਰ ਦਾ ਪਾਣੀ ਹੁਣ ਖ਼ਤਰੇ ਦੇ ਨਿਸ਼ਾਨ ਨੇੜੇ ਪਹੁੰਚ ਗਿਆ ਹੈ, ਜਦੋਂਕਿ ਸਤਲੁਜ ਦਰਿਆ 'ਚ ਵਧੇ ਪਾਣੀ ਨੇ ਸੈਂਕੜੇ ਪਿੰਡਾਂ ਦੇ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ।

ਬੇਸ਼ੱਕ ਮੀਂਹ ਦੀ ਤੇਜ਼ ਰਫ਼ਤਾਰ ਨੂੰ ਠੱਲ੍ਹ ਪਈ ਹੈ ਪ੍ਰੰਤੂ ਕਪੂਰਥਲਾ ਤੇ ਰੋਪੜ ਜ਼ਿਲ੍ਹੇ 'ਚ ਸਤਲੁਜ ਨੇੜਲੇ ਖ਼ਿੱਤਿਆਂ ਦੇ ਲੋਕਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਸਿਵਲ ਤੇ ਪੁਲਿਸ ਪ੍ਰਸ਼ਾਸਨ ਸਤਲੁਜ 'ਤੇ ਬਣੇ ਬੰਨ੍ਹਾਂ 'ਤੇ ਨਜ਼ਰ ਰੱਖ ਰਹੇ ਹਨ। ਮੌਸਮ ਵਿਭਾਗ ਨੇ ਪਠਾਨਕੋਟ ਤੇ ਗੁਰਦਾਸਪੁਰ 'ਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਪਹਾੜਾਂ ਤੋਂ ਇਲਾਵਾ ਪੰਜਾਬ 'ਚ ਪਈ ਬਾਰਸ਼ ਨੇ ਸਤਲੁਜ ਤੇ ਘੱਗਰ 'ਚ ਪਾਣੀ ਦੀ ਮਾਤਰਾ ਇਕਦਮ ਵਧਾ ਦਿੱਤੀ ਹੈ।

ਵੇਰਵਿਆਂ ਅਨੁਸਾਰ ਘੱਗਰ 'ਚ ਮੀਂਹ ਦੇ ਪਾਣੀ ਅਤੇ ਟਾਂਗਰੀ-ਮਾਰਕੰਡਾ ਦੇ ਪਾਣੀ ਨੇ ਉਛਾਲ ਲਿਆਂਦਾ ਹੈ। ਜਲ ਸਰੋਤ ਵਿਭਾਗ ਨੇ ਘੱਗਰ 'ਤੇ 24 ਘੰਟੇ ਲਈ ਮੁਲਾਜ਼ਮਾਂ ਤੇ ਅਫ਼ਸਰਾਂ ਦੀ ਤਾਇਨਾਤੀ ਕਰ ਦਿੱਤੀ ਹੈ। ਘੱਗਰ 'ਚ 8,722 ਕਿਊਸਕ ਪਾਣੀ ਆਇਆ ਸੀ ਪ੍ਰੰਤੂ ਪਿਛਲੇ ਦਿਨਾਂ 'ਚ 70 ਹਜ਼ਾਰ ਕਿਊਸਕ ਪਾਣੀ ਚੱਲਣ ਕਰਕੇ ਖਨੌਰੀ ਲਾਗੇ ਪਾਣੀ ਖ਼ਤਰੇ ਦੇ ਨਿਸ਼ਾਨ ਨੂੰ ਛੂਹ ਗਿਆ ਹੈ। ਖਨੌਰੀ 'ਚ 748 ਫੁੱਟ 'ਤੇ ਖ਼ਤਰੇ ਦਾ ਨਿਸ਼ਾਨ ਹੈ ਅਤੇ ਇਸ ਵੇਲੇ ਪਾਣੀ 747.8 ਫੁੱਟ 'ਤੇ ਪਹੁੰਚ ਗਿਆ ਹੈ। ਸਰਦੂਲਗੜ੍ਹ ਕੋਲ ਖ਼ਤਰੇ ਦਾ ਨਿਸ਼ਾਨ 20 ਫੁੱਟ 'ਤੇ ਹੈ ਅਤੇ ਪਾਣੀ 19.3 ਫੁੱਟ ਤੱਕ ਚੜ੍ਹ ਗਿਆ ਹੈ।

ਘੱਗਰ ਲਈ ਵੱਡਾ ਖ਼ਤਰਾ ਟਾਂਗਰੀ ਤੇ ਮਾਰਕੰਡਾ ਨਦੀ ਬਣੀ ਹੈ। ਟਾਂਗਰੀ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਈ ਹੈ ਅਤੇ ਇਸ ਵੇਲੇ 41,396 ਕਿਊਸਕ ਪਾਣੀ ਚੱਲ ਰਿਹਾ ਹੈ। ਮਾਰਕੰਡਾ 'ਚ ਖ਼ਤਰੇ ਦੇ ਨਿਸ਼ਾਨ 22 ਫੁੱਟ ਦੀ ਥਾਂ 'ਤੇ ਇਸ ਵੇਲੇ 21.4 ਫੁੱਟ ਪਾਣੀ ਚੱਲ ਰਿਹਾ ਹੈ। ਕੈਬਨਿਟ ਮੰਤਰੀਆਂ ਬਰਿੰਦਰ ਕੁਮਾਰ ਗੋਇਲ ਅਤੇ ਅਮਨ ਅਰੋੜਾ ਨੇ ਘੱਗਰ ਦੇ ਖ਼ਤਰੇ ਦੇ ਮੱਦੇਨਜ਼ਰ ਪਿੰਡ ਮਕਰੋੜ ਸਾਹਿਬ ਕੋਲ ਘੱਗਰ ਦੇ ਪਾਣੀ ਦਾ ਜਾਇਜ਼ਾ ਲਿਆ। ਪਟਿਆਲਾ, ਸੰਗਰੂਰ ਤੇ ਮਾਨਸਾ ਜ਼ਿਲ੍ਹਿਆਂ 'ਚ ਘੱਗਰ ਨੇ ਲੋਕਾਂ ਦੇ ਸਾਹ ਸੂਤ ਦਿੱਤੇ ਹਨ। ਮਾਲਵਾ ਖ਼ਿੱਤਾ ਇਸ ਵੇਲੇ ਘੱਗਰ ਕਾਰਨ ਜ਼ੋਖ਼ਮ 'ਚੋਂ ਗੁਜ਼ਰ ਰਿਹਾ ਹੈ। ਸਤਲੁਜ ਦਰਿਆ ਦਾ ਪਾਣੀ ਵੀ ਖ਼ਤਰੇ ਦੇ ਨਿਸ਼ਾਨ 'ਤੇ ਚੱਲ ਰਿਹਾ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ 1677.29 ਫੁੱਟ ਹੈ ਅਤੇ ਪਹਾੜਾਂ 'ਚੋਂ ਹਾਲੇ ਵੀ ਇੱਕ ਲੱਖ ਕਿਊਸਕ ਪਾਣੀ ਦੀ ਡੈਮ 'ਚ ਆਮਦ ਹੈ। ਭਾਖੜਾ 'ਚੋਂ ਸਤਲੁਜ 'ਚ ਇਸ ਵੇਲੇ 65 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ। ਕੰਢੀ ਖੇਤਰ 'ਚ ਮੀਂਹ ਪੈਣ ਕਾਰਨ ਚੋਆਂ ਦਾ ਪਾਣੀ 24 ਘੰਟੇ ਤੋਂ ਇਕੱਠਾ ਹੋ ਕੇ ਸਤਲੁਜ ਵਿਚ ਪੈ ਰਿਹਾ ਹੈ, ਜਿਸ ਨਾਲ ਸਤਲੁਜ 'ਚ ਪਾਣੀ 80 ਹਜ਼ਾਰ ਕਿਊਸਕ ਹੋ ਗਿਆ ਹੈ। ਚਿੱਟੀ ਵੇਈਂ ਤੇ ਕਾਲੀ ਵੇਈਂ ਵੀ ਓਵਰਫ਼ਲੋਅ ਹੋ ਗਈ ਹੈ ਅਤੇ ਚਿੱਟੀ ਵੇਈਂ ਦਾ ਪਾਣੀ ਵੀ ਗਿੱਦੜਪਿੰਡੀ ਕੋਲ ਸਤਲੁਜ 'ਚ ਪਿਆ ਹੈ। ਗਿੱਦੜਪਿੰਡੀ ਕੋਲ ਸਤਲੁਜ 'ਚ ਡੇਢ ਲੱਖ ਕਿਊਸਕ ਪਾਣੀ ਚੱਲ ਰਿਹਾ ਹੈ।

■ ਬਾਕੀ ਖਬਰ ਸਫਾ 5 'ਤੇ

## ਮੁੱਖ ਸਕੱਤਰ ਨੇ ਹੰਗਾਮੀ ਹਾਲਾਤ 'ਚ ਡੀਸੀਜ਼ ਨੂੰ ਫ਼ੈਸਲੇ ਲੈਣ ਦੇ ਅਧਿਕਾਰ ਦਿੱਤੇ

ਪੰਜਾਬ ਸਰਕਾਰ ਨੇ ਪੂਰੇ ਸੂਬੇ ਦੇ ਹੜ੍ਹ ਦੀ ਮਾਰ ਹੇਠ ਆਉਣ ਮਗਰੋਂ ਆਫ਼ਤ ਪ੍ਰਬੰਧਨ ਐਕਟ, 2025 ਤਹਿਤ ਐਮਰਜੈਂਸੀ ਪ੍ਰਕਿਰਿਆਵਾਂ ਨੂੰ ਸਰਗਰਮ ਕਰ ਦਿੱਤਾ ਹੈ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵੱਲੋਂ ਜਾਰੀ ਕੀਤੇ ਗਏ ਹੁਕਮ ਵਿਚ ਡਿਪਟੀ ਕਮਿਸ਼ਨਰਾਂ ਨੂੰ ਕਿਸੇ ਵੀ ਖ਼ਤਰਨਾਕ ਆਫ਼ਤ ਦੀ ਸਥਿਤੀ ਵਿਚ ਆਪਣੇ ਆਪ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਪੀ.ਡਬਲਯੂ.ਡੀ., ਜਲ ਸਰੋਤ ਅਤੇ ਬਿਜਲੀ ਵਿਭਾਗਾਂ ਨੂੰ ਜੰਗੀ ਪੱਧਰ 'ਤੇ ਮੁਰੰਮਤ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।



ਨਵਾਂਸ਼ਹਿਰ 'ਚ ਧਿਆਨਗੜ੍ਹ ਨੇੜੇ ਧੁੱਸੀ ਬੰਨ੍ਹ ਪਾੜ ਨੂੰ ਪੂਰਦੇ ਹੋਏ ਲੋਕ।

## ਨੰਗਲ ਡੈਮ ਦੇ 26 ਫਲੱਡ ਗੇਟ ਖੋਲ੍ਹੇ

ਭਾਖੜਾ ਡੈਮ ਵਿੱਚ ਲਗਾਤਾਰ ਵਧ ਰਹੇ ਪਾਣੀ ਨੂੰ ਲੈ ਕੇ ਬੀ.ਬੀ.ਐੱਮ.ਬੀ. ਵਿਭਾਗ ਨੇ ਨੰਗਲ ਡੈਮ ਦੇ 26 ਫਲੱਡ ਗੇਟ ਖੋਲ੍ਹ ਕੇ ਸਤਲੁਜ ਦਰਿਆ ਵਿਚ 51 ਹਜ਼ਾਰ ਕਿਊਸਕ ਪਾਣੀ ਛੱਡਿਆ, ਜਿਸ ਨਾਲ ਦਰਿਆ ਨੇ ਵਿਰਾਟ ਰੂਪ ਧਾਰਨ ਕਰ ਲਿਆ। ਸ੍ਰੀ ਆਨੰਦਪੁਰ ਹਾਈਡਲ ਚੈਨਲ ਨਹਿਰ ਵਿਚ ਮਹਿਜ਼ 4000 ਕਿਊਸਕ ਪਾਣੀ ਛੱਡਿਆ ਗਿਆ ਹੈ। ਇਹ ਨਹਿਰ ਕਈ ਥਾਵਾਂ ਤੋਂ ਪਾੜ ਪੈਣ ਕਾਰਨ ਬੰਦ ਕਰ ਦਿੱਤੀ ਗਈ ਸੀ। ਭਾਖੜਾ ਨਹਿਰ ਵਿਚ 9000 ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ। ਭਾਖੜਾ ਡੈਮ ਵਿਚ ਪਾਣੀ ਦਾ ਪੱਧਰ 1674.72 ਰਿਕਾਰਡ ਕੀਤਾ ਗਿਆ।

## ਡਾ. ਐੱਸ.ਪੀ. ਓਬਰਾਏ ਵੱਲੋਂ 800 ਵਲੰਟੀਅਰਾਂ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਕੀਤੀ ਜਾ ਰਹੀ ਹੈ ਮਦਦ



- ਐੱਨ.ਆਰ.ਆਈ. ਭਰਾਵਾਂ ਨੂੰ ਅੱਗੇ ਆਉਣ ਦਾ ਦਿੱਤਾ ਸੱਦਾ

**ਗੁਰਦਾਸਪੁਰ, (ਪੰਜਾਬ ਮੇਲ)-** ਪੰਜਾਬ ਵਿਚ ਚੱਲ ਰਹੀ ਹੜ੍ਹਾਂ ਦੀ ਮਾਰ ਨਾਲ 9 ਜ਼ਿਲ੍ਹਿਆਂ ਵਿਚ ਜਨਜੀਵਨ ਤਹਿਸ-ਨਹਿਸ ਹੋ ਕੇ ਰਹਿ ਗਿਆ ਹੈ। ਜਿੱਥੇ ਹੋਰ ਸੰਸਥਾਵਾਂ ਅਤੇ ਲੋਕ ਮਦਦ ਲਈ ਆਪੋ-ਆਪਣੀ ਵਾਹ ਲਾ ਰਹੇ ਹਨ, ਉਥੇ ਸੰਸਾਰ ਪ੍ਰਸਿੱਧ ਸਮਾਜਸੇਵੀ ਸ਼ਖ਼ਸੀਅਤ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਓਬਰਾਏ ਖੁਦ ਜਾ ਕੇ ਹੜ੍ਹ ਪੀੜਤਾਂ ਦੀ ਸਾਰ ਲੈ ਰਹੇ ਹਨ। ਹੁਣ ਤੱਕ ਉਹ ਡੇਰਾ ਬਾਬਾ ਨਾਨਕ ਤੋਂ ਲੈ ਕੇ ਫਾਜ਼ਿਲਕਾ ਤੱਕ ਤਕਰੀਬਨ ਸਾਰੇ ਜ਼ਿਲ੍ਹਿਆਂ ਤੱਕ ਹੜ੍ਹ ਪੀੜਤਾਂ ਨਾਲ ਸੰਪਰਕ ਕਰ ਰਹੇ ਹਨ। ਉਨ੍ਹਾਂ ਦੇ ਨਾਲ ਸਰਬੱਤ ਦਾ ਭਲਾ ਟਰਸਟ ਟੀਮ ਦੇ 800 ਦੇ ਕਰੀਬ ਵਲੰਟੀਅਰ ਵੱਖ-ਵੱਖ ਥਾਂਵਾਂ 'ਤੇ ਲੋਕਾਂ ਦੀ ਮਦਦ ਕਰ ਰਹੇ ਹਨ। ਇਸ ਸੰਸਥਾ ਵੱਲੋਂ ਹੁਣ ਤੱਕ ਲਗਭਗ 1200 ਟਨ ਚਾਰਾ ਪਸ਼ੂ ਲਈ ਦਿੱਤਾ ਜਾ ਚੁੱਕਾ ਹੈ ਅਤੇ ਇਸ ਤੋਂ ਇਲਾਵਾ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ। ਡਾ. ਓਬਰਾਏ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹਾਂ ਤੋਂ ਬਾਅਦ ਹੋਰ ਵੀ ਭਿਆਨਕ ਸਮਾਂ ਆਉਣ ਵਾਲਾ ਹੈ। ਉਸ ਵਕਤ ਸਾਨੂੰ ਰਲਕੇ ਬਿਮਾਰੀਆਂ ਨਾਲ ਨਜਿੱਠਣਾ ਪਵੇਗਾ। ਇਸ ਦੇ ਲਈ ਸਰਬੱਤ ਦਾ ਭਲਾ ਦੀ ਸਮੁੱਚੀ ਟੀਮ ਪਹਿਲਾਂ ਤੋਂ ਹੀ ਤਿਆਰ ਬੈਠੀ ਹੈ ਅਤੇ ਇਸ ਦੇ ਲਈ ਥਾਂ-ਥਾਂ ਮੈਡੀਕਲ ਸਹੂਲਤਾਂ ਅਤੇ ਦਵਾਈਆਂ ਦਿੱਤੀਆਂ ਜਾਣਗੀਆਂ ਅਤੇ ਲੋੜਵੰਦ ਪਰਿਵਾਰਾਂ ਨੂੰ ਘਰ ਬਣਾ ਕੇ ਦਿੱਤੇ ਜਾਣਗੇ। ਡਾ. ਓਬਰਾਏ ਨੇ ਦੱਸਿਆ ਕਿ ਇਸ ਵੇਲੇ ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਪਹੁੰਚ ਕੇ ਸੁੱਕਾ ਰਾਸ਼ਨ, ਪਸ਼ੂਆਂ ਲਈ ਚਾਰਾ, ਦਵਾਈਆਂ, ਤਰਪਾਲਾਂ, ਮੱਛਰਦਾਨੀਆਂ ਅਤੇ ਹੋਰ ਸਮੱਗਰੀ ਵੰਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦਿਲ ਖੋਲ੍ਹ ਕੇ ਜ਼ਰੂਰਤਮੰਦਾਂ ਦੀ ਮਦਦ ਕਰ ਰਹੀ ਹੈ।

ਉਨ੍ਹਾਂ ਐੱਨ.ਆਰ.ਆਈ. ਭਰਾਵਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਕੰਮ ਵਿਚ ਵੱਧ ਤੋਂ ਵੱਧ ਮਦਦ ਕਰਨ।


AMERICAN KABADDI FEDERATION USA
ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਵੱਲੋਂ
ਅਮਰੀਕਾ ਭਰ ਵਿਚ ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ
ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ ਦੇ ਵੇਰਵੇ ਇਸ ਤਰ੍ਹਾਂ ਹਨ:
Dallas : September 14, 2025 Sunday
(ਇਸ ਵਾਰ ਕੁਸ਼ਤੀਆਂ ਦੇ ਵੀ ਮੁਕਾਬਲੇ ਵੀ ਹੋਣਗੇ)
OPEN : September 21, 2025 Sunday
Tracy, California : September 27, 2025, Saturday
Gurdwara Bradshaw Road, Sacramento: September 28, 2025, Sunday
Advanture, Arena, Stockton : October 05, 2025 Sunday
OPEN : October 12, 2025 Sunday
Designed By Punjab Mail USA
ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ.
ਵੱਲੋਂ ਪੰਜਾਬ 'ਚ ਹੜ੍ਹ ਪੀੜਤਾਂ ਲਈ
51 ਹਜ਼ਾਰ ਡਾਲਰ
ਦੇਣ ਦਾ ਐਲਾਨ

# ਸਿਆਟਲ 'ਚ ਬੱਚਿਆਂ ਦੇ ਖੇਡ ਮੇਲੇ ਦੀ ਸਮਾਪਤੀ ਅਤੇ ਝਲਕੀਆਂ

1














Designed By Punjab Mail USA




ਸਿਆਟਲ ਵਿਖੇ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਮੌਕੇ ਦੀਆਂ ਝਲਕੀਆਂ।


ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ।

# ਸਿਆਟਲ 'ਚ ਬੱਚਿਆਂ ਦੇ ਖੇਡ ਮੇਲੇ ਦੀ ਸਮਾਪਤੀ ਅਤੇ ਝਲਕੀਆਂ

2











Designed By Punjab Mail USA

**ਸਿਆਟਲ ਵਿਖੇ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਮੌਕੇ ਦੀਆਂ ਝਲਕੀਆਂ।**



**ਗੁਰਦੀਪ ਸਿੰਘ ਸਿੱਧੂ**
**ਪ੍ਰਬੰਧਕ**

**ਸਿਆਟਲ, (ਪੰਜਾਬ ਮੇਲ)** - ਬੀਤੀ 24 ਅਗਸਤ, ਦਿਨ ਐਤਵਾਰ ਬੱਚਿਆਂ ਦਾ ਖੇਡ ਕੈਂਪ ਸਮਾਪਤ ਹੋਇਆ, ਜੋ ਕਿ 2 ਮਹੀਨੇ ਲਗਾਤਾਰ ਸ਼ਨੀਵਾਰ ਤੇ ਐਤਵਾਰ ਚੱਲਦਾ ਹੈ। ਸਾਰੇ ਸਿਆਟਲ ਨਿਵਾਸੀ ਹੁੰਮਹੁਮਾ ਕੇ ਪਹੁੰਚੇ ਤੇ ਬੱਚਿਆਂ ਦੇ ਇਨਾਮ ਵੰਡ ਸਮਾਗਮ ਦੀ ਖ਼ੂਬਸੂਰਤੀ ਵਿਚ ਵਾਧਾ ਕੀਤਾ। ਵੱਖ-ਵੱਖ ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਸੀ, ਜਿਹੜਾ ਕਿ ਦਇਆਬੀਰ ਸਿੰਘ ਬਾਠ ਵੱਲੋਂ ਕੀਤਾ ਗਿਆ ਸੀ।

ਭਾਰੀ ਇਕੱਠ ਵਿਚ ਇਹ ਪ੍ਰਣ ਕੀਤਾ ਗਿਆ ਕਿ ਬੱਚਿਆਂ ਨੂੰ ਹੋਰ ਭਾਈਚਾਰਕ ਸਾਂਝਾਂ ਨਾਲ ਜੋੜਿਆ ਜਾਵੇ, ਆਪਣੀ ਮਾਂ ਬੋਲੀ ਅਤੇ ਪੰਜਾਬੀ ਖੇਡਾਂ ਦੀ ਸਿਖਲਾਈ ਦਿੱਤੀ ਜਾਵੇ। ਮੁੱਖ ਮਹਿਮਾਨ ਗੁਰਮੀਤ ਸਿੰਘ ਨਿੱਜਰ ਅਤੇ ਸਪੈਸ਼ਲ ਮਹਿਮਾਨ ਸ. ਸਤਪਾਲ ਸਿੱਧੂ ਜੀ ਸਨ, ਜਿਨ੍ਹਾਂ ਨੇ ਰੌਣਕ ਨੂੰ ਵਧਾਇਆ। ਉਪਰੰਤ ਦਾਨੀਆਂ ਦਾ ਮਾਣ-ਸਨਮਾਨ ਕੀਤਾ ਗਿਆ। ਅਗਲੇ ਸਾਲ ਫਿਰ ਇਸੇ ਤਰ੍ਹਾਂ ਕੈਂਪ ਦੀ ਸ਼ੁਰੂਆਤ ਕਰਨ ਦਾ ਪ੍ਰਣ ਕੀਤਾ ਗਿਆ। ਆਏ ਮਹਿਮਾਨਾਂ ਵਿਚ ਬਲਵੰਤ ਸਿੰਘ ਔਲਖ, ਹਰਜਿੰਦਰ ਸਿੰਘ ਸੰਧਾਵਾਲੀਆ, ਮਨਦੀਪ ਸਿੰਘ ਸੰਘਾ, ਰਛਪਾਲ ਸਿੰਘ ਸੰਧੂ, ਕਰਨ ਸਿੱਧੂ, ਜੱਸ ਧਾਲੀਵਾਲ, ਮਨਮੋਹਨ ਸਿੰਘ ਧਾਲੀਵਾਲ, ਹਰਦੇਵ ਸਿੰਘ, ਹਰਦੀਪ ਸਿੰਘ ਗਿੱਲ, ਬਲਿਹਰ ਸਿੰਘ ਲੇਹਲ, ਕੁਲਵੰਤ ਸਿੰਘ ਸ਼ਾਹ, ਬਲਜੀਤ ਸਿੰਘ ਸੋਹਲ, ਦਰਸ਼ਣ ਸਿੰਘ ਬੱਬੀ, ਡਾ. ਸੁਰਿੰਦਰ ਪਾਲ ਸਿੰਘ ਤੂੰਗ, ਅਮਰਪਾਲ ਸਿੰਘ ਕਾਹਲੋਂ ਅਤੇ ਹੋਰ ਬਹੁਤ ਸਤਿਕਾਰਯੋਗ ਸ਼ਖਸੀਅਤਾਂ ਹਾਜ਼ਰ ਸਨ।

ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕ ਗੁਰਦੀਪ ਕੌਰ ਝੱਲੀ, ਰਾਜ ਮੱਲੀ ਵੀ ਹਾਜ਼ਰ ਸਨ। ਡਾ. ਮਨਜੋਤ ਕੌਰ ਸੇਵਾਦਾਰ ਸੰਸਥਾ ਵੱਲੋਂ ਹਾਜ਼ਰ ਸੀ। ਪ੍ਰਬੰਧਕਾਂ ਵਿਚ, ਸਰਬਜੀਤ ਸਿੰਘ ਝੱਲੀ, ਸੁਖਪ੍ਰੀਤ ਸਿੰਘ ਮੱਲ੍ਹੀ, ਸੁੱਚਾ ਸਿੰਘ ਧਾਲੀਵਾਲ, ਮਹਿੰਦਰ ਸਿੰਘ ਨਿੱਜਰ, ਜਸਵਿੰਦਰ ਸਿੰਘ ਪੰਨੂੰ ਨੂੰ ਭਾਰੀ ਸਹਿਯੋਗ ਦੇ ਕੇ ਕੈਂਪ ਨੂੰ ਸਫਲ ਬਣਾਇਆ।



**ਗੁਰਚਰਨ ਸਿੰਘ ਢਿੱਲੋਂ**
**ਪ੍ਰਬੰਧਕ**

# ਸਮੁੱਚਾ ਪੰਜਾਬ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ

ਸਫਾ 1 ਦਾ ਬਾਕੀ

ਦੂਜੇ ਪਾਸੇ ਪੌਂਗ ਡੈਮ ਤੋਂ ਪਾਣੀ ਘਟਾਏ ਜਾਣ ਦੇ ਬਾਵਜੂਦ ਬਿਆਸ ਦਰਿਆ 'ਚ ਪਾਣੀ ਪੌਣੇ ਦੋ ਲੱਖ ਕਿਊਸਕ ਹੋ ਗਿਆ ਹੈ। ਪੰਜਾਬ ਸਰਕਾਰ ਦੀ ਬੇਚੈਨੀ ਵਧਣੀ ਸ਼ੁਰੂ ਹੋ ਗਈ ਹੈ ਕਿਉਂਕਿ ਹਰੀਕੇ ਕੋਲ ਬਿਆਸ ਤੇ ਸਤਲੁਜ ਦਾ ਪਾਣੀ ਮਿਲ ਕੇ ਤਿੰਨ ਲੱਖ ਕਿਊਸਕ ਨੂੰ ਪਾਰ ਕਰ ਚੁੱਕਾ ਹੈ। ਸਤਲੁਜ ਦਰਿਆ 'ਤੇ ਰੋਪੜ ਦੇ ਚਮਕੌਰ ਸਾਹਿਬ ਕੋਲ ਅਤੇ ਇਸੇ ਤਰ੍ਹਾਂ ਨਵਾਂਸ਼ਹਿਰ ਵਿਚ ਇੱਕ ਥਾਂ ਤੋਂ ਪੱਥਰਾਂ ਦੀ ਕੰਧ ਵਹਿਣ ਲੱਗ ਪਈ ਹੈ, ਜਿਸ ਨੂੰ ਰੋਕਣ ਲਈ ਕੰਮ ਚੱਲ ਰਿਹਾ ਹੈ। ਰੋਪੜ ਦੇ ਪਿੰਡ ਦਾਊਦਪੁਰ ਕੋਲ ਪਾੜ ਪੈਣ ਦਾ ਖ਼ਤਰਾ ਬਣ ਗਿਆ ਹੈ, ਜਿਸ ਕਾਰਨ ਫ਼ੌਜ ਸੱਦਣੀ ਪਈ ਹੈ।

ਪੰਜਾਬ ਸਰਕਾਰ ਲਈ ਹੁਣ ਘੱਗਰ ਤੇ ਸਤਲੁਜ ਪ੍ਰੀਖਿਆ ਵਾਂਗ ਹਨ। ਇਸੇ ਤਰ੍ਹਾਂ ਮੁੜ ਬਾਰਸ਼ ਪੈਣ ਕਾਰਨ ਰਾਵੀ ਦਰਿਆ ਦਾ ਪਾਣੀ ਵੀ ਮੁੜ ਡਰਾਉਣ ਲੱਗ ਪਿਆ ਹੈ। ਇਹ ਫ਼ਿਕਰ ਵਾਲੀ ਗੱਲ ਹੈ ਕਿ ਰਾਵੀ ਦਰਿਆ ਦੇ ਕਈ ਬੰਨ੍ਹ ਪਾਣੀ 'ਚ ਰੁੜ੍ਹ ਗਏ ਹਨ ਅਤੇ ਇਸ ਵੇਲੇ ਪੌਣੇ ਦੋ ਲੱਖ ਕਿਊਸਕ ਪਾਣੀ ਰਾਵੀ ਵਿਚ ਵਹਿ ਰਿਹਾ ਹੈ। ਅਜਨਾਲਾ ਨੇੜਲੇ ਸੱਕੀ ਨਾਲੇ ਦਾ ਪਾਣੀ ਹੁਣ ਅੱਗੇ ਨਿਕਲਣ ਕਰਕੇ ਇਲਾਕੇ 'ਚ ਪਾਣੀ ਦਾ ਫਲੋਅ ਘਟਿਆ ਹੈ। ਹੜ੍ਹਾਂ ਦੀ ਕਰੋਪੀ ਦਾ ਸਭ ਤੋਂ ਵੱਧ ਸਾਹਮਣਾ ਪਠਾਨਕੋਟ, ਡੇਰਾ ਬਾਬਾ ਨਾਨਕ ਅਤੇ ਅਜਨਾਲਾ ਨੂੰ ਕਰਨਾ ਪਿਆ ਹੈ। ਫ਼ਾਜ਼ਿਲਕਾ ਦੇ ਦਰਜਨ ਪਿੰਡ ਸਤਲੁਜ ਦਰਿਆ ਤੇ ਪਿੰਡ ਕਾਵਾਂਵਾਲੀ ਕੋਲ ਪੁਲ ਓਵਰਫਲੋਅ ਹੋ ਗਿਆ ਹੈ, ਜਿਸ ਨਾਲ ਦਰਜਨਾਂ ਪਿੰਡਾਂ ਦਾ ਸੰਪਰਕ ਪੰਜ-ਛੇ ਦਿਨਾਂ ਤੋਂ ਕੱਟਿਆ ਹੋਇਆ ਹੈ। ਰਣਜੀਤ ਸਾਗਰ ਡੈਮ 'ਚੋਂ ਵੀ ਪਾਣੀ ਸੰਜਮ ਨਾਲ ਹੀ 42,089 ਕਿਊਸਕ ਛੱਡਿਆ ਜਾ ਰਿਹਾ ਹੈ। ਬੀ.ਬੀ.ਐੱਮ.ਬੀ. ਨਵੇਂ ਹਾਲਾਤ 'ਚ ਮੁੜ ਮੀਟਿੰਗ ਬੁਲਾ ਸਕਦਾ ਹੈ। ਸਮੁੱਚੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਿਆਸੀ ਧਿਰਾਂ ਤੋਂ ਇਲਾਵਾ ਆਮ ਲੋਕਾਂ ਅਤੇ ਸਮਾਜ ਸੇਵੀਆਂ ਵੱਲੋਂ ਰਾਹਤ ਕਾਰਜ ਕੀਤੇ ਜਾ ਰਹੇ ਹਨ। ਫ਼ੌਜ, ਐੱਨ.ਡੀ.ਆਰ.ਐੱਫ. ਅਤੇ ਪੁਲਿਸ ਦੀਆਂ ਟੀਮਾਂ ਵੀ ਰਾਹਤ ਕੰਮਾਂ 'ਚ ਜੁੱਟੀਆਂ ਹੋਈਆਂ ਹਨ।









## ਪੰਜਾਬ ਸਰਕਾਰ ਨੇ ਸੂਬੇ ਨੂੰ ਆਫਤ ਪ੍ਰਭਾਵਿਤ ਐਲਾਨਿਆ

ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਦੇ ਨਾਲ ਨਾਲ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਵੀ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਰਕੇ ਸਮੁੱਚਾ ਪੰਜਾਬ ਹੜ੍ਹਾਂ ਦੀ ਲਪੇਟ ਵਿਚ ਆ ਚੁੱਕਾ ਹੈ। ਪੰਜਾਬ ਦੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਅਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਅਜਿਹੇ ਹਾਲਾਤ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਪੂਰੇ ਸੂਬੇ ਨੂੰ ਆਫਤ ਪ੍ਰਭਾਵੀ ਸੂਬਾ ਐਲਾਨ ਦਿੱਤਾ ਹੈ। ਇਸ ਦੇ ਨਾਲ ਹੀ ਰਾਹਤ ਕਾਰਜ ਹੋਰ ਤੇਜ਼ ਕਰ ਦਿੱਤੇ ਹਨ। ਪੰਜਾਬ ਵਿਚ ਪਿਛਲੇ ਤਿੰਨ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਰਕੇ ਸੂਬੇ ਦੇ ਦਰਜਨਾਂ ਸ਼ਹਿਰ ਜਲਥਲ ਹੋਏ ਪਏ ਹਨ। ਇਸ ਦੇ ਨਾਲ ਹੀ ਹਿਮਾਚਲ ਦੀਆਂ ਪਹਾੜੀਆਂ ਵਿਚੋਂ ਆ ਰਹੇ ਪਾਣੀ ਕਰਕੇ ਰਾਵੀ ਅਤੇ ਬਿਆਸ ਤੋਂ ਬਾਅਦ ਸਤਲੁਜ ਦਰਿਆ ਵਿਚ ਵੀ ਪਾਣੀ ਦਾ ਪੱਧਰ ਵਧਣਾ ਸ਼ੁਰੂ ਹੋ ਗਿਆ ਹੈ। ਦੂਜੇ ਪਾਸੇ ਘੱਗਰ ਨਦੀ ਵਿਚ ਵੀ ਪਾਣੀ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ। ਸਤਲੁਜ ਅਤੇ ਘੱਗਰ ਨਦੀ ਵਿਚ ਪਾਣੀ ਵਧਣ ਕਰਕੇ ਮਾਲਵਾ ਖਿੱਤੇ ਦੇ ਲੋਕਾਂ ਦੇ ਮਨਾਂ ਵਿਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਲੋਕ ਵਾਰੋ-ਵਾਰੀ ਸਤਲੁਜ ਤੇ ਘੱਗਰ ਦਰਿਆ ਦੇ ਕੰਢੇ ਜਾ ਜਾ ਕੇ ਪਾਣੀ ਦੇ ਪੱਧਰ 'ਤੇ ਨਜ਼ਰ ਮਾਰ ਰਹੇ ਹਨ, ਉਥੇ ਹੀ ਸਥਾਨਕ ਪ੍ਰਸ਼ਾਸਨ ਵੱਲੋਂ ਵੀ 24 ਘੰਟੇ ਪਾਣੀ ਦੇ ਪੱਧਰ 'ਤੇ ਨਜ਼ਰ ਰੱਖੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਪੰਜਾਬ ਦੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਹੇਠ ਹਨ। ਇਸ ਦੌਰਾਨ 4 ਲੱਖ ਏਕੜ ਦੇ ਕਰੀਬ ਫਸਲ ਪ੍ਰਭਾਵਿਤ ਹੋ ਚੁੱਕੀ ਅਤੇ ਸਾਢੇ ਤਿੰਨ ਲੱਖ ਤੋਂ ਵੱਧ ਲੋਕ ਅਸਰਅੰਦਾਜ਼ ਹੋ ਚੁੱਕੇ ਹਨ। ਇਸ ਦੇ ਨਾਲ ਹੀ ਹੜ੍ਹਾਂ ਕਰਕੇ 30 ਲੋਕਾਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ। ਹਾਲਾਂਕਿ ਸੂਬਾ ਸਰਕਾਰ ਵੱਲੋਂ 20 ਹਜ਼ਾਰ ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਮੌਜੂਦਾ ਸਮੇਂ 174 ਰਾਹਤ ਕੈਂਪ ਚਲਾਏ ਜਾ ਰਹੇ ਹਨ।





## ਪੰਜਾਬ 'ਚ ਕਿਸਾਨਾਂ ਨੂੰ 3000 ਕਰੋੜ ਦਾ ਨੁਕਸਾਨ

ਪੰਜਾਬ 'ਚ ਹੜ੍ਹਾਂ ਦੀ ਮਾਰ ਨੇ ਸਭ ਤੋਂ ਵੱਡਾ ਝਟਕਾ ਕਿਸਾਨੀ ਨੂੰ ਦਿੱਤਾ ਹੈ, ਜਿਨ੍ਹਾਂ ਦੀ ਹੁਣ ਤੱਕ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਦੀ ਫ਼ਸਲ ਨੁਕਸਾਨੀ ਜਾ ਚੁੱਕੀ ਹੈ। ਗੈਰ-ਸਰਕਾਰੀ ਤੌਰ 'ਤੇ ਦੇਖੀਏ, ਤਾਂ ਇਹ ਵਿੱਤੀ ਸੱਟ ਹੋਰ ਵੀ ਕਿਤੇ ਵੱਡੀ ਹੈ। ਪੰਜਾਬ ਸਰਕਾਰ ਵੱਲੋਂ ਫ਼ਸਲੀ ਨੁਕਸਾਨ ਦਾ ਮੁੱਢਲਾ ਜਾਇਜ਼ਾ ਲਿਆ ਗਿਆ ਹੈ, ਜਿਸ ਮੁਤਾਬਕ ਹੁਣ ਤੱਕ ਹੜ੍ਹਾਂ ਨਾਲ 4.33 ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ। ਸਿਰਫ਼ ਚਾਰ ਜ਼ਿਲ੍ਹੇ ਮਾਲੇਰਕੋਟਲਾ, ਫ਼ਰੀਦਕੋਟ, ਨਵਾਂਸ਼ਹਿਰ ਅਤੇ ਫ਼ਤਿਹਗੜ੍ਹ ਸਾਹਿਬ 'ਚ ਹਾਲੇ ਤੱਕ ਫ਼ਸਲੀ ਨੁਕਸਾਨ ਸਾਹਮਣੇ ਨਹੀਂ ਆਇਆ ਹੈ। ਵੇਰਵਿਆਂ ਅਨੁਸਾਰ ਹੜ੍ਹਾਂ ਕਾਰਨ ਸਭ ਤੋਂ ਵੱਧ ਜ਼ਿਲ੍ਹਾ ਗੁਰਦਾਸਪੁਰ 'ਚ ਇੱਕ ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ ਹੈ। ਜ਼ਿਲ੍ਹਾ ਅੰਮ੍ਰਿਤਸਰ 'ਚ 70,537 ਏਕੜ, ਜ਼ਿਲ੍ਹਾ ਮਾਨਸਾ 'ਚ 55,707 ਏਕੜ ਅਤੇ ਜ਼ਿਲ੍ਹਾ ਫ਼ਾਜ਼ਿਲਕਾ 'ਚ 41,548 ਏਕੜ ਫ਼ਸਲ ਨੁਕਸਾਨੀ ਗਈ ਹੈ। ਕਿਸਾਨਾਂ ਮੁਤਾਬਕ ਪ੍ਰਭਾਵਿਤ ਰਕਬਾ ਕਿਤੇ ਜ਼ਿਆਦਾ ਹੈ। ਮੁੱਢਲੇ ਜਾਇਜ਼ੇ ਅਨੁਸਾਰ ਹੜ੍ਹਾਂ ਤੇ ਮੀਂਹ ਕਾਰਨ ਸਭ ਤੋਂ ਵੱਧ ਝੋਨੇ ਦੀ 3.31 ਲੱਖ ਏਕੜ ਫ਼ਸਲ ਦਾ ਨੁਕਸਾਨ ਹੋ ਚੁੱਕਿਆ ਹੈ। ਪਹਿਲੀ ਅਕਤੂਬਰ ਤੋਂ ਝੋਨੇ ਦੀ ਫ਼ਸਲ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ ਅਤੇ ਇਸ ਵੇਲੇ ਝੋਨੇ ਦੀ ਫ਼ਸਲ ਜੋਬਨ 'ਤੇ ਸੀ। ਇਸੇ ਤਰ੍ਹਾਂ 21,545 ਏਕੜ ਗੰਨੇ ਦੀ ਫ਼ਸਲ ਮਾਰ ਹੇਠ ਆਈ ਹੈ, ਜਦੋਂ ਕਿ 49,496 ਏਕੜ ਨਰਮੇ ਦੀ ਫ਼ਸਲ ਪ੍ਰਭਾਵਿਤ ਹੋਈ ਹੈ। ਨਰਮਾ ਪੱਟੀ ਲਈ ਇਹ ਬਾਰਸ਼ ਘਾਤਕ ਸਾਬਤ ਹੋਈ ਹੈ। ਮੱਕੀ ਦੀ 11,417 ਏਕੜ ਫ਼ਸਲ ਮਾਰ ਹੇਠ ਆਈ ਹੈ। ਬਾਕੀ ਫ਼ਸਲਾਂ ਹੇਠਲਾ 19,101 ਏਕੜ ਰਕਬਾ ਵੀ ਲਪੇਟ ਵਿਚ ਆਇਆ ਹੈ। ਪੰਜਾਬ ਸਰਕਾਰ ਨੇ ਫ਼ਸਲਾਂ ਦੇ ਸਰਕਾਰੀ ਭਾਅ ਦੇ ਹਿਸਾਬ ਨਾਲ ਨੁਕਸਾਨੇ ਗਏ ਰਕਬੇ ਦਾ ਹਿਸਾਬ-ਕਿਤਾਬ ਲਗਾਇਆ ਹੈ, ਜੋ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਬਣਿਆ ਹੈ। ਸਰਹੱਦੀ ਜ਼ਿਲ੍ਹਿਆਂ ਦੇ ਖੇਤਾਂ 'ਚ ਕਾਫ਼ੀ ਰੇਤ ਵੀ ਇਕੱਠੀ ਹੋ ਗਈ ਹੈ, ਜਿੱਥੇ ਹੁਣ ਦੁਬਾਰਾ ਫ਼ਸਲ ਦੀ ਬਿਜਾਂਦ ਕਰਨੀ ਔਖੀ ਹੋ ਸਕਦੀ ਹੈ। ਨਿਯਮਾਂ ਅਨੁਸਾਰ ਕਿਸਾਨਾਂ ਨੂੰ ਸੌ ਫ਼ੀਸਦੀ ਫ਼ਸਲੀ ਖ਼ਰਾਬਾ ਹੋਣ ਦੀ ਸੂਰਤ ਵਿਚ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਮਿਲਣਾ ਹੈ। ਕਿਸਾਨ ਆਗੂ ਮੰਗ ਕਰ ਰਹੇ ਹਨ ਕਿ ਅਸਲ ਨੁਕਸਾਨ ਦੇ ਲਿਹਾਜ਼ ਨਾਲ ਹੀ ਮੁਆਵਜ਼ਾ ਦਿੱਤਾ ਜਾਵੇ। ਪ੍ਰਾਪਤ ਵੇਰਵਿਆਂ ਅਨੁਸਾਰ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਹੁਣ ਤੱਕ 365 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਅੰਮ੍ਰਿਤਸਰ ਜ਼ਿਲ੍ਹੇ 'ਚ 57 ਹਜ਼ਾਰ ਪਸ਼ੂ ਪ੍ਰਭਾਵਿਤ ਹੋਏ ਹਨ। ਗੁਰਦਾਸਪੁਰ ਜ਼ਿਲ੍ਹੇ 'ਚ 17,900 ਮੁਰਗੀਆਂ ਅਤੇ ਹੋਰਾਂ ਦੀ ਮੌਤ ਦਾ ਸਮਾਚਾਰ ਹੈ। ਜ਼ਿਲ੍ਹੇ 'ਚ 254 ਪਸ਼ੂਆਂ ਦੀ ਮੌਤ ਹੋਈ ਹੈ, ਜਦੋਂ ਕਿ ਪਠਾਨਕੋਟ ਜ਼ਿਲ੍ਹੇ 'ਚ 89 ਪਸ਼ੂ ਮਾਰੇ ਗਏ ਹਨ।





# ਸਮੁੱਚਾ ਪੰਜਾਬ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ
















# ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਹੁੰਚ ਕੇ ਪੀੜਤਾਂ ਦਾ ਦੁੱਖ ਜਾਣਿਆ

**■ ਪ੍ਰਭਾਵਿਤ ਪਿੰਡਾਂ 'ਚ ਪਹੁੰਚ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ**





ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਗਏ, ਜਿਥੇ ਉਨ੍ਹਾਂ ਨੇ ਪੀੜਤ ਲੋਕਾਂ ਦਾ ਦੁੱਖ ਜਾਣਿਆ ਅਤੇ ਪਿੰਡਾਂ ਵਿਚ ਪਹੁੰਚ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ। ਉਹ ਖੁਦ ਕਿਸ਼ਤੀ ਰਾਹੀਂ ਹੜ੍ਹ ਦੇ ਪਾਣੀ ਵਿਚ ਡੁੱਬੇ ਘਰਾਂ ਵਿਚ ਗਏ ਅਤੇ ਲੋਕਾਂ ਦੀ ਪੀੜਾਂ ਦਾ ਅਹਿਸਾਸ ਕੀਤਾ। ਇਸ ਮੌਕੇ ਚੁਫੇਰਿਓਂ ਕਈ-ਕਈ ਫੁੱਟ ਪਾਣੀ ਵਿਚ ਘਿਰੇ ਪਰ ਬੁਲੰਦ ਹੌਂਸਲਾ ਰੱਖੀ ਬੈਠੇ ਲੋਕਾਂ ਨੇ ਸਰਕਾਰਾਂ ਦੀਆਂ ਨੀਤੀਆਂ 'ਤੇ ਸਵਾਲ ਚੁੱਕਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦੱਸਿਆ ਕਿ ਅਸੀਂ ਤਾਂ ਸਾਲਾਂ ਤੋਂ ਇਨ੍ਹਾਂ ਮੁਸੀਬਤਾਂ ਵਿਚੋਂ ਲੰਘ ਰਹੇ ਹਾਂ, ਪਰ ਕੋਈ ਹੱਲ ਨਹੀਂ ਨਿਕਲਿਆ। ਪੀੜਤ ਲੋਕਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਸਮੇਂ ਸਿਰ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਨਹੀਂ ਕੀਤੇ ਅਤੇ ਦਰਿਆਵਾਂ ਵਿਚ ਇਕਦਮ ਡੈਮਾਂ ਦਾ ਪਾਣੀ ਛੱਡ ਕੇ ਵੱਡੀ ਮੁਸੀਬਤ ਖੜ੍ਹੀ ਕੀਤੀ ਹੈ। ਪੀੜਤਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਸਾਰ ਲੈਣ ਪੁੱਜਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਵੱਡਾ ਧਰਵਾਸ ਮਿਲਿਆ ਹੈ।

ਹੜ੍ਹਾਂ ਵਿਚ ਘਿਰੇ ਪੀੜਤ ਲੋਕਾਂ ਨੂੰ ਮਿਲ ਕੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦਾ ਦੁੱਖ ਵੱਡਾ ਹੈ, ਪਰ ਇਹ ਹਿੰਮਤੀ ਲੋਕ ਹਨ, ਜੋ ਸੰਕਟ ਸਮੇਂ ਵੀ ਚੜ੍ਹਦੀ ਕਲਾ ਵਿਚ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੀੜਤਾਂ ਦੀ ਮਦਦ ਲਈ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ ਅਤੇ ਹਾਲਾਤ ਠੀਕ ਹੋਣ ਤੱਕ ਰਾਹਤ ਕਾਰਜ਼ ਜਾਰੀ ਰਹਿਣਗੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹੜ੍ਹਾਂ ਤੋਂ ਬਾਅਦ ਪਾਣੀ ਉਤਰਨ 'ਤੇ ਵੀ ਇਨ੍ਹਾਂ ਲੋਕਾਂ ਅੱਗੇ ਵੱਡੀਆਂ ਮੁਸ਼ਕਲਾਂ ਹਨ। ਇਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਇਕ ਕਮੇਟੀ ਬਣਾਈ ਜਾਵੇਗੀ, ਜੋ ਸਾਰੇ ਪੱਖਾਂ ਨੂੰ ਵਿਚਾਰ ਕੇ ਆਪਣੀ ਰਿਪੋਰਟ ਦੇਵੇਗੀ, ਜਿਸ ਅਨੁਸਾਰ ਸ਼੍ਰੋਮਣੀ ਕਮੇਟੀ ਆਪਣੇ ਸੀਮਤ ਸਾਧਨਾਂ ਨਾਲ ਲੋੜ ਅਨੁਸਾਰ ਪੀੜਤਾਂ ਦੀ ਮਦਦ ਕਰੇਗੀ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਵਿਚ ਸਹਿਯੋਗ ਕਰਨਾ ਚਾਹੁੰਦੇ ਹਨ, ਜਿਸ ਲਈ ਇਕ ਅਕਾਊਂਟ ਨੰਬਰ ਜਾਰੀ ਕੀਤਾ ਗਿਆ ਹੈ, ਜਿਸ ਵਿਚ ਲੋਕ ਇਨ੍ਹਾਂ ਪੀੜਤਾਂ ਲਈ ਸਹਿਯੋਗ ਕਰ ਸਕਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਨ੍ਹਾਂ ਇਲਾਕਿਆਂ 'ਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਪਹਿਲਾਂ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਵੀ ਲਿਆ ਅਤੇ ਅੱਗੋਂ ਸੇਵਾਵਾਂ ਨਿਰੰਤਰ ਜਾਰੀ ਰੱਖਣ ਲਈ ਹਦਾਇਤਾਂ ਕੀਤੀਆਂ।

ਇਸ ਮੌਕੇ ਐਡਵੋਕੇਟ ਧਾਮੀ ਨੇ ਸਰਕਾਰ ਦੀ ਕਾਰਜਸ਼ੈਲੀ ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਨੇ ਆਪ ਤਾਂ ਲੋਕਾਂ ਦੀ ਸਹਾਇਤਾ ਕੀ ਕਰਨੀ ਸੀ, ਸਗੋਂ ਇਹ ਰਾਹਤ ਕਾਰਜ ਕਰ ਰਹੇ ਲੋਕਾਂ ਨੂੰ ਵੀ ਰੋਕ ਰਹੇ ਹਨ।

# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ

**■ ਪਿੰਡਾਂ ਵਿਚ ਪਹੁੰਚ ਕੇ ਪੀੜਤਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਰਾਹਤ ਸਮੱਗਰੀ ਵੰਡੀ**





ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਵੀ ਦਰਿਆ ਨਾਲ ਲੱਗਦੇ ਹਲਕਾ ਰਮਦਾਸ ਤੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੁੱਢਲੀਆਂ ਲੋੜਾਂ ਲਈ ਆਪ ਪਿੰਡਾਂ ਵਿਚ ਜਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ। ਇਨ੍ਹਾਂ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬਾਨ ਵੱਲੋਂ ਲੰਗਰ ਅਤੇ ਜ਼ਰੂਰੀ ਵਸਤਾਂ ਦੀਆਂ ਸੇਵਾਵਾਂ ਜਿਥੇ ਪਹਿਲਾਂ ਹੀ ਲਗਾਤਾਰ ਜਾਰੀ ਹਨ, ਉਥੇ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਵਿਸ਼ੇਸ਼ ਤੌਰ 'ਤੇ ਹੜ੍ਹ ਪੀੜਤਾਂ ਦਾ ਦੁੱਖ ਵੰਡਾਉਣ ਲਈ ਆਏ ਸਨ ਅਤੇ ਉਨ੍ਹਾਂ ਨੇ ਚੱਲ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ। ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਡੇਰਾ ਬਾਬਾ ਨਾਨਕ ਹਲਕੇ ਲਈ ਭੇਜੀ ਰਾਹਤ ਸਮੱਗਰੀ ਵਿਚ 150 ਕੁਇੰਟਲ ਆਟਾ, 30 ਕੁਇੰਟਲ ਦਾਲਾਂ, 5000 ਪੇਟੀ ਪਾਣੀ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ। ਇਸੇ ਤਰ੍ਹਾਂ ਰਮਦਾਸ ਏਰੀਏ ਵਿਚ ਵੀ ਦੋ ਟਰੱਕ ਰਾਹਤ ਸਮੱਗਰੀ ਲੋਕਾਂ ਤੱਕ ਪਹੁੰਚਾਈ ਗਈ। ਇਸ ਮੌਕੇ ਮੀਡੀਏ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਲੋਕਾਂ ਦਾ ਜਿਥੇ ਵੱਡਾ ਮਾਲੀ ਨੁਕਸਾਨ ਹੋਇਆ ਹੈ, ਉਥੇ ਹੀ ਰੋਜ਼ਮਰਾ ਦਾ ਜੀਵਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਮੁਸੀਬਤ ਸਮੇਂ ਲੋਕਾਂ ਦੇ ਨਾਲ ਖੜ੍ਹਨਾਂ ਆਪਣਾ ਫਰਜ਼ ਸਮਝਦੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭਾਵੇਂ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਪਹਿਲਾਂ ਹੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ ਅਤੇ ਹੁਣ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਸੇਵਾਵਾਂ ਨਿਭਾ ਰਹੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮੌਜੂਦਾ ਸਮੇਂ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕਾਂ ਲਈ ਆਪ ਰਾਹਤ ਤਾਂ ਕੀ ਪਹੁੰਚਾਉਣੀ ਸੀ, ਸਗੋਂ ਰਾਹਤ ਕਾਰਜਾਂ ਵਿਚ ਲੱਗੇ ਲੋਕਾਂ ਨੂੰ ਵੀ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ ਸਰਕਾਰ ਪਾਸੋਂ ਪੀੜਤਾਂ ਤੱਕ ਰਾਹਤ ਸਮੱਗਰੀ ਲੇਜਾਣ ਲਈ ਕਿਸ਼ਤੀਆਂ ਦੀ ਮੰਗ ਕੀਤੀ ਸੀ, ਪ੍ਰੰਤੂ ਸਰਕਾਰ ਵੱਲੋਂ ਕਿਸੇ ਤਰ੍ਹਾਂ ਵੀ ਸਹਿਯੋਗ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵਚਨਬੱਧਤਾ ਪ੍ਰਗਟਾਈ ਕਿ ਇਸ ਆਫ਼ਤ ਦੇ ਖ਼ਤਮ ਹੋਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਲੋੜੀਂਦੀਆਂ ਸੇਵਾਵਾਂ ਨਿਰੰਤਰ ਜਾਰੀ ਰਹਿਣਗੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਕ ਕਮੇਟੀ ਗਠਿਤ ਕੀਤੀ ਜਾਵੇਗੀ, ਜੋ ਪ੍ਰਭਾਵਿਤ ਇਲਾਕਿਆਂ ਦੀ ਨਜ਼ਰਸਾਨੀ ਕਰਕੇ ਰਿਪੋਰਟ ਕਰੇਗੀ, ਤਾਂ ਜੋ ਪੀੜਤਾਂ ਦੀ ਸੰਭਵ ਸਹਾਇਤਾ ਹੋ ਸਕੇ।

**ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਗੁਰਦੁਆਰਾ ਸਾਹਿਬ 'ਚ ਰਹਿ ਰਹੇ ਬੀ.ਐੱਸ.ਐੱਫ. ਦੇ ਜਵਾਨਾਂ ਨਾਲ ਵੀ ਮੁਲਾਕਾਤ**

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਰਡਰ 'ਤੇ ਡਿਊਟੀ ਨਿਭਾਅ ਰਹੇ ਬੀ.ਐੱਸ.ਐੱਫ. ਦੇ ਜਵਾਨਾਂ ਜੋ ਹੜ੍ਹਾਂ ਕਾਰਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਰਹਿ ਰਹੇ ਹਨ, ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਜਵਾਨ ਦੇਸ਼ ਦੀ ਰਖਵਾਲੀ ਲਈ ਬਾਰਡਰ 'ਤੇ ਡਿਊਟੀ ਨਿਭਾਅ ਰਹੇ ਹਨ, ਜਿਨ੍ਹਾਂ ਦੇ ਰਿਹਾਇਸ਼ੀ ਟਕਾਣੇ ਵੀ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਫ਼ਰਜ਼ ਤਾਂ ਹਰ ਆਮ ਨਾਗਰਿਕ ਦੀ ਸਹਾਇਤਾ ਅਤੇ ਲੋੜ ਅਨੁਸਾਰ ਪ੍ਰਬੰਧ ਕਰਨ ਦਾ ਹੁੰਦਾ ਹੈ, ਪ੍ਰੰਤੂ ਇਥੇ ਤਾਂ ਸਰਕਾਰਾਂ ਆਪਣੇ ਜਵਾਨਾਂ ਦੀ ਵੀ ਸਾਰ ਲੈਣੀ ਉਚਿਤ ਨਹੀਂ ਸਮਝ ਰਹੀਆਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਨ੍ਹਾਂ ਜਵਾਨਾਂ ਲਈ ਵੀ ਲੋੜ ਅਨੁਸਾਰ ਪ੍ਰਬੰਧ ਯਕੀਨੀ ਬਣਾਏਗੀ। ਐਡਵੋਕੇਟ ਧਾਮੀ ਨੇ ਕਿਹਾ ਕਿ ਬਹੁਤ ਸਾਰੇ ਅਜਿਹੇ ਇਲਾਕੇ ਹਨ, ਜਿਥੇ ਜ਼ਿਆਦਾ ਹੋਣ ਕਰਕੇ ਲੋਕਾਂ ਤੱਕ ਪਹੁੰਚ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਕਿਸ਼ਤੀਆਂ ਦਾ ਪ੍ਰਬੰਧ ਕਰੇ, ਤਾਂ ਸ਼੍ਰੋਮਣੀ ਕਮੇਟੀ ਇਨ੍ਹਾਂ ਇਲਾਕਿਆਂ ਤੱਕ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਏਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਆਉਣ ਵਾਲੇ ਸਮੇਂ ਵਿਚ ਆਪ ਵੀ ਕਿਸ਼ਤੀਆਂ ਦਾ ਪ੍ਰਬੰਧ ਕਰੇਗੀ, ਤਾਂ ਜੋ ਮੁਸੀਬਤ ਸਮੇਂ ਲੋੜਵੰਦਾਂ ਤੱਕ ਜਲਦ ਪਹੁੰਚਿਆ ਜਾ ਸਕੇ।

# ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਹਰ ਸੰਭਵ ਮਦਦ ਦੇਣ ਲਈ ਕਾਰਜਸ਼ੀਲ

**■ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਕਰ ਰਹੇ ਹਨ ਸੇਵਾ**



ਹੜ੍ਹ ਪ੍ਰਭਾਵਿਤ ਵੱਖ-ਵੱਖ ਇਲਾਕਿਆਂ ਵਿਚ ਸੇਵਾਵਾਂ ਨਿਭਾ ਰਹੇ ਸ਼੍ਰੋਮਣੀ ਕਮੇਟੀ ਮੁਲਾਜ਼ਮ।



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸੇਵਾਵਾਂ ਨਿਰੰਤਰ ਜਾਰੀ ਹਨ। ਪ੍ਰਭਾਵਿਤ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਹਰ ਸੰਭਵ ਮਦਦ ਦੇਣ ਲਈ ਕਾਰਜਸ਼ੀਲ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤਹਿਤ ਹੜ੍ਹ ਪ੍ਰਭਾਵਿਤ ਇਲਾਕਿਆਂ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਡੇਰਾ ਬਾਬਾ ਨਾਨਕ, ਰਮਦਾਸ, ਅਜਨਾਲਾ ਆਦਿ ਵਿਚ ਨੇੜਲੇ ਗੁਰਦੁਆਰਾ ਸਾਹਿਬਾਨ ਤੋਂ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਦੌਰਾਨ ਪਾਣੀ ਦਾ ਪੱਧਰ ਵਧਣ ਅਤੇ ਕਈ ਥਾਵਾਂ ਤੋਂ ਦਰਿਆ ਦੇ ਬੰਨ੍ਹ ਟੁੱਟਣ ਕਰਕੇ ਹਾਲਾਤ ਹੋਰ ਵੀ ਖ਼ਰਾਬ ਹੋ ਰਹੇ ਹਨ। ਸ਼੍ਰੋਮਣੀ ਕਮੇਟੀ ਨੇ ਇਸ ਔਖੇ ਸਮੇਂ ਆਪਣੇ ਪ੍ਰਬੰਧ ਵਾਲੇ ਸਾਰੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਲੋਕਾਂ ਦੇ ਸਹਿਯੋਗ ਲਈ ਨਿਰਦੇਸ਼ ਦਿੱਤੇ ਹਨ। ਜਿਥੇ ਸੰਗਤ ਦੀ ਰਹਾਇਸ਼ ਲਈ ਸਰਾਵਾਂ ਤੇ ਲੰਗਰ ਦੇ ਪ੍ਰਬੰਧ ਨਿਰੰਤਰ ਜਾਰੀ ਹਨ, ਉਥੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਮਦਦ ਪਹੁੰਚਾਉਣ ਲਈ ਵੀ ਹਰ ਸੰਭਵ ਯਤਨ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਵੀ ਲੋਕਾਂ ਤੱਕ ਪੁੱਜ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਸ. ਪ੍ਰਤਾਪ ਸਿੰਘ ਨੇ ਪ੍ਰਭਾਵਿਤ ਲੋਕਾਂ ਨੂੰ ਅਪੀਲ ਕੀਤੀ ਕਿ ਲੋੜੀਂਦੀਆਂ ਸੇਵਾਵਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਨੇੜਲੇ ਗੁਰਦੁਆਰਾ ਸਾਹਿਬਾਨ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਰਾਹਤ ਸੇਵਾਵਾਂ ਨਿਰੰਤਰ ਜਾਰੀ

**■ ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਸਹੂਲਤਾਂ ਲਈ ਡਾਕਟਰੀ ਟੀਮਾਂ ਕੀਤੀਆਂ ਤਾਇਨਾਤ**





ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਅੰਦਰ ਰਾਹਤ ਸੇਵਾਵਾਂ ਲਗਾਤਾਰ ਜਾਰੀ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਜਿਥੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਲਈ ਜ਼ਰੂਰੀ ਵਸਤੂਆਂ ਪਹੁੰਚਾ ਰਹੇ ਹਨ, ਉਥੇ ਹੀ ਮੈਡੀਕਲ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਡਾਕਟਰੀ ਟੀਮਾਂ ਵੀ ਇਨ੍ਹਾਂ ਇਲਾਕਿਆਂ ਵਿਚ ਸੇਵਾਵਾਂ ਨਿਭਾਅ ਰਹੀਆਂ ਹਨ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਰਾਵੀ ਦਰਿਆ ਨਾਲ ਲੱਗਦਾ ਹਲਕਾ ਡੇਰਾ ਬਾਬਾ ਨਾਨਕ, ਰਮਦਾਸ ਤੇ ਅਜਨਾਲਾ ਜਿਥੇ ਹੜ੍ਹਾਂ ਦੀ ਵੱਡੀ ਮਾਰ ਝੱਲ ਰਿਹਾ ਹੈ, ਉਥੇ ਹੀ ਬਿਆਸ ਦਰਿਆ ਨਾਲ ਪੈਂਦੇ ਸੁਲਤਾਨਪੁਰ ਲੋਧੀ ਵਿਚ ਵੀ ਬਹੁਤ ਸਾਰੇ ਪਿੰਡ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਦੀਆਂ ਹਦਾਇਤਾਂ 'ਤੇ ਪਹਿਲੇ ਦਿਨ ਤੋਂ ਹੀ ਰਾਹਤ ਸੇਵਾਵਾਂ ਨਿਰੰਤਰ ਚੱਲ ਰਹੀਆਂ ਹਨ ਅਤੇ ਲੋਕਾਂ ਦੀ ਮੰਗ ਤੇ ਲੋੜਾਂ ਅਨੁਸਾਰ ਜ਼ਰੂਰੀ ਵਸਤੂਆਂ ਭੇਜੀਆਂ ਜਾ ਰਹੀਆਂ ਹਨ।

ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੇ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਅੰਦਰ ਰਹਿੰਦੇ ਲੋਕਾਂ ਨੂੰ ਵੱਡੀਆਂ ਸਿਹਤ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਆਪਣੀਆਂ ਹੋਰ ਰਾਹਤ ਸੇਵਾਵਾਂ ਦੇ ਨਾਲ-ਨਾਲ ਮੈਡੀਕਲ ਟੀਮਾਂ ਵੀ ਸਬੰਧਤ ਇਲਾਕਿਆਂ ਵਿਚ ਭੇਜੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੇ ਹਸਪਤਾਲ ਵੱਲ੍ਹਾ ਦੇ ਸਹਿਯੋਗ ਨਾਲ 4 ਐਬੂਲੈਂਸਾਂ ਅਤੇ ਡਾਕਟਰੀ ਟੀਮਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਨਿਰੰਤਰ ਕਾਰਜਸ਼ੀਲ ਹਨ। ਲੋੜਵੰਦਾਂ ਦੀ ਮੈਡੀਕਲ ਜਾਂਚ ਦੇ ਨਾਲ-ਨਾਲ ਮੁਫ਼ਤ ਦਵਾਈਆਂ ਦਾ ਖ਼ਾਸ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲ੍ਹਾ ਵਿਖੇ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਆਉਣ ਵਾਲੇ ਮਰੀਜ਼ਾਂ ਦੇ ਮੁਫ਼ਤ ਇਲਾਜ਼ ਦਾ ਪ੍ਰਬੰਧ ਕੀਤਾ ਗਿਆ ਹੈ।

# ਯੂਨਾਈਟਿਡ ਸਿੱਖ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਵਿਚ ਰਾਹਤ ਕਾਰਜ ਜ਼ੋਰਾਂ 'ਤੇ





**ਚੰਡੀਗੜ੍ਹ, (ਪੰਜਾਬ ਮੇਲ)-** ਯੂਨਾਈਟਿਡ ਸਿੱਖ, ਜੋ ਕਿ ਸੰਯੁਕਤ ਰਾਸ਼ਟਰ (ਯੂ.ਐੱਨ.) ਨਾਲ ਸੰਬੰਧਤ ਅਮਰੀਕਾ ਅਧਾਰਿਤ ਐਡਵੋਕੇਸੀ ਗਰੁੱਪ ਹੈ, 13 ਅਗਸਤ ਤੋਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਹੜ੍ਹ ਰਾਹਤ ਕਾਰਜ ਚਲਾ ਰਿਹਾ ਹੈ, ਜਦੋਂ ਸਭ ਤੋਂ ਪਹਿਲਾਂ ਫਿਰੋਜ਼ਪੁਰ ਜ਼ਿਲ੍ਹੇ ਦੇ ਖੇਤਰਾਂ ਵਿਚ ਪਾਣੀ ਦਾਖਲ ਹੋਇਆ ਸੀ।

ਪੰਜਾਬ ਵਿਚ ਯੂਨਾਈਟਿਡ ਸਿੱਖਸ ਦੀ ਪ੍ਰਤੀਨਿਧਤਾ ਕਰਦੇ ਅਤੇ ਰਾਹਤ ਕਾਰਜ ਚਲਾ ਰਹੇ ਅੰਮ੍ਰਿਤਪਾਲ ਸਿੰਘ ਨੇ ਕਿਹਾ, "ਸਾਡੇ ਸੰਗਠਨ ਵੱਲੋਂ ਇਸ ਵੇਲੇ ਅਜਨਾਲਾ, ਡੇਰਾ ਬਾਬਾ ਨਾਨਕ, ਰਮਦਾਸ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ ਰਾਹਤ ਕੈਂਪ ਚਲਾਏ ਜਾ ਰਹੇ ਹਨ।"

ਉਨ੍ਹਾਂ ਕਿਹਾ ਕਿ, "ਅਸੀਂ ਹਜ਼ਾਰਾਂ ਪਰਿਵਾਰਾਂ ਨੂੰ ਹੜ੍ਹ ਦੇ ਪਾਣੀ ਵਿਚ ਡੁੱਬੇ ਪਿੰਡਾਂ ਤੋਂ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ ਹੈ, ਖ਼ਾਸ ਕਰਕੇ ਗੁਰਦੁਆਰਿਆਂ, ਧਰਮਸ਼ਾਲਾ ਅਤੇ ਕਮਿਊਨਿਟੀ ਸੈਂਟਰਾਂ ਵਿਚ ਅਤੇ ਨਾਲ ਹੀ ਲੰਗਰ ਦੀ ਸੇਵਾ ਵੀ ਕਰ ਰਹੇ ਹਾਂ। ਦਿਨ-ਰਾਤ ਕਰੀਬ ਇੱਕ ਦਰਜਨ ਕਿਸ਼ਤੀਆਂ ਚੱਲ ਰਹੀਆਂ ਹਨ, ਜੋ ਹੜ੍ਹ ਪੀੜਤਾਂ ਨੂੰ 15 ਫੁੱਟ ਤੱਕ ਡੁੱਬੇ ਇਲਾਕਿਆਂ ਤੋਂ ਕੱਢ ਰਹੀਆਂ ਹਨ।



ਪਿੰਡ ਵਾਸੀ ਕਹਿ ਰਹੇ ਹਨ ਕਿ ਇਹ ਸਥਿਤੀ 1988 ਦੇ ਹੜ੍ਹ ਨਾਲੋਂ ਵੀ ਭਿਆਨਕ ਹੈ।"

ਫਿਰੋਜ਼ਪੁਰ ਵਿਚ ਸੇਵਾ ਨਿਭਾ ਰਹੇ ਯੂਨਾਈਟਿਡ ਸਿੱਖਸ ਦੇ ਸੇਵਾਦਾਰ ਸਰਦਾਰ ਦੇਵਿੰਦਰ ਸਿੰਘ ਨੇ ਕਿਹਾ, "ਅਸੀਂ ਇਸ ਵੇਲੇ ਬਚਾਅ ਕਾਰਜਾਂ ਵਿਚ ਰੁਝੇ ਹੋਏ ਹਾਂ, ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜ਼ਰੂਰੀ ਦਵਾਈਆਂ ਅਤੇ ਤਾਜ਼ਾ ਬਣਿਆ ਹੋਇਆ ਖਾਣਾ ਲੋਕਾਂ ਤੱਕ ਪਹੁੰਚਾ ਰਹੇ ਹਾਂ।"

ਉਨ੍ਹਾਂ ਕਿਹਾ ਕਿ, "ਜਦੋਂ ਹੜ੍ਹ ਦੇ ਪਾਣੀ ਦਾ ਪੱਧਰ ਘਟੇਗਾ, ਤਾਂ ਸਾਡਾ ਧਿਆਨ ਸਾਬਣ, ਡਿਟਰਜੈਂਟ, ਮੱਛਰ ਭਜਾਉਣ ਵਾਲੀਆਂ ਦਵਾਈਆਂ ਅਤੇ ਮੱਛਰਦਾਨੀਆਂ ਪ੍ਰਦਾਨ ਕਰਨ 'ਤੇ ਹੋਵੇਗਾ, ਕਿਉਂਕਿ ਪਾਣੀ ਘੱਟਣ ਤੋਂ ਬਾਅਦ ਮਹਾਂਮਾਰੀਆਂ ਦੇ ਫੈਲਣ ਦਾ ਖ਼ਤਰਾ ਬਣਦਾ ਹੈ, ਜੋ ਹੜ੍ਹ ਨਾਲੋਂ ਵੀ ਗੰਭੀਰ ਹੋ ਸਕਦਾ ਹੈ।"

ਡੇਰਾ ਬਾਬਾ ਨਾਨਕ ਵਿਚ ਸੇਵਾਦਾਰਾਂ ਦੇ ਅਨੁਸਾਰ, ਯੂਨਾਈਟਿਡ ਸਿੱਖ ਵੱਲੋਂ ਡੀਫਾਗਿੰਗ ਮਸ਼ੀਨਾਂ ਦੀ ਵੀ ਵਿਵਸਥਾ ਕੀਤੀ ਗਈ ਹੈ, ਤਾਂ ਜੋ ਮੱਛਰਾਂ ਅਤੇ ਹੋਰ ਕੀੜਿਆਂ ਦੇ ਪੈਦਾ ਹੋਣ ਨੂੰ ਰੋਕਣ ਲਈ ਛਿੜਕਾਅ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ, ਯੂਨਾਈਟਿਡ ਸਿੱਖਸ ਦੇ ਸੰਸਾਰ ਭਰ ਵਿਚ ਕੰਮ ਕਰ ਰਹੇ ਸਾਰੇ ਗਰੁੱਪ ਪੰਜਾਬ ਅਤੇ ਪੰਜਾਬੀਆਂ ਦੀ ਸਹਾਇਤਾ ਲਈ ਸਰਗਰਮ ਹਨ। ਉਹ ਕਹਿੰਦੇ ਹਨ, "ਸਾਡੇ ਜ਼ਿਆਦਾਤਰ ਸੇਵਾਦਾਰ ਸਿੱਖ ਅਤੇ ਪੰਜਾਬੀ ਹਨ, ਜੋ ਦੁਨੀਆਂ ਵਿਚ ਕਿਸੇ ਵੀ ਕੁਦਰਤੀ ਆਫ਼ਤ ਦੇ ਸਮੇਂ ਮਨੁੱਖਤਾ ਦੀ ਸਹਾਇਤਾ ਲਈ ਤੱਤਪਰ ਰਹਿੰਦੇ ਹਨ ਅਤੇ ਪੰਜਾਬ ਉਨ੍ਹਾਂ ਵਾਸਤੇ ਹਮੇਸ਼ਾਂ ਹੀ ਸਿਰਮੌਰ ਰਹਿੰਦਾ ਹੈ।"

ਉਨ੍ਹਾਂ ਕਿਹਾ ਕਿ, "ਸਾਡੇ ਕੋਲ ਕਿਸਾਨਾਂ ਦੀ ਸਹਾਇਤਾ ਲਈ ਯੋਜਨਾ ਅਤੇ ਸਮੱਗਰੀ ਤਿਆਰ ਹੈ। ਪਾਣੀ ਪੂਰੀ ਤਰ੍ਹਾਂ ਘਟਣ ਤੋਂ ਬਾਅਦ ਅਸੀਂ ਖੇਤਾਂ ਦੀ ਸਫ਼ਾਈ (ਡੀ-ਸਿਲਟਿੰਗ) ਲਈ ਡੀਜ਼ਲ ਅਤੇ ਰੱਬੀ ਫ਼ਸਲਾਂ ਦੇ ਬੀਜ ਪ੍ਰਦਾਨ ਕਰਾਂਗੇ।"

# ਡਾਕਟਰ ਓਬਰਾਏ ਵਲੋਂ ਅਬੋਹਰ ਫਾਜ਼ਿਲਕਾ ਹੜ੍ਹ ਪੀੜਤਾਂ ਲਈ ਭੇਜੇ 200 ਕੁਵਿੰਟਲ ਸੁੱਕੇ ਰਾਸ਼ਨ ਨੂੰ ਸੀਨੀਅਰ ਸਿਵਲ ਜੱਜ ਨੇ ਕੀਤਾ ਰਵਾਨਾ

- **ਟਰੱਸਟ ਦਾ ਹੜ੍ਹ ਪੀੜਤਾਂ ਲਈ 3 ਕਰੋੜ ਤੱਕ ਪੁੱਜਾ ਬਜਟ; ਫਿਰ ਵੀ ਹਰ ਸੰਭਵ ਯਤਨ ਹੋਰ ਜਾਰੀ - ਡਾ. ਓਬਰਾਏ**



**ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਅਬੋਹਰ ਫਾਜ਼ਿਲਕਾ ਹੜ੍ਹ ਪ੍ਰਭਾਵਿਤ ਲੋਕਾਂ ਲਈ ਭੇਜੇ 200 ਕੁਵਿੰਟਲ ਸੁੱਕੇ ਰਾਸ਼ਨ ਨੂੰ ਸ਼੍ਰੀ ਹਿਮਾਂਸ਼ੂ ਅਰੋੜਾ ਸੀਨੀਅਰ ਸਿਵਲ ਜੱਜ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਇਕਾਈ ਸ੍ਰੀ ਮੁਕਤਸਰ ਸਾਹਿਬ ਦੇ ਸੇਵਾਦਾਰ ਰਵਾਨਾ ਕਰਦੇ ਹੋਏ।**

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕਾਰਜ ਲਗਾਤਾਰ ਜਾਰੀ ਹਨ। ਪੰਜਾਬ ਵਿਚ ਆਏ ਹੜ੍ਹਾਂ ਦੇ ਪ੍ਰਭਾਵਿਤ ਏਰੀਏ ਵਿਚ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੀ ਰਹਿਨੁਮਾਈ ਹੇਠ ਵੱਡੇ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਅਬੋਹਰ ਫਾਜ਼ਿਲਕਾ ਦੇ ਹੜ੍ਹ ਪੀੜਤਾਂ ਲਈ ਡਾਕਟਰ ਓਬਰਾਏ ਵੱਲੋਂ ਭੇਜੀ 200 ਕੁਵਿੰਟਲ ਸੁੱਕੇ ਰਾਸ਼ਨ ਦੀ ਸਪਲਾਈ ਸ੍ਰੀ ਮੁਕਤਸਰ ਸਾਹਿਬ ਤੋਂ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਦੀ ਹਾਜ਼ਰੀ ਵਿਚ ਸ਼੍ਰੀ ਹਿਮਾਂਸ਼ੂ ਅਰੋੜਾ ਸੀਨੀਅਰ ਸਿਵਲ ਜੱਜ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਅਤੇ ਸੀਨੀਅਰ ਸਿਵਲ ਜੱਜ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਰਾਸ਼ਨ ਨੂੰ ਏਰੀਏ ਵਿਚ ਪਹੁੰਚਾਉਣ ਲਈ ਔਲਖ ਵੈੱਲਫੇਅਰ ਸੁਸਾਇਟੀ ਪਿੰਡ ਔਲਖ ਵੱਲੋਂ ਬਹੁਤ ਹੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਅਤੇ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਤੋਂ ਪਹਿਲਾਂ 300 ਕੁਵਿੰਟਲ ਪਸ਼ੂਆਂ ਦੀ ਫੀਡ ਹਿੰਦ-ਪਾਕਿ ਬਾਰਡਰ 'ਤੇ ਲੋੜਵੰਦਾਂ ਨੂੰ ਵੀ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇੱਕ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਮੈਂ ਪਹਿਲਾਂ 1.50 ਕਰੋੜ ਰੁਪਏ ਦਾ ਬਜਟ ਰੱਖ ਕੇ ਚੱਲਿਆ ਸੀ ਪਰੰਤੂ ਇਹ ਬਜਟ ਹੁਣ 3 ਕਰੋੜ ਰੁਪਏ ਤੱਕ ਪਹੁੰਚ ਗਿਆ, ਪਰ ਮੈਂ ਫ਼ਿਰ ਵੀ ਉਦੋਂ ਤੱਕ ਹਰ ਸੰਭਵ ਕੋਸ਼ਿਸ਼ ਕਰਦਾ ਰਹਾਂਗਾ, ਜਦੋਂ ਤੱਕ ਪ੍ਰਭਾਵਿਤ ਲੋਕਾਂ ਦੀ ਜ਼ਿੰਦਗੀ ਆਮ ਵਾਂਗ ਨਹੀਂ ਹੋ ਜਾਂਦੀ। ਡਾਕਟਰ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਪਿਛਲੇ ਸਮਿਆਂ ਦੌਰਾਨ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਕਾਫੀ ਤਾਦਾਦ ਵਿਚ ਨਵੇਂ ਮਕਾਨ ਬਣਾ ਕੇ ਦੇ ਚੁੱਕਾ ਹੈ ਅਤੇ ਵੱਡੀ ਤਾਦਾਦ ਵਿਚ ਨਵ-ਨਿਰਮਾਣ ਵੀ ਕਰਵਾਏ ਜਾ ਚੁੱਕੇ ਹਨ।

ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਹੁਣ ਦਵਾਈਆਂ, ਮੱਛਰਦਾਨੀਆਂ, ਪਾਣੀ, ਸੈਨਟਰੀ ਪੈਡ ਅਤੇ ਹੋਰ ਜੋ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਆ ਰਹੀ ਹੈ, ਵੱਡੀ ਪੱਧਰ 'ਤੇ ਖਰੀਦਿਆ ਜਾ ਰਿਹਾ ਹੈ। ਇਸ ਮੌਕੇ ਨਵੀਨ ਸਿੰਗਲਾ ਸੀਨੀਅਰ ਸਹਾਇਕ, ਅਜਮੇਰ ਸਿੰਘ ਸਹਾਇਕ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਅਸ਼ੋਕ ਕੁਮਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਪਰਮਜੀਤ ਕੌਰ ਬਰਾੜ, ਕਰਮਜੀਤ ਕੌਰ ਬਰਾੜ ਰਿਟਾ. ਪ੍ਰਿੰਸੀਪਲ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਅੰਮ੍ਰਿਤ ਪਾਲ ਸਿੰਘ, ਗੁਰਚਰਨ ਸਿੰਘ ਭੋਣ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਔਲਖ ਵੈੱਲਫੇਅਰ ਸੁਸਾਇਟੀ ਪਿੰਡ ਔਲਖ ਦੇ ਮਾਸਟਰ ਤਜਿੰਦਰ ਸਿੰਘ, ਗਗਨਦੀਪ ਸਿੰਘ ਬੱਬੀ, ਸੁਖਪਾਲ ਸਿੰਘ, ਅਰਪਣ ਸਿੰਘ, ਗੈਵੀ ਔਲਖ, ਸੁਖਬੀਰ ਸਿੰਘ, ਅੰਗਰੇਜ਼ ਸਿੰਘ, ਕਰਮਜੀਤ ਸਿੰਘ, ਮਿੰਟੂ ਸੰਧੂ ਸਰਪੰਚ ਆਦਿ ਹਾਜ਼ਰ ਸਨ।


Global Allianz

LAW FIRM LLP

ਕਾਨੂੰਨੀ ਸਲਾਹ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਡੋਨਾਲਡ ਟਰੰਪ ਵੱਲੋਂ ਆਪਣਾ ਦਿੱਲੀ ਦਾ ਦੌਰਾ ਰੱਦ



ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਿਆ ਸੀ, ਤਾਂ ਇਹ ਮੰਨਿਆ ਜਾ ਰਿਹਾ ਸੀ ਕਿ ਟਰੰਪ ਅਤੇ ਮੋਦੀ ਦੀ ਦੋਸਤੀ ਕਾਰਨ ਭਾਰਤ-ਅਮਰੀਕਾ ਦੇ ਸਬੰਧ ਹੋਰ ਉਚਾਈਆਂ 'ਤੇ ਜਾਣਗੇ ਪਰ ਪਾਕਿਸਤਾਨ ਵਿਰੁੱਧ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਖਟਾਸ ਆਉਣੀ ਸ਼ੁਰੂ ਹੋ ਗਈ, ਜਿਸ ਦਾ ਮੁੱਖ ਕਾਰਨ ਰਾਸ਼ਟਰਪਤੀ ਟਰੰਪ ਦੁਆਰਾ ਨੋਬਲ ਸ਼ਾਂਤੀ ਪੁਰਸਕਾਰ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਕੀਤਾ ਗਿਆ ਫ਼ੋਨ ਕਾਲ ਸੀ, ਜਿਵੇਂ ਕਿ ਇਕ ਅਮਰੀਕੀ ਅਖਬਾਰ ਨੇ ਖੁਲਾਸਾ ਕੀਤਾ ਹੈ।

ਇੱਕ ਤਾਜ਼ਾ ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਹੁਣ ਕਵਾਡ ਸੰਮੇਲਨ ਲਈ ਭਾਰਤ ਨਹੀਂ ਆਉਣਗੇ। ਟਰੰਪ ਨੇ ਸਾਲ ਦੇ ਅੰਤ ਵਿਚ ਭਾਰਤ ਦਾ ਦੌਰਾ ਕਰਨਾ ਸੀ। ਰਿਪੋਰਟ ਵਿਚ ਕੀਤੇ ਗਏ ਦਾਅਵਿਆਂ 'ਤੇ ਅਮਰੀਕਾ ਅਤੇ ਭਾਰਤ ਦੋਵਾਂ ਸਰਕਾਰਾਂ ਵੱਲੋਂ ਕੋਈ ਅਧਿਕਾਰਤ ਜਵਾਬ ਨਹੀਂ ਦਿੱਤਾ ਗਿਆ ਹੈ। ਰਿਪੋਰਟ ਦੇ ਅਨੁਸਾਰ, ਟਰੰਪ ਨੇ ਪਹਿਲਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੂਚਿਤ ਕੀਤਾ ਸੀ ਕਿ ਉਹ ਸਾਲ ਦੇ ਅੰਤ ਤੱਕ ਭਾਰਤ ਦਾ ਦੌਰਾ ਕਰਨਗੇ, ਪਰ ਹੁਣ ਉਨ੍ਹਾਂ ਨੇ ਯੋਜਨਾ ਰੱਦ ਕਰ ਦਿੱਤੀ ਹੈ। ਇਸ ਰਿਪੋਰਟ ਵਿਚ ਕੀਤੇ ਗਏ ਦਾਅਵਿਆਂ 'ਤੇ ਅਮਰੀਕਾ ਅਤੇ ਭਾਰਤ ਦੋਵਾਂ ਸਰਕਾਰਾਂ ਵੱਲੋਂ ਕੋਈ ਅਧਿਕਾਰਤ ਜਵਾਬ ਨਹੀਂ ਦਿੱਤਾ ਗਿਆ ਹੈ। ਦਰਅਸਲ, ਭਾਰਤ ਇਸ ਸਾਲ ਦੇ ਅੰਤ ਵਿਚ ਕਵਾਡ ਸੰਮੇਲਨ ਦਾ ਆਯੋਜਨ ਕਰਨ ਜਾ ਰਿਹਾ ਹੈ। ਇਸ ਤੋਂ ਪਹਿਲਾਂ, ਟਰੰਪ ਪ੍ਰਸ਼ਾਸਨ ਨੇ ਜਨਵਰੀ ਵਿਚ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦਾ ਆਯੋਜਨ ਕੀਤਾ ਸੀ, ਜਦੋਂ ਟਰੰਪ ਨੇ ਆਪਣਾ ਦੂਜਾ ਰਾਸ਼ਟਰਪਤੀ ਕਾਰਜਕਾਲ ਸ਼ੁਰੂ ਕੀਤਾ ਸੀ।

ਇੱਕ ਰਿਪੋਰਟ ਅਨੁਸਾਰ, ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਰਾਸ਼ਟਰਪਤੀ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸ਼ਾਂਤੀ ਲਿਆਉਣ ਦਾ ਦਾਅਵਾ ਕੀਤਾ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ-7 ਮੀਟਿੰਗ ਲਈ ਕੈਨੇਡਾ ਪਹੁੰਚੇ। ਇਸ ਸਮੇਂ, 17 ਜੂਨ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫ਼ੋਨ ਕੀਤਾ। ਦੋਵਾਂ ਆਗੂਆਂ ਨੇ ਲਗਭਗ 35 ਮਿੰਟ ਗੱਲਬਾਤ ਕੀਤੀ। ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਪਾਕਿਸਤਾਨ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨ ਜਾ ਰਿਹਾ ਹੈ। ਭਾਰਤ ਨੂੰ ਵੀ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨਾ ਚਾਹੀਦਾ ਹੈ। ਪਰ ਪ੍ਰਧਾਨ ਮੰਤਰੀ ਮੋਦੀ ਨੇ ਟੈਲੀਫੋਨ 'ਤੇ ਟਰੰਪ ਦੇ ਇਸ ਬਿਆਨ ਨੂੰ ਸਪੱਸ਼ਟ ਤੌਰ 'ਤੇ ਨਕਾਰ ਦਿੱਤਾ।

ਅਖਬਾਰ ਨੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵ੍ਹਾਈਟ ਹਾਊਸ ਸੱਦਾ ਦਿੱਤਾ ਸੀ। ਕਿਉਂਕਿ ਉਸ ਸਮੇਂ ਪਾਕਿਸਤਾਨੀ ਫੌਜ ਮੁਖੀ ਜਨਰਲ ਅਸੀਮ ਮੁਨੀਰ ਵੀ ਵ੍ਹਾਈਟ ਹਾਊਸ ਵਿਖੇ ਇੱਕ ਪ੍ਰੋਗਰਾਮ ਵਿਚ ਟਰੰਪ ਨਾਲ ਸ਼ਾਮਲ ਹੋਣ ਵਾਲੇ ਸਨ। ਟਰੰਪ ਚਾਹੁੰਦੇ ਸਨ ਕਿ ਵ੍ਹਾਈਟ ਹਾਊਸ ਵਿਚ ਇੱਕ ਪ੍ਰੋਗਰਾਮ ਹੋਵੇ, ਜਿਸ ਵਿਚ ਪ੍ਰਧਾਨ ਮੰਤਰੀ ਮੋਦੀ ਅਤੇ ਅਸੀਮ ਮੁਨੀਰ ਹੱਥ ਮਿਲਾਉਣ ਅਤੇ ਇਸ ਨੂੰ ਅੰਤਰਰਾਸ਼ਟਰੀ ਮੀਡੀਆ ਵਿਚ ਅਮਰੀਕਾ ਦੀ ਜਿੱਤ ਵਜੋਂ ਪ੍ਰਚਾਰਿਆ ਜਾਵੇ। ਪਰ ਟਰੰਪ ਹੈਰਾਨ ਰਹਿ ਗਏ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਵ੍ਹਾਈਟ ਹਾਊਸ ਆਉਣ ਦਾ ਸੱਦਾ ਠੁਕਰਾ ਦਿੱਤਾ। ਪੀ.ਐੱਮ. ਮੋਦੀ ਨੇ ਟਰੰਪ ਨੂੰ ਫ਼ੋਨ 'ਤੇ ਸਪੱਸ਼ਟ ਤੌਰ 'ਤੇ ਦੱਸਿਆ ਸੀ ਕਿ ਪਾਕਿਸਤਾਨ ਨਾਲ ਜੰਗਬੰਦੀ ਵਿਚ ਨਾ ਤਾਂ ਉਨ੍ਹਾਂ ਦੀ ਅਤੇ ਨਾ ਹੀ ਅਮਰੀਕਾ ਦੀ ਕੋਈ ਭੂਮਿਕਾ ਹੈ। ਇਹ ਜੰਗਬੰਦੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੱਧੇ ਸੰਪਰਕ ਰਾਹੀਂ ਕੀਤੀ ਗਈ ਸੀ। ਪੀ.ਐੱਮ. ਮੋਦੀ ਦੇ ਸ਼ਬਦਾਂ ਨਾਲ ਟਰੰਪ ਗੁੱਸੇ ਹੋ ਗਏ। ਉਸ ਤੋਂ ਬਾਅਦ, ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਵੀ ਟੁੱਟ ਗਈ। ਇਸ ਤੋਂ ਇਲਾਵਾ, ਟਰੰਪ ਨੇ ਭਾਰਤ 'ਤੇ 50 ਫੀਸਦੀ ਦਾ ਵੱਡਾ ਟੈਰਿਫ ਲਾ ਦਿੱਤਾ।

# ਅਮਰੀਕੀ ਅਦਾਲਤ ਵੱਲੋਂ ਟਰੰਪ ਦੇ ਡਿਪੋਰਟੇਸ਼ਨ ਦੇ ਫ਼ੈਸਲੇ 'ਤੇ ਰੋਕ!

ਵਾਸ਼ਿੰਗਟਨ, (ਪੰਜਾਬ ਮੇਲ)- ਇਕ ਅਮਰੀਕੀ ਜੱਜ ਨੇ ਐਤਵਾਰ ਨੂੰ ਟਰੰਪ ਪ੍ਰਸ਼ਾਸਨ ਦੇ ਗੁਆਟੇਮਾਲਾ ਦੇ ਬੱਚਿਆਂ ਦੇ ਇਕ ਸਮੂਹ ਨੂੰ ਦੇਸ਼ ਨਿਕਾਲਾ ਦੇਣ ਦੇ ਫੈਸਲੇ 'ਤੇ ਅਸਥਾਈ ਤੌਰ 'ਤੇ ਰੋਕ ਲਾ ਦਿੱਤੀ ਹੈ, ਜੋ ਸਰਹੱਦ ਪਾਰ ਕਰ ਕੇ ਆਪਣੇ ਪਰਿਵਾਰਾਂ ਤੋਂ ਬਿਨਾਂ ਅਮਰੀਕਾ 'ਚ ਦਾਖਲ ਹੋਏ ਸਨ।

ਬੱਚਿਆਂ ਦੇ ਵਕੀਲਾਂ ਨੇ ਕਿਹਾ ਕਿ ਉਨ੍ਹਾਂ ਨੂੰ ਰਾਤੋ-ਰਾਤ ਜਹਾਜ਼ਾਂ 'ਚ ਬਿਠਾ ਦਿੱਤਾ ਗਿਆ, ਜੋ ਪ੍ਰਵਾਸੀ ਬੱਚਿਆਂ ਦੀ ਸੁਰੱਖਿਆ ਕਰਨ ਵਾਲੇ ਕਾਨੂੰਨਾਂ ਦੀ ਉਲੰਘਣਾ ਹੈ। 10 ਤੋਂ 17 ਸਾਲ ਦੀ ਉਮਰ ਦੇ 10 ਨਾਬਾਲਗਾਂ ਦੇ ਵਕੀਲਾਂ, ਜੋ ਤੌਰ 'ਤੇ ਗੁਆਟੇਮਾਲਾ ਤੋਂ ਹਨ, ਨੇ ਸ਼ਨੀਵਾਰ ਦੇਰ ਰਾਤ ਇਕ ਅਦਾਲਤ 'ਚ ਦਾਇਰ ਕੀਤੀ ਅਰਜ਼ੀ ਵਿਚ ਕਿਹਾ ਕਿ ਅਜਿਹੀਆਂ ਰਿਪੋਰਟਾਂ ਸਨ ਕਿ ਜਹਾਜ਼ ਕੁਝ ਘੰਟਿਆਂ ਵਿਚ ਮੱਧ ਅਮਰੀਕੀ ਦੇਸ਼ ਲਈ ਉਡਾਣ ਭਰਨ ਵਾਲੇ ਸਨ। ਵਾਸ਼ਿੰਗਟਨ ਵਿਚ ਇਕ ਸੰਘੀ ਜੱਜ ਨੇ ਕਿਹਾ ਕਿ ਬੱਚਿਆਂ ਨੂੰ ਘੱਟੋ-ਘੱਟ 14 ਦਿਨਾਂ ਲਈ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕੀ ਏਜੰਸੀਆਂ ਵੱਲੋਂ ਸਭ ਤੋਂ ਵੱਡੀ 65 ਮਿਲੀਅਨ ਡਾਲਰ ਦੀ ਪਾਰਸਲ ਠੱਗੀ ਦਾ ਪਰਦਾਫਾਸ਼

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਵਿਚ ਸੈਂਕੜੇ ਗੁਜਰਾਤੀ-ਭਾਰਤੀਆਂ ਦਾ ਨਾਂ ਪਾਰਸਲ ਠੱਗੀ ਮਾਮਲੇ ਨਾਲ ਜੁੜਿਆ ਹੈ, ਜਿਸ 'ਚ ਬਜ਼ੁਰਗਾਂ ਨਾਲ ਪੈਸੇ ਤੇ ਸੋਨਾ ਠੱਗਣਾ ਸ਼ਾਮਲ ਹੈ। ਇਸ ਮਾਮਲੇ 'ਚ ਨਾਮਜ਼ਦ ਕਈ ਭਾਰਤੀ ਨੌਜਵਾਨ ਇਸ ਸਮੇਂ ਜੇਲ੍ਹਾਂ ਵਿਚ ਬੰਦ ਹਨ। ਹੁਣ ਅਮਰੀਕੀ ਏਜੰਸੀਆਂ ਨੇ ਦੇਸ਼ ਦੀ ਸਭ ਤੋਂ ਵੱਡੀ 65 ਮਿਲੀਅਨ ਡਾਲਰ (5,73,15,92,750 ਰੁਪਏ) ਦੀ ਪਾਰਸਲ ਠੱਗੀ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿਚ ਮੁੱਖ ਤੌਰ 'ਤੇ ਦੱਖਣੀ ਕੈਲੀਫ਼ੋਰਨੀਆ ਵਿਚ ਸਰਗਰਮ ਇੱਕ ਚੀਨੀ ਗਿਰੋਹ ਸ਼ਾਮਲ ਹੈ।

ਦੱਖਣੀ ਕੈਲੀਫ਼ੋਰਨੀਆ ਦੇ ਅਟਾਰਨੀ ਦਫ਼ਤਰ ਮੁਤਾਬਕ, ਇਹ ਗਿਰੋਹ 2019 ਤੋਂ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾ ਰਿਹਾ ਸੀ ਅਤੇ ਕਈ ਅਮਰੀਕੀ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਚੁੱਕਾ ਸੀ। ਇੱਕ 97 ਸਾਲਾ ਬਜ਼ੁਰਗ ਦੀ ਪੂਰੀ ਦੌਲਤ ਵੀ ਇਸ ਗਿਰੋਹ ਨੇ ਹੜਪ ਲਈ। ਕਾਰਵਾਈ ਦੌਰਾਨ 28 ਚੀਨੀ ਨਾਗਰਿਕਾਂ ਨੂੰ ਕੈਲੀਫ਼ੋਰਨੀਆ, ਨਿਊਯਾਰਕ ਅਤੇ ਮਿਸ਼ਿਗਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਕਈ ਲਗਜ਼ਰੀ ਕਾਰਾਂ ਤੇ 4.2 ਮਿਲੀਅਨ ਡਾਲਰ ਨਕਦੀ ਵੀ ਜ਼ਬਤ ਕੀਤੀ ਗਈ।

ਇਹ ਗਿਰੋਹ ਭਾਰਤ ਤੋਂ ਚੱਲ ਰਹੇ ਕਾਲ ਸੈਂਟਰਾਂ ਦੇ ਜ਼ਰੀਏ ਕੰਮ ਕਰਦਾ ਸੀ। ਠੱਗ ਆਪਣੇ ਆਪ ਨੂੰ ਸਰਕਾਰੀ ਅਧਿਕਾਰੀ ਜਾਂ ਬੈਂਕ ਅਧਿਕਾਰੀ ਦੱਸਦੇ ਸਨ ਅਤੇ ਬਜ਼ੁਰਗਾਂ ਨੂੰ ਧੋਖੇ ਨਾਲ ਫਸਾਉਂਦੇ ਸਨ। ਕੁਝ ਕੇਸਾਂ ਵਿਚ ਉਨ੍ਹਾਂ ਨੇ ਪੀੜਤਾਂ ਨੂੰ ਕਿਹਾ ਕਿ ਉਨ੍ਹਾਂ ਦੇ ਖਾਤੇ ਵਿਚ ਗ਼ਲਤੀ ਨਾਲ ਰਿਫੰਡ ਆ ਗਿਆ ਹੈ ਅਤੇ ਦਬਾਅ ਪਾ ਕੇ ਉਨ੍ਹਾਂ ਤੋਂ ਪੈਸੇ ਵਾਪਸ ਮੰਗਦੇ ਸਨ। ਗੁਜਰਾਤੀ-ਭਾਰਤੀਆਂ ਵੱਲੋਂ ਕੀਤੀ ਜਾਂਦੀ ਠੱਗੀ ਦੇ ਮਾਮਲੇ 'ਚ ਨਕਦੀ ਜਾਂ ਸੋਨਾ ਸਿੱਧਾ ਲੋਕਾਂ ਦੇ ਘਰੋਂ ਚੁੱਕਿਆ ਜਾਂਦਾ ਸੀ, ਜਦਕਿ ਇਸ ਚੀਨੀ ਗਿਰੋਹ ਨੇ ਬਜ਼ੁਰਗਾਂ ਨੂੰ ਕੈਸ਼ ਭਰੇ ਪਾਰਸਲ ਕੋਰੀਅਰ ਰਾਹੀਂ ਭੇਜਣ ਲਈ ਮਜਬੂਰ ਕੀਤਾ। ਇਹ ਪਾਰਸਲ ਨਕਲੀ ਆਈ.ਡੀ. ਨਾਲ ਬਣੇ ਪਤੇ 'ਤੇ ਭੇਜੇ ਜਾਂਦੇ ਸਨ। ਇਸ ਵੱਡੇ ਠੱਗੀ ਨੈਟਵਰਕ ਨੂੰ ਪਹਿਲੀ ਵਾਰ ਇੱਕ ਅਮਰੀਕੀ ਯੂਟਿਊਬਰ ਨੇ ਪੰਜ ਸਾਲ ਪਹਿਲਾਂ ਬੇਨਕਾਬ ਕੀਤਾ ਸੀ, ਜਿਸ ਨੇ ਸਟਿੰਗ ਓਪਰੇਸ਼ਨ ਕਰਕੇ ਪਾਰਸਲ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਕੈਮਰੇ 'ਚ ਕੈਦ ਕੀਤਾ ਸੀ।



# ਅਮਰੀਕੀ ਅਦਾਲਤ ਵੱਲੋਂ ਟਰੰਪ ਦੀ ਵਿਵਾਦਪੂਰਨ ਟੈਰਿਫ ਨੀਤੀ ਗੈਰ-ਕਾਨੂੰਨੀ ਕਰਾਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੰਘੀ ਅਪੀਲ ਅਦਾਲਤ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਿਵਾਦਪੂਰਨ ਟੈਰਿਫ (ਆਯਾਤ ਡਿਊਟੀ) ਨੀਤੀ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਹੈ। ਅਦਾਲਤ ਦੇ ਇਸ ਫੈਸਲੇ ਨੂੰ ਟਰੰਪ ਦੀਆਂ ਆਰਥਿਕ ਨੀਤੀਆਂ ਲਈ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਅਦਾਲਤ ਨੇ ਇਹ ਵੀ ਕਿਹਾ ਹੈ ਕਿ ਇਹ ਟੈਰਿਫ 14 ਅਕਤੂਬਰ, 2025 ਤੱਕ ਲਾਗੂ ਰਹਿਣਗੇ, ਤਾਂ ਜੋ ਟਰੰਪ ਪ੍ਰਸ਼ਾਸਨ ਸੁਪਰੀਮ ਕੋਰਟ ਵਿਚ ਅਪੀਲ ਕਰ ਸਕੇ।

ਅਮਰੀਕੀ ਅਪੀਲ ਅਦਾਲਤ (ਫੈਡਰਲ ਸਰਕਟ, ਵਾਸ਼ਿੰਗਟਨ ਡੀ.ਸੀ.) ਨੇ ਸਪੱਸ਼ਟ ਤੌਰ 'ਤੇ ਕਿਹਾ ਕਿ: "ਰਾਸ਼ਟਰਪਤੀ ਨੂੰ ਐਮਰਜੈਂਸੀ ਸ਼ਕਤੀਆਂ ਤਹਿਤ ਬਹੁਤ ਸਾਰੇ ਫੈਸਲੇ ਲੈਣ ਦੀ ਇਜਾਜ਼ਤ ਹੈ, ਪਰ ਇਸ ਵਿਚ ਟੈਰਿਫ ਜਾਂ ਟੈਕਸ ਲਗਾਉਣਾ ਸ਼ਾਮਲ ਨਹੀਂ ਹੈ।" ਅਦਾਲਤ ਦਾ ਫੈਸਲਾ ਮੁੱਖ ਤੌਰ 'ਤੇ ਆਈ.ਈ.ਈ.ਪੀ.ਏ. (ਇੰਟਰਨੈਸ਼ਨਲ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ, 1977) 'ਤੇ ਆਧਾਰਿਤ ਸੀ। ਟਰੰਪ ਨੇ ਇਸ ਕਾਨੂੰਨ ਦਾ ਹਵਾਲਾ ਦਿੰਦੇ ਹੋਏ ਚੀਨ, ਕੈਨੇਡਾ ਅਤੇ ਮੈਕਸੀਕੋ ਵਰਗੇ ਦੇਸ਼ਾਂ 'ਤੇ ਟੈਰਿਫ ਲਗਾਏ ਸਨ। ਅਦਾਲਤ ਨੇ ਟਰੰਪ ਦੁਆਰਾ ਲਗਾਏ ਗਏ ਪਰਸਪਰ ਟੈਰਿਫ ਅਤੇ ਕੁਝ ਹੋਰ ਡਿਊਟੀਆਂ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ। ਹਾਲਾਂਕਿ, ਸਟੀਲ ਅਤੇ ਐਲੂਮੀਨੀਅਮ 'ਤੇ ਟੈਰਿਫ, ਜੋ ਕਿ ਵੱਖਰੇ ਕਾਨੂੰਨਾਂ ਤਹਿਤ ਲਗਾਏ ਗਏ ਸਨ, ਅਜੇ ਵੀ ਲਾਗੂ ਰਹਿਣਗੇ।

■ **ਵੀਜ਼ਾ ਸ਼ਰਤਾਂ ਦੀ ਉਲੰਘਣਾ ਪਾਏ ਜਾਣ 'ਤੇ ਰੱਦ ਹੋਵੇਗਾ ਵੀਜ਼ਾ**




ਟਰੰਪ ਨੇ ਅਦਾਲਤ ਦੇ ਫੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ: "ਸਾਰੇ ਟੈਰਿਫ ਅਜੇ ਵੀ ਲਾਗੂ ਹਨ! ਅਦਾਲਤ ਦਾ ਫੈਸਲਾ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ। ਅੰਤ ਵਿਚ ਅਮਰੀਕਾ ਜਿੱਤੇਗਾ।" ਉਨ੍ਹਾਂ ਕਿਹਾ ਕਿ ਜੇਕਰ ਟੈਰਿਫ ਹਟਾ ਦਿੱਤੇ ਜਾਂਦੇ ਹਨ, ਤਾਂ ਇਹ ਅਮਰੀਕਾ ਲਈ "ਪੂਰੀ ਤਰ੍ਹਾਂ ਤਬਾਹੀ" ਹੋਵੇਗੀ। ਟਰੰਪ ਨੇ ਦਾਅਵਾ ਕੀਤਾ ਕਿ ਇਹ ਟੈਰਿਫ ਅਮਰੀਕੀ ਕਿਸਾਨਾਂ, ਉਦਯੋਗਾਂ ਅਤੇ ਕਾਮਿਆਂ ਦੀ ਰੱਖਿਆ ਲਈ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ "ਮੇਡ ਇਨ ਅਮਰੀਕਾ" ਉਤਪਾਦਾਂ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਕਿਹਾ: "ਟੈਰਿਫ ਸਾਡੇ ਕਾਮਿਆਂ ਲਈ ਸਭ ਤੋਂ ਵਧੀਆ ਹਥਿਆਰ ਹਨ। ਬਹੁਤ ਸਾਲਾਂ ਤੋਂ ਮੂਰਖ ਨੇਤਾਵਾਂ ਨੇ ਦੂਜਿਆਂ ਨੂੰ ਸਾਡੇ ਵਿਰੁੱਧ ਟੈਰਿਫ ਲਗਾਉਣ ਦੀ ਇਜਾਜ਼ਤ ਦਿੱਤੀ ਹੈ। ਅਸੀਂ ਹੁਣ ਅਜਿਹਾ ਨਹੀਂ ਹੋਣ ਦੇਵਾਂਗੇ।"

ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਉਹ ਹੁਣ ਇਸ ਮਾਮਲੇ ਨੂੰ ਅਮਰੀਕੀ ਸੁਪਰੀਮ ਕੋਰਟ ਵਿਚ ਲੈ ਜਾਣਗੇ। ਸੁਪਰੀਮ ਕੋਰਟ ਹੁਣ ਫੈਸਲਾ ਕਰੇਗੀ ਕਿ ਕੀ ਟਰੰਪ ਨੂੰ ਆਈ.ਈ.ਈ.ਪੀ.ਏ. ਅਧੀਨ ਟੈਰਿਫ ਲਗਾਉਣ ਦਾ ਅਧਿਕਾਰ ਸੀ।

2018-2020 ਦੇ ਵਿਚਕਾਰ, ਟਰੰਪ ਨੇ ਚੀਨ, ਮੈਕਸੀਕੋ, ਕੈਨੇਡਾ ਅਤੇ ਯੂਰਪੀਅਨ ਦੇਸ਼ਾਂ 'ਤੇ ਭਾਰੀ ਟੈਰਿਫ ਲਗਾਏ।

ਇਨ੍ਹਾਂ ਟੈਰਿਫਾਂ ਦਾ ਮਕਸਦ ਸੀ:

- ਅਮਰੀਕੀ ਉਦਯੋਗਾਂ ਦੀ ਰੱਖਿਆ ਕਰਨਾ
- ਵਪਾਰ ਘਾਟੇ ਨੂੰ ਘਟਾਉਣਾ
- ਵਿਦੇਸ਼ੀ ਉਤਪਾਦਾਂ 'ਤੇ ਨਿਰਭਰਤਾ ਘਟਾਉਣਾ

ਪਰ ਬਹੁਤ ਸਾਰੀਆਂ ਕੰਪਨੀਆਂ ਅਤੇ ਵਪਾਰ ਸਮੂਹਾਂ ਨੇ ਇਨ੍ਹਾਂ ਟੈਰਿਫਾਂ ਦਾ ਵਿਰੋਧ ਕੀਤਾ ਅਤੇ ਇਨ੍ਹਾਂ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ। ਅਮਰੀਕੀ ਸੁਪਰੀਮ ਕੋਰਟ ਹੁਣ ਫੈਸਲਾ ਕਰੇਗੀ ਕਿ ਕੀ ਆਈ.ਈ.ਈ.ਪੀ.ਏ. ਅਧੀਨ ਟੈਰਿਫ ਲਗਾਉਣਾ ਸਹੀ ਹੈ।

ਸਾਰੇ ਟੈਰਿਫ 14 ਅਕਤੂਬਰ, 2025 ਤੱਕ ਲਾਗੂ ਰਹਿਣਗੇ। ਜੇਕਰ ਟਰੰਪ ਸੁਪਰੀਮ ਕੋਰਟ ਵਿਚ ਹਾਰ ਜਾਂਦੇ ਹਨ, ਤਾਂ ਉਨ੍ਹਾਂ ਦੇ ਬਹੁਤ ਸਾਰੇ ਟੈਰਿਫ ਪੂਰੀ ਤਰ੍ਹਾਂ ਖਤਮ ਹੋ ਸਕਦੇ ਹਨ। ਇਹ ਫੈਸਲਾ ਅਮਰੀਕੀ ਚੋਣਾਂ, ਵਪਾਰ ਨੀਤੀਆਂ ਅਤੇ ਗਲੋਬਲ ਬਾਜ਼ਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

## ਸਿਲੀਕਾਨ ਵੈਲੀ 'ਚ ਮਾਈਕ੍ਰੋਸਾਫਟ ਦੇ ਕੈਂਪਸ 'ਚ ਸਾਫਟਵੇਅਰ ਇੰਜੀਨੀਅਰ ਭਾਰਤੀ ਨਾਗਰਿਕ ਦੀ ਮੌਤ



ਸਿਲੀਕਾਨ ਵੈਲੀ, (ਰਾਜ ਗੋਗਨਾ/ਪੰਜਾਬ ਮੇਲ)-ਬੀਤੇ ਦਿਨੀਂ ਅਮਰੀਕਾ ਦੇ ਸਿਲੀਕਾਨ ਵੈਲੀ ਵਿਚ ਮਾਈਕ੍ਰੋਸਾਫਟ ਦੇ ਕੈਂਪਸ ਵਿਚ ਸਾਫਟਵੇਅਰ ਇੰਜੀਨੀਅਰ ਦੇ ਵਜੋਂ ਕੰਮ ਕਰਨ ਵਾਲੇ ਇਕ ਭਾਰਤੀ ਨਾਗਰਿਕ ਪ੍ਰਤੀਕ ਪਾਂਡੇ (35) ਸਾਲ ਦੀ ਮੌਤ ਹੋ ਗਈ ਹੈ। ਉਹ ਜਦੋਂ ਆਪਣੇ ਦਫ਼ਤਰ ਵਿਚ ਦਾਖਲ ਹੋਇਆ ਅਤੇ ਅਗਲੀ ਸਵੇਰ ਉਹ ਮ੍ਰਿਤਕ ਪਾਇਆ ਗਿਆ, ਜਿਸਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪਾਂਡੇ ਦੇ ਕਰੀਬੀ ਦੋਸਤਾਂ ਅਤੇ ਪਰਿਵਾਰ ਨੇ ਸੋਸ਼ਲ ਮੀਡੀਆ 'ਤੇ ਉਸਦੀ ਮੌਤ 'ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲਾਸ਼ ਨੂੰ ਭਾਰਤ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮਾਊਂਟੇਨ ਵਿਊ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਪਾਂਡੇ ਦੀ ਮੌਤ ਦੇ ਸਬੰਧ ਵਿਚ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

# ਟਰੰਪ ਦੀ ਭਾਰਤ ਨੂੰ ਟੈਰਿਫ ਦੀ ਧਮਕੀ 'ਚੂਹੇ ਦਾ ਹਾਥੀ ਨੂੰ ਮੁੱਕਾ ਮਾਰਨ ਦੇ ਬਰਾਬਰ' : ਅਮਰੀਕੀ ਅਰਥਸ਼ਾਸਤਰੀ

ਵਾਸ਼ਿੰਗਟਨ, (ਪੰਜਾਬ ਮੇਲ)- ਦੁਨੀਆਂ ਦੇ ਦੇਸ਼ਾਂ 'ਚ ਟਰੰਪ ਟੈਰਿਫ ਦੇ ਬਵਾਲ ਵਿਚਾਲੇ ਅਮਰੀਕੀ ਅਰਥਸ਼ਾਸਤਰੀ ਰਿਚਰਡ ਵਾਲਫ ਨੇ ਅਮਰੀਕਾ ਦੀ ਆਰਥਿਕ ਨੀਤੀ ਦੀ ਸਖਤ ਆਲੋਚਨਾ ਕੀਤੀ ਹੈ। ਰਿਚਰਡ ਵਾਲਫ ਨੇ ਭਾਰਤ 'ਤੇ 50 ਫੀਸਦੀ ਟੈਰਿਫ ਲਾਏ ਜਾਣ 'ਤੇ ਅਮਰੀਕਾ ਨੂੰ ਲੰਮੇ ਹੱਥੀਂ ਲੈਂਦੇ ਹੋਏ ਕਿਹਾ ਕਿ ਭਾਰਤ ਖਿਲਾਫ ਅਮਰੀਕਾ ਬੇਹੱਦ ਸਖਤ ਤਰੀਕੇ ਨਾਲ ਪੇਸ਼ ਆ ਰਿਹਾ ਹੈ ਪਰ ਅਸਲ 'ਚ ਉਹ ਆਪਣੇ ਹੀ ਪੈਰ 'ਤੇ ਕੁਹਾੜੀ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਭਾਰਤ ਨੂੰ ਇਹ ਦੱਸਣਾ ਕਿ ਉਸ ਨੂੰ ਕੀ ਕਰਨਾ ਹੈ, ਅਜਿਹਾ ਹੈ ਜਿਵੇਂ ਚੂਹੇ ਦਾ ਹਾਥੀ ਨੂੰ ਮੁੱਕਾ ਮਾਰਨਾ ਹੈ। ਅਮਰੀਕਾ ਦੇ ਇਸ ਕਦਮ ਨੇ ਬ੍ਰਿਕਸ ਨੂੰ ਪੱਛਮ ਲਈ ਇਕ ਆਰਥਿਕ ਬਦਲ ਦੇ ਰੂਪ 'ਚ ਉਭਰਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਟਰੰਪ ਨੇ ਭਾਰਤ ਨੂੰ ਰੂਸ ਤੋਂ ਦੂਰੀ ਬਣਾਉਣ ਲਈ ਦਬਾਅ ਪਾਇਆ ਪਰ ਭਾਰਤ ਨਹੀਂ ਝੁਕਿਆ ਪਰ ਉਹ ਕਿਉਂ ਝੁਕੇਗਾ? ਕਿਉਂਕਿ ਕਿਸ ਤੋਂ ਤੇਲ ਖਰੀਦਣਾ ਹੈ, ਇਹ ਤੈਅ ਕਰਨ ਦਾ ਅਧਿਕਾਰ ਅਮਰੀਕਾ ਨੂੰ ਨਹੀਂ ਹੈ।

ਰਿਚਰਡ ਨੇ ਇੰਟਰਵਿਊ ਦੌਰਾਨ ਕਿਹਾ ਕਿ ਭਾਰਤ ਆਬਾਦੀ ਦੇ ਮਾਮਲੇ 'ਚ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਹੈ। ਜੇਕਰ ਅਮਰੀਕਾ ਭਾਰਤ ਲਈ ਆਪਣੇ ਰਸਤੇ ਬੰਦ ਕਰ ਦਿੰਦਾ ਹੈ ਤਾਂ ਭਾਰਤ ਆਪਣੀ ਬਰਾਮਦ ਲਈ ਹੋਰ ਥਾਵਾਂ ਲੱਭ ਲਵੇਗਾ ਅਤੇ ਇਹ ਕਦਮ ਬ੍ਰਿਕਸ ਦੇਸ਼ਾਂ ਨੂੰ ਹੋਰ ਮਜ਼ਬੂਤ ਕਰੇਗਾ।

ਉਨ੍ਹਾਂ ਕਿਹਾ ਕਿ ਟਰੰਪ ਦਾ ਇਹ ਕਦਮ ਉਨ੍ਹਾਂ 'ਤੇ ਹੀ ਭਾਰੀ ਪੈਂਦਾ ਦਿਸ ਰਿਹਾ ਹੈ ਕਿਉਂਕਿ ਭਾਰਤ ਆਬਾਦੀ ਅਤੇ ਆਰਥਿਕ ਵਿਕਾਸ ਦੇ ਮਾਮਲੇ 'ਚ ਇਕ ਤਾਕਤਵਰ ਦੇਸ਼ ਹੈ, ਜੋ ਇਸ ਤਰ੍ਹਾਂ ਦੇ ਦਬਾਅ ਦੇ ਸਾਹਮਣੇ ਝੁਕੇਗਾ ਨਹੀਂ।

ਰਿਚਰਡ ਵਾਲਫ ਨੇ ਕਿਹਾ ਕਿ ਜਿਸ ਤਰ੍ਹਾਂ ਰੂਸ ਨੇ ਆਪਣਾ ਤੇਲ ਖਰੀਦਣ ਅਤੇ ਵੇਚਣ ਲਈ ਇਕ ਹੋਰ ਸਥਾਨ ਲੱਭ ਲਿਆ ਹੈ, ਉਸੇ ਤਰ੍ਹਾਂ ਭਾਰਤ ਵੀ ਹੁਣ ਬਰਾਮਦ ਅਮਰੀਕਾ ਨੂੰ ਨਹੀਂ, ਸਗੋਂ ਬਾਕੀ ਬ੍ਰਿਕਸ ਦੇਸ਼ਾਂ ਨੂੰ ਕਰੇਗਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com


**Jaspreet Singh**
**Attorney at Law**
**ਅਮਰੀਕਾ ਦੀ ਇਮੀਗ੍ਰੇਸ਼ਨ**
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ

Designed By Punjab Mail USA

| SACRAMENTO | FRESNO | FREMONT | NEWYORK |
|---|---|---|---|
| 5855 Auburn Blvd, Sacramento, CA 95841, +1-916-307-4620 | 1625 E Shaw Ave #122, Fresno, CA 93726 559-271-5511 | 3155 KEARNEY ST, SUITE #248, FREMONT, CA 94538. +1-510-657-6444 | 108-14 Jamaica Ave, Richmond Hill, NY 11418 Phone: 718-533-8444 |


EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL
SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਟਰੰਪ ਦੇ ਝੂਠ ਦੀ ਅੰਕੜਿਆਂ ਨੇ ਖੋਲ੍ਹੀ ਪੋਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ 'ਤੇ ਵਪਾਰ ਵਿਚ 'ਬੇਇਨਸਾਫ਼ੀ' ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਅਮਰੀਕਾ ਨਾਲ 'ਇਕਪਾਸੜ ਵਪਾਰ' ਕੀਤਾ ਹੈ ਅਤੇ ਅਮਰੀਕੀ ਉਤਪਾਦਾਂ 'ਤੇ ਭਾਰੀ ਟੈਰਿਫ (ਆਯਾਤ ਡਿਊਟੀ) ਲਗਾਈ ਹੈ। ਡੋਨਾਲਡ ਟਰੰਪ ਵਾਰ-ਵਾਰ ਦੋਸ਼ ਲਗਾ ਰਹੇ ਹਨ ਕਿ ਭਾਰਤ ਨੇ ਅਮਰੀਕਾ ਨਾਲ ਵਪਾਰ ਵਿਚ ਅਨੁਚਿਤ ਫਾਇਦਾ ਉਠਾਇਆ ਹੈ ਅਤੇ ਅਮਰੀਕਾ ਦੇ ਵਪਾਰ ਘਾਟੇ ਵਿਚ ਬਹੁਤ ਯੋਗਦਾਨ ਪਾਇਆ ਹੈ।



2023 ਵਿਚ ਭਾਰਤ ਅਤੇ ਅਮਰੀਕਾ ਵਿਚਕਾਰ ਸੇਵਾਵਾਂ ਵਿਚ ਵਪਾਰ ਲਗਭਗ $83.4 ਬਿਲੀਅਨ ਸੀ, ਜਿਸ ਵਿਚ ਅਮਰੀਕਾ ਨੇ ਭਾਰਤ ਨੂੰ 41.8 ਬਿਲੀਅਨ ਡਾਲਰ ਸੇਵਾਵਾਂ ਵੇਚੀਆਂ ਅਤੇ ਭਾਰਤ ਨੇ ਅਮਰੀਕਾ ਨੂੰ 41.6 ਬਿਲੀਅਨ ਡਾਲਰ ਸੇਵਾਵਾਂ ਵੇਚੀਆਂ।

ਭਾਵ, ਵਪਾਰ ਇੱਥੇ ਵੀ ਹੈ। ਫਿਰ ਟਰੰਪ ਦਾ 'ਇਕਪਾਸੜ' ਵਪਾਰ ਦਾ ਦੋਸ਼ ਕਿਵੇਂ ਸੱਚ ਹੋ ਸਕਦਾ ਹੈ? ਤਾਂ ਕੀ ਭਾਰਤ ਸਭ ਤੋਂ ਵੱਡਾ ਦੋਸ਼ੀ ਹੈ? ਬਿਲਕੁਲ ਨਹੀਂ। ਚੀਨ, ਯੂਰਪ, ਮੈਕਸੀਕੋ ਅਤੇ ਵੀਅਤਨਾਮ ਵਰਗੇ ਦੇਸ਼ਾਂ ਨਾਲ ਅਮਰੀਕਾ ਦਾ ਵਪਾਰ ਘਾਟਾ ਭਾਰਤ ਨਾਲੋਂ ਕਈ ਗੁਣਾ ਜ਼ਿਆਦਾ ਹੈ। ਫਿਰ ਭਾਰਤ 'ਤੇ ਇੰਨਾ ਹੰਗਾਮਾ ਕਿਉਂ?

ਟਰੰਪ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਭਾਰਤ ਅਮਰੀਕਾ ਦਾ ਸਭ ਤੋਂ ਵੱਡਾ "ਲਾਭਪਾਤਰੀ" ਹੈ। ਪਰ ਸੱਚਾਈ ਇਹ ਹੈ ਕਿ ਅਮਰੀਕਾ ਦਾ ਵਪਾਰ ਘਾਟਾ (2024 ਤੱਕ) ਚੀਨ (270 ਬਿਲੀਅਨ ਡਾਲਰ) ਦੇ ਨਾਲ ਸਭ ਤੋਂ ਵੱਧ ਹੈ। ਫਿਰ ਯੂਰਪੀਅਨ ਯੂਨੀਅਨ (161 ਬਿਲੀਅਨ ਡਾਲਰ), ਮੈਕਸੀਕੋ (157 ਬਿਲੀਅਨ ਡਾਲਰ), ਵੀਅਤਨਾਮ (113 ਬਿਲੀਅਨ ਡਾਲਰ), ਤਾਈਵਾਨ (67.4 ਬਿਲੀਅਨ ਡਾਲਰ), ਜਾਪਾਨ (62.6 ਬਿਲੀਅਨ ਡਾਲਰ), ਦੱਖਣੀ ਕੋਰੀਆ 60.2 ਬਿਲੀਅਨ ਡਾਲਰ, ਕੈਨੇਡਾ 54.8 ਬਿਲੀਅਨ ਡਾਲਰ, ਥਾਈਲੈਂਡ 41.5 ਬਿਲੀਅਨ ਡਾਲਰ ਅਤੇ ਭਾਰਤ ਵੀ ਸਿਰਫ਼ 41.5 ਬਿਲੀਅਨ ਡਾਲਰ। ਇਸਦਾ ਮਤਲਬ ਹੈ ਕਿ ਭਾਰਤ ਅਮਰੀਕਾ ਦੇ ਕੁੱਲ ਵਪਾਰ ਘਾਟੇ ਵਿਚ ਸਿਰਫ 3% ਦਾ ਯੋਗਦਾਨ ਪਾਉਂਦਾ ਹੈ। ਜੇਕਰ ਇਹ 'ਲੁੱਟ' ਹੈ, ਤਾਂ ਟਰੰਪ ਚੀਨ ਅਤੇ ਯੂਰਪ ਦੇ ਵਿਰੁੱਧ ਇੰਨਾ ਹਮਲਾਵਰ ਕਿਉਂ ਨਹੀਂ ਹੈ?

ਸਾਲ 2000 ਵਿਚ ਭਾਰਤ ਅਤੇ ਅਮਰੀਕਾ ਵਿਚਕਾਰ ਰੱਖਿਆ ਵਪਾਰ ਲਗਭਗ ਜ਼ੀਰੋ ਸੀ। ਪਰ 2024 ਤੱਕ ਇਹ ਵਧ ਕੇ 22 ਬਿਲੀਅਨ ਡਾਲਰ ਹੋ ਗਿਆ ਹੈ। ਕੀ ਇਸਨੂੰ 'ਇੱਕ ਪਾਸੜ ਨੁਕਸਾਨ' ਵੀ ਕਿਹਾ ਜਾਵੇਗਾ?

ਇਸਦਾ ਮਤਲਬ ਹੈ ਕਿ ਜਦੋਂ ਉਹ ਰਾਸ਼ਟਰਪਤੀ ਸਨ, ਉਦੋਂ ਵੀ ਭਾਰਤ ਨੇ ਅਮਰੀਕੀ ਹਥਿਆਰ ਖਰੀਦੇ ਸਨ। ਹੁਣ ਉਹ ਉਸੇ ਭਾਰਤ ਨੂੰ ਦੋਸ਼ੀ ਠਹਿਰਾ ਰਿਹਾ ਹੈ?

ਭਾਰਤ ਨੇ ਕਈ ਖੇਤਰਾਂ ਵਿਚ ਟੈਰਿਫ ਘਟਾ ਦਿੱਤੇ ਹਨ - ਖਾਸ ਕਰਕੇ ਤਕਨਾਲੋਜੀ, ਡਾਕਟਰੀ ਉਪਕਰਣ ਅਤੇ ਰੱਖਿਆ ਵਿਚ। ਪਰ ਭਾਰਤ ਨੂੰ ਵੀ ਆਪਣੇ ਕਿਸਾਨਾਂ, ਛੋਟੇ ਉਦਯੋਗਾਂ ਅਤੇ ਸਥਾਨਕ ਅਰਥਵਿਵਸਥਾ ਦੀ ਰੱਖਿਆ ਕਰਨ ਦਾ ਅਧਿਕਾਰ ਹੈ - ਜਿਵੇਂ ਕਿ ਅਮਰੀਕਾ ਖੁਦ ਕਰਦਾ ਹੈ। ਟਰੰਪ ਅਮਰੀਕਾ ਵਿਚ 'ਬਾਈ ਅਮਰੀਕਨ ਐਂਡ ਅਮਰੀਕਾ ਫਸਟ' ਦੀ ਗੱਲ ਕਰਦਾ ਹੈ, ਤਾਂ ਉਸ ਨੂੰ ਕੋਈ ਸਮੱਸਿਆ ਕਿਉਂ ਹੈ, ਜੇਕਰ ਭਾਰਤ ਆਪਣੇ ਸਥਾਨਕ ਹਿੱਤਾਂ ਨੂੰ ਤਰਜੀਹ ਦਿੰਦਾ ਹੈ?

## ਟਰੰਪ ਵੱਲੋਂ ਸਾਬਕਾ ਉਪ ਰਾਸ਼ਟਰਪਤੀ ਹੈਰਿਸ ਦੀ 'ਸੀਕ੍ਰੇਟ ਸਰਵਿਸ' ਸੁਰੱਖਿਆ ਲਈ ਗਈ ਵਾਪਸ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ 'ਸੀਕ੍ਰੇਟ ਸਰਵਿਸ' ਸੁਰੱਖਿਆ ਵਾਪਸ ਲੈ ਲਈ ਹੈ। ਸਾਬਕਾ ਉਪ ਰਾਸ਼ਟਰਪਤੀਆਂ ਨੂੰ ਅਹੁਦਾ ਛੱਡਣ ਤੋਂ ਬਾਅਦ ਵੱਧ ਤੋਂ ਵੱਧ 6 ਮਹੀਨੇ ਤੱਕ ਸੰਘੀ ਸਰਕਾਰ ਦੀ ਸੁਰੱਖਿਆ ਮਿਲਦੀ ਹੈ, ਜਦੋਂ ਕਿ ਸਾਬਕਾ ਰਾਸ਼ਟਰਪਤੀਆਂ ਨੂੰ ਜੀਵਨ ਭਰ ਦੀ ਸੁਰੱਖਿਆ ਮਿਲਦੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਤਤਕਾਲੀ ਰਾਸ਼ਟਰਪਤੀ ਜੋਅ ਬਾਇਡਨ ਨੇ ਗੁਪਤ ਤਰੀਕੇ ਨਾਲ ਇਕ ਨਿਰਦੇਸ਼ 'ਤੇ ਦਸਤਖਤ ਕੀਤੇ ਸਨ, ਜਿਸ ਤਹਿਤ ਹੈਰਿਸ ਦੀ ਸੁਰੱਖਿਆ 6 ਮਹੀਨੇ ਤੋਂ ਵੱਧ ਸਮੇਂ ਤੱਕ ਵਧਾ ਦਿੱਤੀ ਗਈ ਸੀ।

## ਅਮਰੀਕੀ ਨਿਵੇਸ਼ ਬੈਂਕ 'ਜੈਫਰੀਜ਼' ਵੱਲੋਂ ਖੁਲਾਸਾ: ਟਰੰਪ ਨੇ ਭਾਰਤ ਨਾਲ ਨਾਰਾਜ਼ਗੀ ਕਰਕੇ ਲਾਏ ਟੈਰਿਫ਼!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਿਵੇਸ਼ ਬੈਂਕ 'ਜੈਫਰੀਜ਼' ਨੇ ਖੁਲਾਸਾ ਕੀਤਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ 50 ਫ਼ੀਸਦੀ ਟੈਰਿਫ਼ ਇਸ ਲਈ ਲਗਾਏ ਕਿਉਂਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਕਸ਼ਮੀਰ ਮਸਲੇ 'ਤੇ ਵਿਚੋਲਗੀ ਕਰਨ ਵਿਚ ਅਸਫਲ ਰਹੇ।

ਰਿਪੋਰਟ ਮੁਤਾਬਕ ਟਰੰਪ ਦੀ ਨੀਤੀ "ਸੌਦਾ ਕਰਨ ਦੀ ਰਾਜਨੀਤੀ" 'ਤੇ ਆਧਾਰਿਤ ਸੀ, ਜਿਸ ਵਿਚ ਉਹ ਦੇਸ਼ਾਂ ਨੂੰ ਵਪਾਰਕ ਦਬਾਅ ਰਾਹੀਂ ਆਪਣੀਆਂ ਗੱਲਾਂ ਮਨਵਾਉਣ ਲਈ ਮਜਬੂਰ ਕਰਦੇ ਹਨ।

ਜੈਫਰੀਜ਼ ਦੀ ਰਿਪੋਰਟ ਵਿਚ ਕਿਹਾ ਗਿਆ ਕਿ ਟਰੰਪ ਨੇ ਕਈ ਵਾਰ ਜਨਤਕ ਤੌਰ 'ਤੇ ਦਾਅਵਾ ਕੀਤਾ ਕਿ ਉਹ ਕਸ਼ਮੀਰ ਮੁੱਦੇ ਦਾ ਹੱਲ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਨੇ ਭਾਰਤ-ਪਾਕਿ ਵਿਚਾਲੇ ਜੰਗ ਵੀ ਰੁਕਵਾਈ, ਪਰ ਭਾਰਤ ਨੇ ਇਸ ਮੁੱਦੇ 'ਤੇ ਕਿਸੇ ਵੀ ਬਾਹਰੀ ਦਖ਼ਲਅੰਦਾਜ਼ੀ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ। ਇਸ ਤੋਂ ਬਾਅਦ




ਟਰੰਪ ਨੇ ਭਾਰਤ 'ਤੇ ਟੈਰਿਫ਼ ਲਗਾ ਕੇ ਆਪਣੀ ਨਾਰਾਜ਼ਗੀ ਜਤਾਈ।

ਜ਼ਿਕਰਯੋਗ ਹੈ ਕਿ ਟਰੰਪ ਦੇ ਕਾਰਜਕਾਲ ਦੌਰਾਨ ਅਮਰੀਕਾ-ਭਾਰਤ ਵਪਾਰਕ ਸਬੰਧ ਕਈ ਵਾਰ ਤਣਾਅ ਦਾ ਸ਼ਿਕਾਰ ਹੋ ਚੁੱਕੇ ਹਨ। ਖ਼ਾਸਕਰ, ਸਟੀਲ, ਐਲੂਮੀਨੀਅਮ ਅਤੇ ਹੋਰ ਨਿਰਯਾਤ ਉਤਪਾਦਾਂ 'ਤੇ ਲੱਗੇ ਭਾਰੀ ਟੈਰਿਫ਼ਾਂ ਨੇ ਭਾਰਤੀ ਵਪਾਰ 'ਤੇ ਵੱਡਾ ਅਸਰ ਪਾਇਆ ਹੈ।

ਮੌਜੂਦਾ ਸਮੇਂ ਵਿਚ ਅਮਰੀਕੀ ਅਦਾਲਤਾਂ ਨੇ ਟਰੰਪ ਵੱਲੋਂ ਲਗਾਏ ਕਈ ਟੈਰਿਫ਼ਾਂ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ। ਇਸ ਦੇ ਬਾਵਜੂਦ, ਟਰੰਪ ਦਾ ਰੁਖ਼ ਇਹ ਰਿਹਾ ਹੈ ਕਿ "ਸਾਰੇ ਟੈਰਿਫ਼ ਅਜੇ ਵੀ ਲਾਗੂ ਹਨ", ਜਿਸ ਨਾਲ ਭਵਿੱਖ ਵਿਚ ਦੋਨਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧਾਂ ਨੂੰ ਲੈ ਕੇ ਅਨਿਸ਼ਚਿਤਤਾ ਬਣੀ ਹੋਈ ਹੈ।

# ਭਾਰਤੀ ਡਾਕ ਵਿਭਾਗ ਵੱਲੋਂ ਅਮਰੀਕਾ ਲਈ ਡਾਕ ਸੇਵਾਵਾਂ ਮੁਅੱਤਲ!

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ਅਤੇ ਅਮਰੀਕਾ ਵਿਚਕਾਰ ਚੱਲ ਰਹੇ ਟੈਰਿਫ ਵਿਵਾਦ ਦਾ ਪ੍ਰਭਾਵ ਹੁਣ ਆਮ ਲੋਕਾਂ ਤੱਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਭਾਰਤੀ ਡਾਕ ਵਿਭਾਗ ਨੇ ਅਮਰੀਕਾ ਜਾਣ ਵਾਲੀਆਂ ਸਾਰੀਆਂ ਡਾਕ ਸੇਵਾਵਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਸਦਾ ਮਤਲਬ ਹੈ ਕਿ ਹੁਣ 100 ਡਾਲਰ ਤੱਕ ਦੇ ਕੋਈ ਵੀ ਪੱਤਰ, ਦਸਤਾਵੇਜ਼, ਪਾਰਸਲ ਜਾਂ ਤੋਹਫ਼ੇ ਅਮਰੀਕਾ ਨਹੀਂ ਭੇਜੇ ਜਾ ਸਕਦੇ।

ਮਾਮਲਾ 30 ਜੁਲਾਈ 2025 ਨੂੰ ਅਮਰੀਕਾ ਦੁਆਰਾ ਜਾਰੀ ਆਰਡਰ ਨੰਬਰ 14324 ਦਾ ਹੈ। ਇਸ ਆਦੇਸ਼ ਅਨੁਸਾਰ, ਹੁਣ ਅਮਰੀਕਾ ਵਿਚ 800 ਡਾਲਰ ਤੱਕ ਦੇ ਸਾਰੇ ਸਾਮਾਨ 'ਤੇ ਕੋਈ ਟੈਕਸ ਜਾਂ ਛੋਟ ਨਹੀਂ ਹੋਵੇਗੀ। ਇਹ ਨਵਾਂ ਟੈਕਸ ਨਿਯਮ 29 ਅਗਸਤ ਤੋਂ ਲਾਗੂ ਹੋ ਗਿਆ ਹੈ। ਇਸ ਕਾਰਨ ਭਾਰਤੀ ਡਾਕ ਵਿਭਾਗ ਨੇ ਸਾਵਧਾਨੀ ਵਜੋਂ ਅਮਰੀਕਾ ਜਾਣ ਵਾਲੀਆਂ ਸਾਰੀਆਂ ਡਾਕ ਸੇਵਾਵਾਂ ਨੂੰ ਬੰਦ ਕਰ ਦਿੱਤਾ ਹੈ। ਡਾਕ ਵਿਭਾਗ ਵੱਲੋਂ ਜਾਰੀ ਨੋਟਿਸ ਵਿਚ ਕਿਹਾ ਗਿਆ ਹੈ ਕਿ ਇਹ ਸੇਵਾ ਉਦੋਂ ਤੱਕ ਬੰਦ ਰਹੇਗੀ, ਜਦੋਂ ਤੱਕ ਕਸਟਮ ਟੈਕਸ ਅਤੇ ਡੇਟਾ ਐਕਸਚੇਂਜ ਨਾਲ ਸਬੰਧਤ ਸਾਰੇ ਸਿਸਟਮ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਜਾਂਦੇ।

ਅਮਰੀਕਾ ਨੇ ਇੱਕ ਹੋਰ ਆਦੇਸ਼ ਵੀ ਦਿੱਤਾ ਹੈ, ਜਿਸ ਵਿਚ 100 ਡਾਲਰ ਤੋਂ ਵੱਧ ਮੁੱਲ ਦੀਆਂ ਵਸਤੂਆਂ 'ਤੇ ਕਸਟਮ ਟੈਕਸ ਦੇਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਇਹ ਟੈਕਸ ਇਕੱਠਾ ਕਰਨ ਵਾਲੀਆਂ ਕੰਪਨੀਆਂ ਜਾਂ ਏਜੰਸੀਆਂ ਨੂੰ ਅਮਰੀਕੀ ਕਸਟਮ ਵਿਭਾਗ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਹਾਲਾਂਕਿ 15 ਅਗਸਤ ਨੂੰ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ, ਪਰ ਬਹੁਤ ਸਾਰੀਆਂ ਮਹੱਤਵਪੂਰਨ ਗੱਲਾਂ ਅਜੇ ਵੀ ਸਪੱਸ਼ਟ ਨਹੀਂ ਹਨ, ਜਿਵੇਂ ਕਿ ਕਿਹੜੀਆਂ ਕੰਪਨੀਆਂ ਟੈਕਸ ਇਕੱਠਾ ਕਰਨਗੀਆਂ ਅਤੇ ਟੈਕਸ ਇਕੱਠਾ ਕਰਨ ਦਾ ਤਰੀਕਾ ਕੀ ਹੋਵੇਗਾ। 25 ਅਗਸਤ ਤੋਂ ਬਾਅਦ ਅਮਰੀਕਾ ਜਾਣ ਵਾਲੀਆਂ ਉਡਾਣਾਂ ਅਤੇ ਕੋਰੀਅਰ ਕੰਪਨੀਆਂ ਨੇ ਭਾਰਤੀ ਡਾਕ ਸਾਮਾਨ ਲੈਣਾ ਬੰਦ ਕਰ ਦਿੱਤਾ ਸੀ। ਉਸ ਸਮੇਂ ਕਿਹਾ ਗਿਆ ਸੀ ਕਿ 100 ਡਾਲਰ ਤੱਕ ਦੇ ਤੋਹਫ਼ੇ ਦੀਆਂ ਚੀਜ਼ਾਂ ਅਤੇ ਦਸਤਾਵੇਜ਼ ਭੇਜੇ ਜਾ ਸਕਦੇ ਹਨ, ਪਰ ਹੁਣ ਇਹ ਸੇਵਾ ਵੀ ਬੰਦ ਕਰ ਦਿੱਤੀ ਗਈ ਹੈ।

ਇਹ ਫੈਸਲਾ ਉਨ੍ਹਾਂ ਭਾਰਤੀਆਂ ਲਈ ਵਿਸ਼ੇਸ਼ ਚਿੰਤਾ ਦਾ ਵਿਸ਼ਾ ਹੈ, ਜੋ ਅਮਰੀਕਾ ਵਿਚ ਰਹਿੰਦੇ ਆਪਣੇ ਪਰਿਵਾਰ ਜਾਂ ਦੋਸਤਾਂ ਨੂੰ ਦਸਤਾਵੇਜ਼, ਤੋਹਫ਼ੇ ਜਾਂ ਪਾਰਸਲ ਭੇਜਦੇ ਸਨ। ਹੁਣ ਉਹ ਰਵਾਇਤੀ ਡਾਕ ਸੇਵਾਵਾਂ 'ਤੇ ਭਰੋਸਾ ਨਹੀਂ ਕਰ ਸਕਣਗੇ ਅਤੇ ਉਨ੍ਹਾਂ ਨੂੰ ਮਹਿੰਗੀਆਂ ਕੋਰੀਅਰ ਕੰਪਨੀਆਂ ਦਾ ਸਹਾਰਾ ਲੈਣਾ ਪਵੇਗਾ। ਡਾਕ ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਨੇ ਪਹਿਲਾਂ ਹੀ ਅਮਰੀਕਾ ਭੇਜਣ ਲਈ ਡਾਕ ਬੁੱਕ ਕੀਤੀ ਹੈ ਅਤੇ ਹੁਣ ਉਹ ਡਾਕ ਨਹੀਂ ਭੇਜੀ ਜਾ ਸਕੇਗੀ, ਉਹ ਆਪਣੇ ਪੈਸੇ ਵਾਪਸ ਦਾਅਵਾ ਕਰ ਸਕਦੇ ਹਨ। ਸਰਕਾਰ ਨੇ ਕਿਹਾ ਹੈ ਕਿ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਜਲਦੀ ਤੋਂ ਜਲਦੀ ਡਾਕ ਸੇਵਾਵਾਂ ਨੂੰ ਬਹਾਲ ਕਰਨ ਦੇ ਯਤਨ ਕੀਤੇ ਜਾਣਗੇ। ਪਰ ਸਾਨੂੰ ਉਦੋਂ ਤੱਕ ਉਡੀਕ ਕਰਨੀ ਪਵੇਗੀ, ਜਦੋਂ ਤੱਕ ਅਮਰੀਕੀ ਕਸਟਮ ਅਤੇ ਸੁਰੱਖਿਆ ਵਿਭਾਗ (ਸੀ.ਬੀ.ਪੀ.) ਡੇਟਾ ਸਾਂਝਾ ਕਰਨ ਅਤੇ ਟੈਕਸ ਇਕੱਠਾ ਕਰਨ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰਦਾ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਦਮ ਭਾਰਤ ਅਤੇ ਅਮਰੀਕਾ ਵਿਚਕਾਰ ਵਧਦੇ ਵਪਾਰਕ ਤਣਾਅ ਕਾਰਨ ਚੁੱਕਿਆ ਗਿਆ ਹੈ। ਦੋਵਾਂ ਦੇਸ਼ਾਂ ਵਿਚਕਾਰ ਕਸਟਮ ਅਤੇ ਡੇਟਾ ਐਕਸਚੇਂਜ 'ਤੇ ਸਮਝੌਤੇ ਤੋਂ ਬਿਨਾਂ ਡਾਕ ਸੇਵਾਵਾਂ ਦਾ ਆਮ ਸੰਚਾਲਨ ਅਸੰਭਵ ਹੈ।

# ਟਰੰਪ ਪ੍ਰਸ਼ਾਸਨ ਐੱਚ-1ਬੀ ਤੇ ਗ੍ਰੀਨ ਕਾਰਡ ਪ੍ਰਕਿਰਿਆ 'ਚ ਕਰੇਗਾ ਬਦਲਾਅ

**ਵਾਸ਼ਿੰਗਟਨ (ਪੰਜਾਬ ਮੇਲ)-** ਅਮਰੀਕੀ ਵਣਜ ਸਕੱਤਰ ਹਾਵਰਡ ਲਿਊਟਨਿਕ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਐੱਚ-1ਬੀ ਪ੍ਰੋਗਰਾਮ ਅਤੇ ਗ੍ਰੀਨ ਕਾਰਡ ਪ੍ਰਕਿਰਿਆ ਵਿਚ ਬਦਲਾਅ ਲਿਆਉਣ ਦੀ ਯੋਜਨਾ ਬਣਾ ਰਿਹਾ ਹੈ। ਐੱਚ-1ਬੀ ਭਾਰਤੀ ਆਈ.ਟੀ. ਪੇਸ਼ੇਵਰਾਂ ਵਿਚ ਸਭ ਤੋਂ ਵੱਧ ਮੰਗਿਆ ਜਾਣ ਵਾਲਾ ਗੈਰ-ਪ੍ਰਵਾਸੀ ਵੀਜ਼ਾ ਹੈ। ਲਿਊਟਨਿਕ ਨੇ ਇਕ ਇੰਟਰਵਿਊ ਵਿਚ ਕਿਹਾ, "ਮੈਂ ਐੱਚ-1ਬੀ ਪ੍ਰੋਗਰਾਮ ਨੂੰ ਬਦਲਣ ਦੀ ਪ੍ਰਕਿਰਿਆ ਵਿਚ ਸ਼ਾਮਲ ਹਾਂ। ਅਸੀਂ ਉਸ ਪ੍ਰੋਗਰਾਮ ਨੂੰ ਬਦਲਣ 'ਤੇ ਕੰਮ ਕਰ ਰਹੇ ਹਾਂ, ਕਿਉਂਕਿ ਇਹ ਬਹੁਤ ਮਾੜਾ ਹੈ।" ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਗ੍ਰੀਨ ਕਾਰਡ ਪ੍ਰਕਿਰਿਆ ਵਿਚ ਬਦਲਾਅ ਕਰਨ 'ਤੇ ਵੀ ਵਿਚਾਰ ਕਰ ਰਿਹਾ ਹੈ, ਜਿਸ ਦੇ ਤਹਿਤ ਅਮਰੀਕਾ ਵਿਚ ਸਥਾਈ ਨਿਵਾਸ ਦਿੱਤਾ ਜਾਂਦਾ ਹੈ। ਲਿਊਟਨਿਕ ਨੇ ਕਿਹਾ, "ਤੁਸੀਂ ਜਾਣਦੇ ਹੋ, ਅਸੀਂ ਗ੍ਰੀਨ ਕਾਰਡ ਦਿੰਦੇ ਹਾਂ। ਔਸਤ ਅਮਰੀਕੀ ਹਰ ਸਾਲ 75,000 ਅਮਰੀਕੀ ਡਾਲਰ ਕਮਾਉਂਦਾ ਹੈ, ਅਤੇ ਔਸਤ ਗ੍ਰੀਨ ਕਾਰਡ ਪ੍ਰਾਪਤਕਰਤਾ 66,000 ਅਮਰੀਕੀ ਡਾਲਰ ਕਮਾਉਂਦਾ ਹੈ। ਅਸੀਂ ਇਸ ਸਭ ਨੂੰ ਦੇਖ ਰਹੇ ਹਾਂ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਜਿਹਾ ਕਿਉਂ ਹੁੰਦਾ ਹੈ? ਇਸੇ ਲਈ ਡੋਨਾਲਡ ਟਰੰਪ ਇਸਨੂੰ ਬਦਲਣ ਜਾ ਰਹੇ ਹਨ। ਗੋਲਡ ਕਾਰਡ ਆ ਰਿਹਾ ਹੈ ਅਤੇ ਅਸੀਂ ਦੇਸ਼ ਵਿਚ ਆਉਣ ਵਾਲੇ ਸਭ ਤੋਂ ਵਧੀਆ ਲੋਕਾਂ ਨੂੰ ਚੁਣਾਂਗੇ। ਹੁਣ ਇਸਨੂੰ ਬਦਲਣ ਦਾ ਸਮਾਂ ਆ ਗਿਆ ਹੈ।"




ਐੱਚ-1ਬੀ ਵੀਜ਼ਾ ਤੋਂ ਭਾਰਤੀਆਂ ਨੂੰ ਸਭ ਤੋਂ ਵੱਧ ਫਾਇਦਾ ਹੁੰਦਾ ਹੈ। ਇੱਕ ਸੋਸ਼ਲ ਮੀਡੀਆ ਪੋਸਟ ਵਿਚ ਲਿਊਟਨਿਕ ਨੇ ਕਿਹਾ, "ਮੌਜੂਦਾ ਐੱਚ-1ਬੀ ਵੀਜ਼ਾ ਪ੍ਰਣਾਲੀ ਇੱਕ ਘੁਟਾਲਾ ਹੈ, ਜਿਸ ਦੇ ਤਹਿਤ ਅਮਰੀਕੀਆਂ ਦੀਆਂ ਨੌਕਰੀਆਂ ਵਿਦੇਸ਼ੀ ਕਾਮਿਆਂ ਨੂੰ ਦਿੱਤੀਆਂ ਜਾਂਦੀਆਂ ਹਨ। ਅਮਰੀਕੀ ਕਾਮਿਆਂ ਨੂੰ ਨੌਕਰੀ 'ਤੇ ਰੱਖਣਾ ਸਾਰੀਆਂ ਵੱਡੀਆਂ ਅਮਰੀਕੀ ਕੰਪਨੀਆਂ ਦੀ ਤਰਜੀਹ ਹੋਣੀ ਚਾਹੀਦੀ ਹੈ।

ਹੁਣ ਅਮਰੀਕੀਆਂ ਨੂੰ ਨੌਕਰੀ 'ਤੇ ਰੱਖਣ ਦਾ ਸਮਾਂ ਆ ਗਿਆ ਹੈ।" ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਇੱਕ ਇੰਟਰਵਿਊ ਵਿਚ ਕਿਹਾ ਕਿ ਐੱਚ-1ਬੀ ਵੀਜ਼ਾ "ਪੂਰਾ ਤਰ੍ਹਾਂ ਨਾਲ ਘੁਟਾਲਾ" ਬਣ ਗਿਆ ਹੈ। ਉਨ੍ਹਾਂ ਕਿਹਾ, "ਇਹ ਕੰਪਨੀਆਂ ਸਿਸਟਮ ਨਾਲ ਖੇਡ ਰਹੀਆਂ ਹਨ। ਇਨ੍ਹਾਂ ਵਿਚੋਂ ਕੁਝ ਕੰਪਨੀਆਂ ਵੱਡੀ ਗਿਣਤੀ ਵਿਚ ਅਮਰੀਕੀਆਂ ਨੂੰ ਨੌਕਰੀ ਤੋਂ ਕੱਢ ਰਹੀਆਂ ਹਨ, ਜਦੋਂ ਕਿ ਉਹ ਨਵੇਂ ਐੱਚ-1ਬੀ ਵੀਜ਼ਾ ਵੀ ਲੈ ਰਹੀਆਂ ਹਨ ਅਤੇ ਐੱਚ-1ਬੀ ਦਾ ਨਵੀਨੀਕਰਨ ਵੀ ਕਰਵਾ ਰਹੀਆਂ ਹਨ।"


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਵੱਲੋਂ ਵਿਦਿਆਰਥੀਆਂ ਅਤੇ ਪੱਤਰਕਾਰਾਂ ਲਈ ਵੀਜ਼ਾ ਨੀਤੀ ’ਚ ਤਬਦੀਲੀਆਂ; ਸਖ਼ਤ ਸਮਾਂ ਸੀਮਾ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਪੜ੍ਹਾਈ ਜਾਂ ਰਿਪੋਰਟਿੰਗ ਕਰਨ ਦੀ ਯੋਜਨਾ ਬਣਾ ਰਹੇ ਵਿਦੇਸ਼ੀ ਵਿਦਿਆਰਥੀਆਂ ਅਤੇ ਪੱਤਰਕਾਰਾਂ ਲਈ ਹੁਣ ਚੀਜ਼ਾਂ ਪਹਿਲਾਂ ਵਾਂਗ ਆਸਾਨ ਨਹੀਂ ਰਹਿਣ ਵਾਲੀਆਂ ਹਨ। ਅਮਰੀਕਾ ਨੇ ਆਪਣੀ ਵੀਜ਼ਾ ਪ੍ਰਣਾਲੀ ਵਿਚ ਮਹੱਤਵਪੂਰਨ ਤਬਦੀਲੀਆਂ ਦਾ ਐਲਾਨ ਕੀਤਾ ਹੈ, ਜੋ ਨਾ ਸਿਰਫ਼ ਵੀਜ਼ਾ ਦੀ ਮਿਆਦ ਨੂੰ ਸੀਮਤ ਕਰੇਗਾ, ਬਲਕਿ ਨਿਗਰਾਨੀ ਪ੍ਰਣਾਲੀ ਨੂੰ ਵੀ ਹੋਰ ਸਖ਼ਤ ਕਰੇਗਾ। ਹੁਣ ਤੱਕ ਵਿਦੇਸ਼ੀ ਵਿਦਿਆਰਥੀ, ਪੱਤਰਕਾਰ ਜਾਂ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਵਾਲੇ ਆਪਣੀਆਂ ਗਤੀਵਿਧੀਆਂ ਦੀ ਮਿਆਦ ਲਈ ਅਮਰੀਕਾ ਵਿਚ ਰਹਿ ਸਕਦੇ ਸਨ ਪਰ ਨਵੀਂ ਨੀਤੀ ਤਹਿਤ ਹੁਣ ਇਨ੍ਹਾਂ ਸ਼੍ਰੇਣੀਆਂ ਲਈ ਵੱਧ ਤੋਂ ਵੱਧ ਠਹਿਰਨ ਦੀ ਮਿਆਦ ਨਿਰਧਾਰਤ ਕੀਤੀ ਗਈ ਹੈ।

ਇਨ੍ਹਾਂ ਨਵੇਂ ਬਦਲਾਅ ਤਹਿਤ :

ਵਿਦੇਸ਼ੀ ਵਿਦਿਆਰਥੀਆਂ (ਐੱਫ-1 ਵੀਜ਼ਾ):

ਹੁਣ ਉਹ ਵੱਧ ਤੋਂ ਵੱਧ 4 ਸਾਲ ਲਈ ਅਮਰੀਕਾ ਵਿਚ ਰਹਿ ਸਕਣਗੇ, ਭਾਵੇਂ ਉਨ੍ਹਾਂ ਦੀ ਪੜ੍ਹਾਈ ਪੂਰੀ ਹੋਈ ਹੋਵੇ ਜਾਂ ਨਾ।

ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਪਲਬਧ 60 ਦਿਨਾਂ ਦੀ ਗ੍ਰੇਸ ਪੀਰੀਅਡ ਨੂੰ ਘਟਾ ਕੇ 30 ਦਿਨ ਕਰ




ਦਿੱਤਾ ਗਿਆ ਹੈ।

ਹੁਣ ਗ੍ਰੈਜੂਏਟ ਵਿਦਿਆਰਥੀਆਂ ਨੂੰ ਕੋਰਸ ਦੇ ਵਿਚਕਾਰ ਪ੍ਰੋਗਰਾਮ ਬਦਲਣ ਦੀ ਇਜਾਜ਼ਤ ਨਹੀਂ ਹੋਵੇਗੀ।

### ਐਕਸਚੇਂਜ ਪ੍ਰੋਗਰਾਮ ਦੇ ਭਾਗੀਦਾਰ (ਜੇ ਵੀਜ਼ਾ)

ਇਨ੍ਹਾਂ ਨੂੰ ਵੱਧ ਤੋਂ ਵੱਧ ਚਾਰ ਸਾਲ ਦੀ ਇਜਾਜ਼ਤ ਵੀ ਦਿੱਤੀ ਜਾਵੇਗੀ।

### ਵਿਦੇਸ਼ੀ ਪੱਤਰਕਾਰ (ਆਈ ਵੀਜ਼ਾ):

ਹੁਣ ਤੁਸੀਂ ਅਮਰੀਕਾ ਵਿਚ ਸਿਰਫ਼ 240 ਦਿਨਾਂ ਲਈ ਹੀ ਰਹਿ ਸਕੋਗੇ।

ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.) ਦਾ ਕਹਿਣਾ ਹੈ ਕਿ ਇਹ ਕਦਮ ਵੀਜ਼ਾ ਦੁਰਵਰਤੋਂ ਅਤੇ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ। ਵਿਭਾਗ ਦਾ ਮੰਨਣਾ ਹੈ ਕਿ ਪਹਿਲਾਂ “ਡਿਊਰੇਸ਼ਨ ਆਫ਼ ਸਟੇਟਸ” ਸਿਸਟਮ ਵਿਚ ਨਿਗਰਾਨੀ ਸੀਮਾਵਾਂ ਸਨ, ਜਿਸ ਕਾਰਨ ਕਈ ਵਾਰ ਲੋਕ ਨਿਰਧਾਰਤ ਸਮੇਂ ਤੋਂ ਵੱਧ ਸਮੇਂ ਤੱਕ ਰੁਕਦੇ ਸਨ ਜਾਂ ਨਿਯਮਾਂ ਦੀ ਉਲੰਘਣਾ ਕਰਦੇ ਸਨ। ਹੁਣ, ਜੇਕਰ ਕੋਈ ਵਿਅਕਤੀ ਨਿਰਧਾਰਤ ਸਮੇਂ ਤੋਂ ਬਾਅਦ ਵੀ ਅਮਰੀਕਾ ਵਿਚ ਰਹਿਣਾ ਚਾਹੁੰਦਾ ਹੈ, ਤਾਂ ਉਸ ਨੂੰ ਐਕਸਟੈਂਸ਼ਨ ਲਈ ਡੀ.ਐੱਚ.ਐੱਸ. ਤੋਂ ਵਿਸ਼ੇਸ਼ ਇਜਾਜ਼ਤ ਲੈਣੀ ਪਵੇਗੀ।

ਅੰਤਰਰਾਸ਼ਟਰੀ ਮਾਮਲਿਆਂ ਨਾਲ ਜੁੜੇ ਸਿੱਖਿਆ ਮਾਹਿਰਾਂ ਅਤੇ ਵਿਸ਼ਲੇਸ਼ਕਾਂ ਦੀ ਰਾਏ ਵਿਚ ਇਹ ਨਵੇਂ ਨਿਯਮ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਆਉਣ ਦੇ ਫੈਸਲੇ ਬਾਰੇ ਦੋ ਵਾਰ ਸੋਚਣ ਲਈ ਮਜਬੂਰ ਕਰ ਸਕਦੇ ਹਨ। ਖੋਜ-ਆਧਾਰਿਤ ਕੋਰਸਾਂ ਜਾਂ ਪੀ.ਐੱਚ.ਡੀ. ਵਰਗੇ ਲੰਬੇ ਸਮੇਂ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਚਕਾਰ ਵੀਜ਼ਾ ਐਕਸਟੈਂਸ਼ਨ ਪ੍ਰਕਿਰਿਆ ਵਿੱਚੋਂ ਲੰਘਣਾ ਪਵੇਗਾ, ਜਿਸ ਲਈ ਸਮਾਂ ਅਤੇ ਸਰੋਤ ਦੋਵਾਂ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਪੱਤਰਕਾਰਾਂ ਲਈ ਸੀਮਤ ਸਮਾਂ ਮਿਆਦ ਦੀ ਸ਼ਰਤ ਉਨ੍ਹਾਂ ਦੀ ਰਿਪੋਰਟਿੰਗ ਆਜ਼ਾਦੀ ਨੂੰ ਪ੍ਰਭਾਵਿਤ ਕਰ ਸਕਦੀ ਹੈ, ਖਾਸ ਕਰਕੇ ਜਦੋਂ ਉਹ ਲੰਬੇ ਰਿਪੋਰਟਿੰਗ ਪ੍ਰੋਜੈਕਟਾਂ ’ਤੇ ਕੰਮ ਕਰ ਰਹੇ ਹੁੰਦੇ ਹਨ।

## ਭਾਰਤ ’ਤੇ 50 ਫ਼ੀਸਦੀ ਟੈਰਿਫ਼ ਲਗਾਉਣ ਮਗਰੋਂ ਭਾਰਤ ਦੇ ਹੱਕ ’ਚ ਉੱਤਰੇ ਅਮਰੀਕੀ ਯਹੂਦੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਯਹੂਦੀਆਂ ਦੇ ਇਕ ਸਮਰਥਕ ਸਮੂਹ ਨੇ ਰੂਸ ਤੋਂ ਤੇਲ ਖਰੀਦਣ ਸਬੰਧੀ ਭਾਰਤ ਦੀ ਆਲੋਚਨਾ ਕਰਨ ’ਤੇ ਅਮਰੀਕੀ ਅਧਿਕਾਰੀਆਂ ਉੱਪਰ ਨਿਸ਼ਾਨਾ ਲਾਇਆ ਹੈ ਅਤੇ ਕਿਹਾ ਹੈ ਕਿ ਰੂਸ-ਯੂਕਰੇਨ ਸੰਕਟ ਲਈ ਭਾਰਤ ਜ਼ਿੰਮੇਵਾਰ ਨਹੀਂ ਹੈ। ਸਮੂਹ ਨੇ ਅਮਰੀਕਾ-ਭਾਰਤ ਰਿਸ਼ਤਿਆਂ ਨੂੰ ਬਿਹਤਰ ਬਣਾਉਣ ਦਾ ਸੱਦਾ ਦਿੱਤਾ।

ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਰੂਸ ਤੋਂ ਤੇਲ ਖਰੀਦਣ ’ਤੇ ਭਾਰਤ ਦੀ ਆਲੋਚਨਾ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਤੇਲ ਤੋਂ ਮਿਲੇ ਪੈਸਿਆਂ ਨਾਲ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਯੂਕਰੇਨ ਖਿਲਾਫ ਜੰਗ ਜਾਰੀ ਰੱਖਣ ਵਿਚ ਮਦਦ ਮਿਲ ਰਹੀ ਹੈ। ਅਮਰੀਕਾ ਜਿਊਇਸ਼ ਕਮੇਟੀ (ਏਜੰਸੀ) ਨੇ ਸ਼ੁੱਕਰਵਾਰ ਇਸ ਮਾਮਲੇ ’ਤੇ ਟਿੱਪਣੀ ਕੀਤੀ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਦੇ ਵਪਾਰ ਸਲਾਹਕਾਰ ਪੀਟਰ ਨਵਾਰੋ ਨੇ ਰੂਸ-ਯੂਕਰੇਨ ਸੰਕਟ ਨੂੰ ‘ਮੋਦੀ ਦੀ ਜੰਗ’ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਸ਼ਾਂਤੀ ਦਾ ਰਸਤਾ ਅੰਸ਼ਕ ਤੌਰ ’ਤੇ ਨਵੀਂ ਦਿੱਲੀ ਤੋਂ ਹੋ ਕੇ ਜਾਂਦਾ ਹੈ। ਏਜੰਸੀ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਵਿਚ ਕਿਹਾ ਕਿ ਉਹ ਅਮਰੀਕੀ ਅਧਿਕਾਰੀਆਂ ਵੱਲੋਂ ਭਾਰਤ ’ਤੇ ਕੀਤੇ ਗਏ ਜ਼ੁਬਾਨੀ ਹਮਲਿਆਂ ਤੋਂ ਬਹੁਤ ਹੈਰਾਨ ਤੇ ਫਿਕਰਮੰਦ ਹੈ। ਸਮੂਹ ਨੇ ਨਵਾਰੋ ਦੀ ਟਿੱਪਣੀ ਨੂੰ ‘ਅਪਮਾਨ ਭਰਿਆ ਦੋਸ਼’ ਕਰਾਰ ਦਿੱਤਾ। ਉਸ ਨੇ ਕਿਹਾ ਕਿ ਸਾਨੂੰ ਊਰਜਾ ਦੇ ਲੋੜਵੰਦ ਭਾਰਤ ਦੀ ਰੂਸੀ ਤੇਲ ’ਤੇ ਨਿਰਭਰਤਾ ’ਤੇ ਖੇਦ ਹੈ ਪਰ ਭਾਰਤ ਪੁਤਿਨ ਦੇ ਜੰਗੀ ਅਪਰਾਧਾਂ ਲਈ ਜ਼ਿੰਮਵਾਰ ਨਹੀਂ, ਇਹ ਇਕ ਸਹਿਯੋਗੀ ਲੋਕਤੰਤਰੀ ਦੇਸ਼ ਅਤੇ ਅਮਰੀਕਾ ਦਾ ਅਹਿਮ ਰਣਨੀਤਕ ਭਾਈਵਾਲ ਹੈ।

# ਅਮਰੀਕੀ ਵਿਦੇਸ਼ ਮੰਤਰੀ ਵੱਲੋਂ ਫਲਸਤੀਨੀ ਰਾਸ਼ਟਰਪਤੀ ਅਤੇ 80 ਅਧਿਕਾਰੀਆਂ ਦੇ ਵੀਜ਼ੇ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਅਤੇ 80 ਹੋਰ ਅਧਿਕਾਰੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਇਹ ਕਦਮ ਸੰਯੁਕਤ ਰਾਸ਼ਟਰ ਮਹਾਸਭਾ (ਯੂ.ਐੱਨ.ਜੀ.ਏ.) ਦੀ ਮੀਟਿੰਗ ਤੋਂ ਪਹਿਲਾਂ ਚੁੱਕਿਆ ਗਿਆ ਸੀ, ਜਿਸ ਵਿਚ ਫਲਸਤੀਨ ਦੇ ਪ੍ਰਤੀਨਿਧੀਆਂ ਨੇ ਇੱਕ ਵੱਡੀ ਮੀਟਿੰਗ ਵਿਚ ਸ਼ਿਰਕਤ ਕੀਤੀ ਸੀ।

ਵਿਦੇਸ਼ ਵਿਭਾਗ ਨੇ ਆਪਣੇ ਬਿਆਨ ਵਿਚ ਕਿਹਾ ਕਿ ਇਹ ਕਦਮ ਰਾਸ਼ਟਰੀ ਸੁਰੱਖਿਆ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਚੁੱਕਿਆ ਗਿਆ ਹੈ। ਇਸਦਾ ਉਦੇਸ਼ ਫਲਸਤੀਨੀ ਅਥਾਰਟੀ (ਪੀ.ਏ.) ਅਤੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐੱਲ.ਓ.) ਨੂੰ ਸ਼ਾਂਤੀ ਯਤਨਾਂ ਦੀ ਘਾਟ ਅਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਦੇ ਦੋਸ਼ਾਂ ਲਈ ਜਵਾਬਦੇਹ ਬਣਾਉਣਾ ਹੈ।

ਅੱਬਾਸ ਸਮੇਤ ਕਈ ਅਧਿਕਾਰੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਸਨ, ਪਰ ਸੰਯੁਕਤ ਰਾਸ਼ਟਰ ਦੇ ਨਿਊਯਾਰਕ ਮਿਸ਼ਨ ਵਿਚ ਕੰਮ ਕਰਨ ਵਾਲੇ ਪ੍ਰਤੀਨਿਧੀਆਂ ਨੂੰ ਵਿਸ਼ੇਸ਼ ਛੋਟ ਦਿੱਤੀ ਗਈ ਹੈ, ਤਾਂ ਜੋ ਉਹ ਆਪਣਾ ਕੰਮ ਜਾਰੀ ਰੱਖ ਸਕਣ। ਇਹ ਪਹਿਲੀ ਵਾਰ ਮੰਨਿਆ ਜਾ ਰਿਹਾ ਹੈ ਕਿ ਅਮਰੀਕਾ ਨੇ ਇੰਨੀ ਵੱਡੀ ਗਿਣਤੀ ਵਿਚ ਕਿਸੇ ਵਿਦੇਸ਼ੀ ਵਫ਼ਦ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਹੈ।

ਫਲਸਤੀਨੀ ਅਥਾਰਟੀ (ਪੀ.ਏ.) ਨੇ ਇਸ ਫੈਸਲੇ ਨੂੰ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਮੁੱਖ ਦਫਤਰ ਸਮਝੌਤੇ ਦੀ ਉਲੰਘਣਾ ਦੱਸਿਆ। ਉਨ੍ਹਾਂ ਨੇ ਅਮਰੀਕਾ ਨੂੰ ਇਸ ਫੈਸਲੇ ਨੂੰ ਉਲਟਾਉਣ ਦੀ ਬੇਨਤੀ ਕੀਤੀ। ਸੰਯੁਕਤ ਰਾਸ਼ਟਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਉਹ ਇਸ ਫੈਸਲੇ ’ਤੇ ਅਮਰੀਕਾ ਤੋਂ ਸਪੱਸ਼ਟੀਕਰਨ ਮੰਗਣਗੇ, ਕਿਉਂਕਿ ਸਾਰੇ ਮੈਂਬਰ ਅਤੇ ਸਥਾਈ ਨਿਰੀਖਕ ਦੇਸ਼ ਦੀ ਨੁਮਾਇੰਦਗੀ ਕਰਨ ਲਈ ਮਜਬੂਰ ਰਹਿਣੇ ਚਾਹੀਦੇ ਹਨ। ਇਹ ਕਦਮ ਅਜਿਹੇ ਸਮੇਂ ਆਇਆ ਹੈ, ਜਦੋਂ ਬਹੁਤ ਸਾਰੇ ਪੱਛਮੀ ਦੇਸ਼, ਜਿਵੇਂ ਕਿ ਫਰਾਂਸ, ਕੈਨੇਡਾ, ਆਸਟ੍ਰੇਲੀਆ ਸੰਯੁਕਤ ਰਾਸ਼ਟਰ ਆਮ ਸਭਾ ਵਿਚ ਫਲਸਤੀਨ ਦੇ ਰਾਜ ਨੂੰ ਮਾਨਤਾ ਦੇਣ ’ਤੇ ਵਿਚਾਰ ਕਰ ਰਹੇ ਹਨ। ਇਸ ਤੋਂ ਇਲਾਵਾ ਅਮਰੀਕਾ ਨੇ ਸੰਯੁਕਤ ਰਾਸ਼ਟਰ ਅਤੇ ਸ਼ਾਂਤੀ ਰੱਖਿਅਕ ਮਿਸ਼ਨਾਂ ਸਮੇਤ ਲਗਭਗ 5 ਬਿਲੀਅਨ ਡਾਲਰ ਦੀ ਸਹਾਇਤਾ ਰੋਕਣ ਦਾ ਐਲਾਨ ਕੀਤਾ ਹੈ। ਇਸ ਕੂਟਨੀਤਕ ਕਦਮ ਦੇ ਡੂੰਘੇ ਅਰਥ ਹਨ, ਜਦੋਂਕਿ ਅਮਰੀਕਾ ਇਸ ਕਦਮ ਰਾਹੀਂ ਇਰਾਕ-ਫਲਸਤੀਨ ਮੁੱਦੇ ’ਤੇ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਇਹ ਦੁਨੀਆਂ ਦੇ ਕਈ ਹਿੱਸਿਆਂ ਵਿਚ ਫਲਸਤੀਨ ਲਈ ਵਧ ਰਹੇ ਸਮਰਥਨ ਦਾ ਸੰਕੇਤ ਵੀ ਦੇ ਰਿਹਾ ਹੈ।



# ਟਰੰਪ ਪ੍ਰਸ਼ਾਸਨ ਵੱਲੋਂ ਵੀਜ਼ਾ ਪ੍ਰਕਿਰਿਆ 'ਚ ਸਖਤੀ!

## ਹੁਣ ਅਮਰੀਕਾ ਜਾਣ 'ਤੇ ਲੱਗੇਗੀ 250 ਡਾਲਰ ਦੀ ਨਵੀਂ ਵੀਜ਼ਾ ਫੀਸ



**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਵਿਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਲੋਕਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਹੁਣ 1 ਅਕਤੂਬਰ, 2025 ਤੋਂ, ਵਿਦੇਸ਼ੀ ਯਾਤਰੀਆਂ ਨੂੰ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਲਈ 250 ਡਾਲਰ (ਲਗਭਗ 20,800 ਰੁਪਏ) ਦੀ ਨਵੀਂ ਫੀਸ ਦੇਣੀ ਪਵੇਗੀ। ਇਸ ਫੀਸ ਨੂੰ "ਵੀਜ਼ਾ ਇੰਟੈਗਰਿਟੀ ਫੀਸ" ਕਿਹਾ ਗਿਆ ਹੈ ਅਤੇ ਇਸਨੂੰ "ਵਨ ਬਿਗ ਬਿਊਟੀਫੁੱਲ ਬਿੱਲ" ਦੇ ਤਹਿਤ ਲਾਗੂ ਕੀਤਾ ਗਿਆ ਹੈ।

ਇਸ ਨਵੀਂ ਫੀਸ ਦਾ ਉਨ੍ਹਾਂ ਦੇਸ਼ਾਂ 'ਤੇ ਜ਼ਿਆਦਾ ਪ੍ਰਭਾਵ ਪਵੇਗਾ, ਜੋ ਵੀਜ਼ਾ-ਛੋਟ ਪ੍ਰੋਗਰਾਮ ਦਾ ਹਿੱਸਾ ਨਹੀਂ ਹਨ, ਜਿਵੇਂ ਕਿ:

ਮੈਕਸੀਕੋ, ਚੀਨ ਅਤੇ ਬ੍ਰਾਜ਼ੀਲ

ਇਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਹੁਣ ਵੀਜ਼ਾ ਫੀਸ ਦੇ ਨਾਲ ਕੁੱਲ 442 ਡਾਲਰ (36,800 ਰੁਪਏ) ਦਾ ਭੁਗਤਾਨ ਕਰਨਾ ਪਵੇਗਾ।

ਅੰਤਰਰਾਸ਼ਟਰੀ ਯਾਤਰਾ ਦੀ ਨਿਗਰਾਨੀ ਕਰਨ ਵਾਲੀਆਂ ਏਜੰਸੀਆਂ ਅਨੁਸਾਰ, ਅਮਰੀਕਾ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਪਹਿਲਾਂ ਹੀ ਘੱਟ ਰਹੀ ਹੈ। ਜੁਲਾਈ ਵਿਚ, ਅਮਰੀਕਾ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਵਿਚ 3.1% ਦੀ ਗਿਰਾਵਟ ਆਈ ਸੀ। 2025 ਵਿਚ ਅੰਤਰਰਾਸ਼ਟਰੀ ਸੈਰ-ਸਪਾਟਾ ਮਾਲੀਆ ਘੱਟ ਕੇ $169 ਬਿਲੀਅਨ ਹੋਣ ਦਾ ਅਨੁਮਾਨ ਹੈ, ਜੋ ਕਿ 2024 ਵਿਚ 181 ਡਾਲਰ ਬਿਲੀਅਨ ਸੀ।

ਅਮਰੀਕਾ ਆਉਣ ਵਾਲੇ ਸਮੇਂ ਵਿਚ ਕਈ ਵੱਡੇ ਅੰਤਰਰਾਸ਼ਟਰੀ ਸਮਾਗਮਾਂ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ, ਜਿਨ੍ਹਾਂ ਵਿਚ ਅਮਰੀਕਾ 250 ਜਸ਼ਨ (ਅਮਰੀਕਾ ਦੀ ਆਜ਼ਾਦੀ ਦੇ 250 ਸਾਲ), ਓਲੰਪਿਕ ਖੇਡਾਂ, ਫੀਫਾ ਵਿਸ਼ਵ ਕੱਪ ਸ਼ਾਮਲ ਹੈ।

ਪਰ ਮਾਹਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਫੀਸਾਂ ਅਤੇ ਨਿਯਮਾਂ ਨਾਲ ਸੈਲਾਨੀਆਂ ਦੀ ਗਿਣਤੀ ਵਿਚ ਹੋਰ ਗਿਰਾਵਟ ਆ ਸਕਦੀ ਹੈ। ਇੱਕ ਯਾਤਰਾ ਕੰਪਨੀ ਅਲਟੌਰ ਦੇ ਪ੍ਰਧਾਨ ਗੇਬ ਰਿਜ਼ੀ ਕਹਿੰਦੇ ਹਨ, "ਜੇ ਅਸੀਂ ਯਾਤਰਾ ਨੂੰ ਹੋਰ ਗੁੰਝਲਦਾਰ ਬਣਾਉਂਦੇ ਹਾਂ, ਤਾਂ ਇਹ ਯਕੀਨੀ ਤੌਰ 'ਤੇ ਯਾਤਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਨੂੰ ਪ੍ਰਭਾਵਤ ਕਰੇਗਾ।"

ਸਿਰਫ ਅਮਰੀਕਾ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਦੇਸ਼ ਹੁਣ ਸੈਰ-ਸਪਾਟੇ ਨੂੰ ਨਿਯਮਤ ਕਰਨ ਲਈ ਨਵੀਆਂ ਫੀਸਾਂ ਅਤੇ ਸਖ਼ਤ ਨਿਯਮ ਪੇਸ਼ ਕਰ ਰਹੇ ਹਨ।

ਯੂ.ਕੇ. ਨੇ ਹਾਲ ਹੀ ਵਿਚ ਇੱਕ ਨਵਾਂ ਈ.ਟੀ.ਏ. (ਇਲੈਕਟ੍ਰਾਨਿਕ ਯਾਤਰਾ ਅਧਿਕਾਰ) ਸਿਸਟਮ ਪੇਸ਼ ਕੀਤਾ ਹੈ। ਇਸ ਵਿਚ, ਯਾਤਰੀਆਂ ਨੂੰ ਔਨਲਾਈਨ ਪ੍ਰਵਾਨਗੀ ਪ੍ਰਾਪਤ ਕਰਨ ਲਈ ਲਗਭਗ 13 ਡਾਲਰ (1,000 ਰੁਪਏ) ਦਾ ਭੁਗਤਾਨ ਕਰਨਾ ਪਵੇਗਾ, ਜੋ ਉਨ੍ਹਾਂ ਦੇ ਪਾਸਪੋਰਟ ਨਾਲ ਜੁੜਿਆ ਹੋਵੇਗਾ।

ਇਸ ਦੇ ਨਾਲ ਹੀ, ਟਰੰਪ ਪ੍ਰਸ਼ਾਸਨ ਨੇ ਇੱਕ ਹੋਰ ਨਿਯਮ ਪ੍ਰਸਤਾਵਿਤ ਕੀਤਾ ਹੈ, ਜਿਸ ਅਨੁਸਾਰ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ 4 ਸਾਲਾਂ ਲਈ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਹੋਵੇਗੀ। ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਮੀਡੀਆ ਵੀਜ਼ਿਆਂ ਦੀ ਮਿਆਦ ਵੀ ਸੀਮਤ ਹੋਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ "ਵੀਜ਼ਾ ਦੁਰਵਰਤੋਂ ਨੂੰ ਰੋਕਣ" ਅਤੇ ਵਿਦੇਸ਼ੀ ਨਾਗਰਿਕਾਂ ਦੀ ਨਿਗਰਾਨੀ ਵਧਾਉਣ ਲਈ ਚੁੱਕੇ ਜਾ ਰਹੇ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਬਰੈਂਪਟਨ 'ਚ ਗੋਲੀਆਂ ਚਲਾ ਕੇ ਫਿਰੌਤੀ ਮੰਗਣ ਵਾਲੇ ਦੋਸ਼ੀ ਕਾਬੂ



**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਪਿਛਲੇ ਮਹੀਨੇ ਬਰੈਂਪਟਨ ਵਿਚ ਦੋ ਘਰਾਂ 'ਤੇ ਗੋਲੀਆਂ ਚਲਾ ਕੇ ਫਿਰੌਤੀ ਮੰਗਣ ਵਾਲੇ ਦੋਵੇਂ ਦੋਸ਼ੀ ਗ੍ਰਿਫਤਾਰ ਕਰ ਲਏ ਹਨ। ਮੁਲਜ਼ਮਾਂ ਦੀ ਪਛਾਣ ਮਿਸੀਸਾਗਾ ਰਹਿੰਦੇ ਹੁਸਨਦੀਪ ਸਿੰਘ (20) ਤੇ ਬੇਘਰੇ ਗੁਰਪ੍ਰੀਤ ਸਿੰਘ (23) ਵਜੋਂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਮੁਲਜ਼ਮਾਂ ਨੇ ਫਿਰੌਤੀ ਮੰਗੀ ਸੀ। ਉਨ੍ਹਾਂ ਮਨ ਵਿਚ ਖੌਫ ਪੈਦਾ ਕਰਨ ਲਈ ਘਰਾਂ ਦੇ ਬਾਹਰ ਗੋਲੀਆਂ ਚਲਾਈਆਂ ਤੇ ਕਾਲੇ ਰੰਗ ਦੀ ਕਾਰ ਵਿਚ ਫਰਾਰ ਹੋ ਗਏ ਸੀ। ਬਰੈਂਪਟਨ ਦੇ ਰੋਲਿੰਗ ਏਕੜ ਰੋਡ ਸਥਿਤ ਦੋਵਾਂ ਘਰਾਂ ਦੇ ਬਾਹਰ ਕੀਤੀ ਗੋਲੀਬਾਰੀ ਦੀ ਫੁਟੇਜ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਰਿਕਾਰਡ ਹੋ ਗਈ।

ਪੁਲਿਸ ਨੇ ਮੁਲਜ਼ਮਾਂ ਦੀ ਪਛਾਣ ਲਈ ਇਹ ਵੀਡੀਓ ਜਨਤਕ ਕੀਤੀ ਸੀ। ਗੁਰਪ੍ਰੀਤ ਸਿੰਘ ਵਾਰਦਾਤ ਵਾਲੀ ਕਾਰ ਲੈ ਕੇ ਵਿੰਨੀਪੈੱਗ ਚਲਾ ਗਿਆ, ਜਿੱਥੇ ਉੱਥੋਂ ਦੀ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਕੇ ਪੀਲ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਹੁਸਨਦੀਪ ਨੂੰ ਮਿਸੀਸਾਗਾ ਤੋਂ ਕਾਬੂ ਕੀਤਾ ਗਿਆ ਹੈ। ਦੋਵਾਂ ਖਿਲਾਫ਼ ਫਿਰੌਤੀ ਅਤੇ ਮਿੱਥ ਕੇ ਗੋਲੀਬਾਰੀ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਗਏ ਹਨ।

# 11.3 ਮਿਲੀਅਨ ਤੋਂ ਵੱਧ ਪੈਂਡਿੰਗ ਕੇਸਾਂ ਦੇ ਰਿਕਾਰਡ-ਸੈਟਿੰਗ ਬੈਕਲਾਗ



**ਵਾਸ਼ਿੰਗਟਨ, (ਪੰਜਾਬ ਮੇਲ)-** ਜੁਲਾਈ 2025 ਤੱਕ, ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸ ਰ ਿ ਵ ਿ ਸ ਜ਼ (ਯੂ.ਐੱਸ.ਸੀ.ਆਈ.ਐੱਸ.) ਨੂੰ 11.3 ਮਿਲੀਅਨ ਤੋਂ ਵੱਧ ਪੈਂਡਿੰਗ ਕੇਸਾਂ ਦੇ ਰਿਕਾਰਡ-ਸੈਟਿੰਗ ਬੈਕਲਾਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਘੱਟੋ-ਘੱਟ ਇੱਕ ਦਹਾਕੇ ਵਿਚ ਸਭ ਤੋਂ ਵੱਧ ਹੈ। ਇਹ ਵਾਧਾ ਕੇਸਾਂ ਦੀ ਪੂਰਤੀ ਵਿਚ ਤੇਜ਼ੀ ਨਾਲ ਕਮੀ, ਵਿੱਤੀ ਸਾਲ 2025 ਦੀ ਦੂਜੀ ਤਿਮਾਹੀ ਵਿਚ ਪਿਛਲੇ ਸਾਲ ਦੇ ਮੁਕਾਬਲੇ 18% ਦੀ ਗਿਰਾਵਟ, ਅਤੇ 34,000 ਤੋਂ ਵੱਧ ਨਾ ਖੋਲ੍ਹੀਆਂ ਅਰਜ਼ੀਆਂ ਦੇ ਇੱਕ ਪਰੇਸ਼ਾਨ ਕਰਨ ਵਾਲੇ "ਫਰੰਟਲਾਗ" ਕਾਰਨ ਹੈ। ਇਸ ਸੰਕਟ ਵਿਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕਾਂ ਵਿਚ ਸਟ੍ਰੀਮਲਾਈਨਡ ਕੇਸ ਪ੍ਰੋਸੈਸਿੰਗ (ਐੱਸ.ਸੀ.ਪੀ.) ਪ੍ਰੋਗਰਾਮ ਨੂੰ ਮੁਅੱਤਲ ਕਰਨਾ, ਸਟਾਫ ਦੀ ਲਗਾਤਾਰ ਘਾਟ, ਧੋਖਾਧੜੀ ਦੀ ਜਾਂਚ ਦੇ ਵਧੇ ਹੋਏ ਉਪਾਅ ਅਤੇ ਸਬੂਤਾਂ ਲਈ ਵਧੇਰੇ ਵਾਰ-ਵਾਰ ਬੇਨਤੀਆਂ ਸ਼ਾਮਲ ਹਨ।

ਯੂ.ਐੱਸ.ਸੀ.ਆਈ.ਐੱਸ. ਨੇ ਵਿੱਤੀ ਸਾਲ 2025 ਦੀ ਦੂਜੀ ਤਿਮਾਹੀ ਵਿਚ ਸਿਰਫ਼ 2.7 ਮਿਲੀਅਨ ਕੇਸ ਪੂਰੇ ਕੀਤੇ, ਜੋ ਕਿ ਪਿਛਲੇ ਸਾਲ ਦੀ ਇਸੇ ਮਿਆਦ ਨਾਲੋਂ 18% ਘੱਟ ਹੈ ਅਤੇ ਪਿਛਲੀ ਤਿਮਾਹੀ ਨਾਲੋਂ 12% ਘੱਟ ਹੈ, ਜਿਸ ਨਾਲ 11.3 ਮਿਲੀਅਨ ਲੰਬਿਤ ਕੇਸਾਂ ਦੀ ਰਿਕਾਰਡ ਗਿਣਤੀ ਵਿਚ ਯੋਗਦਾਨ ਪਾਇਆ ਗਿਆ ਹੈ। ਇਸ ਮੰਦੀ ਦੇ ਨਤੀਜੇ ਵਜੋਂ ਕਈ ਫਾਰਮਾਂ ਲਈ ਪ੍ਰੋਸੈਸਿੰਗ ਸਮੇਂ ਵਿਚ ਵਾਧਾ ਹੋਇਆ ਹੈ, ਜਿਸ ਵਿਚ ਫਾਰਮ ਆਈ-90 ਗ੍ਰੀਨ ਕਾਰਡ ਬਦਲਣ ਲਈ 938% ਵਾਧਾ, ਅਤੇ 34,000 ਤੋਂ ਵੱਧ ਨਾ ਖੋਲ੍ਹੇ ਗਏ ਕੇਸਾਂ ਦਾ "ਫਰੰਟਲਾਗ" ਵਾਪਸ ਆਉਣਾ ਸ਼ਾਮਲ ਹੈ, ਜੋ ਕਿ ਕਾਰਜਸ਼ੀਲ ਦਬਾਅ ਨੂੰ ਦਰਸਾਉਂਦਾ ਹੈ। ਮੰਦੀ ਲਈ ਦੱਸੇ ਗਏ ਕਾਰਕਾਂ ਵਿਚ ਸਟ੍ਰੀਮਲਾਈਨਡ ਕੇਸ ਪ੍ਰੋਸੈਸਿੰਗ (ਐੱਸ.ਸੀ.ਪੀ.) ਪ੍ਰੋਗਰਾਮ ਨੂੰ ਮੁਅੱਤਲ ਕਰਨਾ, ਵਧੀ ਹੋਈ ਧੋਖਾਧੜੀ ਜਾਂਚ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਸਰੋਤ ਵੰਡ ਵਿਚ ਸੰਭਾਵੀ ਤਬਦੀਲੀ ਸ਼ਾਮਲ ਹੈ।



# ਸ਼ਿਕਾਗੋ ਦੀ ਕਤਲ ਦਰ ਭਾਰਤੀ ਰਾਜਧਾਨੀ ਨਾਲੋਂ ਲਗਭਗ 15 ਗੁਣਾ ਵੱਧ : ਟਰੰਪ ਪ੍ਰਸ਼ਾਸਨ ਵੱਲੋਂ ਵੱਡਾ ਖੁਲਾਸਾ

**ਵਾਸ਼ਿੰਗਟਨ, (ਪੰਜਾਬ ਮੇਲ)**- ਵ੍ਹਾਈਟ ਹਾਊਸ ਨੇ ਸ਼ਿਕਾਗੋ ਵਿਚ ਬੰਦੂਕ ਹਿੰਸਾ ਦੀ ਸਥਿਤੀ ਨੂੰ ਉਜਾਗਰ ਕਰਨ ਲਈ ਭਾਰਤੀ ਰਾਜਧਾਨੀ ਦਿੱਲੀ ਦੀ ਮੁਕਾਬਲਤਨ "ਘੱਟ ਕਤਲ ਦਰ" ਦਾ ਹਵਾਲਾ ਦਿੱਤਾ ਹੈ, ਕਿਉਂਕਿ ਇਹ ਸ਼ਹਿਰ ਵਿਚ ਹੋਰ ਸੰਘੀ ਦਖਲ ਦੀ ਮੰਗ ਕਰਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬੁਲਾਰਨ ਕੈਰੋਲੀਨ ਲੇਵਿਟ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ 2024 ਵਿਚ ਸ਼ਿਕਾਗੋ ਦੀ ਕਤਲ ਦਰ ਭਾਰਤੀ ਰਾਜਧਾਨੀ ਨਾਲੋਂ ਲਗਭਗ 15 ਗੁਣਾ ਵੱਧ ਹੋਵੇਗੀ। ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਸ਼ਿਕਾਗੋ ਵਿਚ ਪ੍ਰਤੀ 100,000 ਨਿਵਾਸੀਆਂ ਵਿਚ 25.5 ਕਤਲ ਦਰਜ ਕੀਤੇ ਗਏ ਹਨ, ਜਦੋਂ ਕਿ ਦਿੱਲੀ ਵਿਚ ਇਹ ਦਰ ਸਿਰਫ 1.48 ਹੈ।

ਹਾਲਾਂਕਿ, ਲੇਵਿਟ ਨੇ ਉਨ੍ਹਾਂ ਅੰਕੜਿਆਂ ਦੇ ਸਰੋਤਾਂ ਦਾ ਜ਼ਿਕਰ ਨਹੀਂ ਕੀਤਾ ਜਿਨ੍ਹਾਂ ਦਾ ਉਸਨੇ ਹਵਾਲਾ ਦਿੱਤਾ, ਇਹ ਨੋਟ ਕਰਦੇ ਹੋਏ ਕਿ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਨੇ 2022 ਤੋਂ ਭਾਰਤ ਲਈ ਅਪਰਾਧ ਡੇਟਾ ਜਾਰੀ ਨਹੀਂ ਕੀਤਾ ਹੈ।

ਲੇਵਿਟ ਨੇ ਇਹ ਤੁਲਨਾ ਮਿਨੀਸੋਟਾ ਵਿਚ ਇੱਕ ਸਕੂਲ ਗੋਲੀਬਾਰੀ ਵਿਚ ਦੋ ਵਿਦਿਆਰਥੀਆਂ ਦੀ ਮੌਤ ਅਤੇ 18 ਹੋਰ ਜ਼ਖਮੀ ਹੋਣ ਤੋਂ ਇੱਕ ਦਿਨ

**■ ਫਲੋਰੀਡਾ ਹਾਦਸੇ ਕਾਰਨ ਵਧਾਈ ਸਖਤੀ**

ਬਾਅਦ ਕੀਤੀ। ਗੋਲੀਬਾਰੀ ਦੇ ਹਵਾਲੇ ਨਾਲ ਉਨ੍ਹਾਂ ਕਿਹਾ, "ਇਸ ਦੁਖਾਂਤ ਨੂੰ ਵਾਪਰੇ ਇੱਕ ਦਿਨ ਤੋਂ ਵੀ ਘੱਟ ਸਮਾਂ ਹੋਇਆ ਹੈ ਅਤੇ ਸਾਡੇ ਕੋਲ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਸਹਾਇਤਾ ਲਈ ਜ਼ਮੀਨ 'ਤੇ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਹਨ। ਸ਼ਿਕਾਗੋ ਅਤੇ ਅਪਰਾਧ 'ਤੇ ਕਾਰਵਾਈ ਕਰਨ ਦੀ ਗੱਲ ਕਰਦੇ ਹੋਏ, ਇਲੀਨੋਇਸ ਦੇ ਗਵਰਨਰ ਨੇ ਕਿਹਾ ਹੈ ਕਿ ਸ਼ਿਕਾਗੋ ਵਿਚ ਕੁਝ ਵੀ ਗਲਤ ਨਹੀਂ ਹੈ ਪਰ ਸ਼ਿਕਾਗੋ ਵਾਸੀ ਇਸ ਨਾਲ ਸਹਿਮਤ ਨਹੀਂ ਹਨ ਅਤੇ ਅੰਕੜੇ ਇਸ ਨਾਲ ਸਹਿਮਤ ਨਹੀਂ ਹਨ।"

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਗੋ ਵਿਚ ਲਗਾਤਾਰ 13 ਸਾਲਾਂ ਤੋਂ ਕਿਸੇ ਵੀ ਅਮਰੀਕੀ ਸ਼ਹਿਰ ਨਾਲੋਂ ਸਭ ਤੋਂ ਵੱਧ ਕਤਲ ਹੋਏ ਹਨ। ਲੇਵਿਟ ਨੇ ਕਿਹਾ, "ਪਿਛਲੇ ਸੱਤ ਸਾਲਾਂ ਤੋਂ 10 ਲੱਖ ਤੋਂ ਵੱਧ ਆਬਾਦੀ ਵਾਲੇ ਅਮਰੀਕੀ ਸ਼ਹਿਰਾਂ ਵਿਚੋਂ ਸ਼ਿਕਾਗੋ ਵਿਚ ਸਭ ਤੋਂ ਵੱਧ ਕਤਲ ਦਰ ਰਹੀ ਹੈ। 2024 ਵਿਚ, ਸ਼ਿਕਾਗੋ ਦੀ ਕਤਲ ਦਰ ਲਾਸ ਏਂਜਲਸ ਨਾਲੋਂ ਤਿੰਨ ਗੁਣਾ ਅਤੇ ਨਿਊਯਾਰਕ ਸ਼ਹਿਰ ਨਾਲੋਂ ਲਗਭਗ ਪੰਜ ਗੁਣਾ ਹੋਵੇਗੀ। ਇਹ ਇਸਲਾਮਾਬਾਦ ਦੀ ਕਤਲ ਦਰ ਨਾਲੋਂ ਦੁੱਗਣੀ ਅਤੇ ਦਿੱਲੀ ਨਾਲੋਂ ਲਗਭਗ 15 ਗੁਣਾ ਵੱਧ ਹੈ।"

ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਟਰੰਪ ਪ੍ਰਸ਼ਾਸਨ ਨੇ ਅਜਿਹੇ ਅੰਕੜੇ ਪੇਸ਼ ਕੀਤੇ ਹਨ। 11 ਅਗਸਤ ਨੂੰ, ਵ੍ਹਾਈਟ ਹਾਊਸ ਦੇ ਅਧਿਕਾਰਤ ਟਵਿੱਟਰ ਅਕਾਊਂਟ ਨੇ ਦੁਨੀਆਂ ਭਰ ਵਿਚ ਅਪਰਾਧ ਦਰਾਂ ਦੀ ਤੁਲਨਾ ਕਰਦੇ ਹੋਏ ਵਾਸ਼ਿੰਗਟਨ ਡੀ.ਸੀ. ਦੇ ਅੰਕੜੇ ਸਾਂਝੇ ਕੀਤੇ। ਗ੍ਰਾਫ ਤੋਂ ਪਤਾ ਚੱਲਿਆ ਕਿ ਅਮਰੀਕੀ ਰਾਜਧਾਨੀ ਦੀ ਅਪਰਾਧ ਦਰ ਬੋਗੋਟਾ, ਮੈਕਸੀਕੋ ਸਿਟੀ, ਇਸਲਾਮਾਬਾਦ ਅਤੇ ਦਿੱਲੀ ਨਾਲੋਂ ਕਿਤੇ ਜ਼ਿਆਦਾ ਸੀ।

ਵਾਸ਼ਿੰਗਟਨ ਵਿਚ ਪ੍ਰਤੀ 100,000 ਲੋਕਾਂ ਵਿਚ 27.64 ਕਤਲ ਹੋਏ, ਜੋ ਕਿ ਸੂਚੀ ਵਿਚ ਸਭ ਤੋਂ ਵੱਧ ਸਨ। ਇਸ ਤੋਂ ਬਾਅਦ ਇਸਲਾਮਾਬਾਦ ਵਰਗੇ ਸ਼ਹਿਰ ਸਨ, ਜੋ 9.2 ਦੇ ਨਾਲ ਚੌਥੇ ਸਥਾਨ 'ਤੇ ਸਨ। ਦੂਜੇ ਪਾਸੇ, ਦਿੱਲੀ ਸੂਚੀ ਵਿਚ ਨੌਵੇਂ ਸਥਾਨ 'ਤੇ ਸੀ, ਸਿਰਫ ਲੰਡਨ ਅਤੇ ਮੈਡ੍ਰਿਡ ਵਿਚ ਹੀ ਘੱਟ ਕਤਲ ਦਰਾਂ ਦਰਜ ਕੀਤੀਆਂ ਗਈਆਂ ਸਨ। ਵ੍ਹਾਈਟ ਹਾਊਸ ਇਨ੍ਹਾਂ ਅੰਕੜਿਆਂ ਦੀ ਵਰਤੋਂ ਰਾਜ ਪੁਲਿਸ ਵਿਭਾਗਾਂ 'ਤੇ ਸੰਘੀ ਨਿਯੰਤਰਣ ਲਿਆਉਣ ਅਤੇ ਉੱਚ ਅਪਰਾਧ ਦਰਾਂ ਵਾਲੇ ਸ਼ਹਿਰਾਂ ਵਿਚ ਨੈਸ਼ਨਲ ਗਾਰਡ ਤਾਇਨਾਤ ਕਰਨ ਦੀ ਆਪਣੀ ਨੀਤੀ ਦਾ ਸਮਰਥਨ ਕਰਨ ਲਈ ਕਰ ਰਿਹਾ ਹੈ।

# ਫਲੋਰੀਡਾ ਦੇ ਸਮੁੰਦਰ 'ਚ ਡੁੱਬਣ ਨਾਲ ਇਕ ਭਾਰਤੀ ਨੌਜਵਾਨ ਦੀ ਮੌਤ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਬੀਤੇ ਦਿਨੀਂ ਤੈਰਾਕੀ ਕਰਨ ਗਏ ਫਲੋਰੀਡਾ ਦੇ ਮਾਨਾਟੀ ਕਾਊਂਟੀ ਵਿਚ ਇੱਕ 20 ਸਾਲਾ ਭਾਰਤੀ-ਗੁਜਰਾਤੀ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਦਾ ਨਾਮ ਅਭਿਗਿਆਨ ਪਟੇਲ ਸੀ, ਉਸ ਦੀ ਲਾਸ਼ ਅੰਨਾ ਮਾਰੀਆ ਟਾਪੂ ਦੇ ਬੀਨ ਪੁਆਇੰਟ ਬੀਚ 'ਤੇ ਮਿਲੀ ਸੀ। ਮ੍ਰਿਤਕ ਅਭਿਗਿਆਨ ਪਟੇਲ ਸ਼ਾਮ ਦੇ 7:00 ਵਜੇ ਦੇ ਕਰੀਬ ਆਪਣੇ ਇੱਕ ਦੋਸਤ ਨਾਲ ਸਮੁੰਦਰ ਵਿਚ ਤੈਰਾਕੀ ਕਰਨ ਗਿਆ ਸੀ। ਹਾਲਾਂਕਿ, ਉਸ ਸਮੇਂ ਇੱਕ ਲਹਿਰ ਨੌਜਵਾਨ ਨੂੰ ਸਮੁੰਦਰ ਦੇ ਡੂੰਘੇ ਪਾਣੀ ਵਿਚ ਖਿੱਚ ਕੇ ਲੈ ਗਈ ਅਤੇ ਤੈਰਨਾ ਜਾਣਨ ਦੇ ਬਾਵਜੂਦ, ਉਹ ਅਚਾਨਕ ਹੀ ਡੁੱਬਣ ਲੱਗ ਪਿਆ। ਅਭਿਗਿਆਨ ਪਟੇਲ ਦੇ ਨਾਲ, ਉਸ ਦਾ ਦੋਸਤ ਵੀ ਡੂੰਘੇ ਪਾਣੀ ਵਿਚ ਡਿੱਗ ਪਿਆ ਪਰ ਉਸ ਨੂੰ ਬਚਾ ਲਿਆ ਗਿਆ, ਜਦੋਂਕਿ ਹਨੇਰਾ ਹੋਣ ਤੋਂ ਬਾਅਦ ਅਭਿਗਿਆਨ ਪਟੇਲ ਦੀ ਭਾਲ ਛੱਡ ਦਿੱਤੀ ਗਈ ਅਤੇ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਯੂ.ਐੱਸ. ਕੋਸਟ ਗਾਰਡ ਸਾਊਥਵੈਸਟ ਵੀ ਅਭਿਗਿਆਨ ਪਟੇਲ ਦੀ ਭਾਲ ਵਿਚ ਸ਼ਾਮਲ ਸੀ ਅਤੇ ਕੋਸਟ ਗਾਰਡ ਦੁਆਰਾ ਉਸ ਦੇ ਲਾਪਤਾ ਹੋਣ ਬਾਰੇ ਇੱਕ ਪੋਸਟ ਵੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਸੀ। ਹਾਲਾਂਕਿ, ਅਭਿਗਿਆਨ ਪਟੇਲ ਦੀ ਲਾਸ਼ ਘਟਨਾ ਤੋਂ ਕੁਝ ਘੰਟਿਆਂ ਬਾਅਦ ਸ਼ਾਮ ਨੂੰ, ਯਾਨੀ ਸੋਮਵਾਰ ਦੁਪਹਿਰ ਨੂੰ ਮਿਲੀ। ਸ਼ੈਰਿਫ਼ ਦਫ਼ਤਰ ਦੇ ਅਨੁਸਾਰ, ਮ੍ਰਿਤਕ ਨੌਜਵਾਨ ਲੇਕਲੈਂਡ ਦਾ ਰਹਿਣ ਵਾਲਾ ਸੀ ਅਤੇ ਇੱਕ ਹਵਾਬਾਜ਼ੀ ਦਾ ਵਿਦਿਆਰਥੀ ਸੀ। ਉਹ ਹਵਾਬਾਜ਼ੀ ਸਕੂਲ ਦੇ ਪੰਜ ਵਿਦਿਆਰਥੀਆਂ ਨਾਲ ਅੰਨਾ ਮਾਰੀਆ ਟਾਪੂ ਦੇਖਣ ਆਇਆ ਸੀ ਅਤੇ ਇੱਕ ਦੋਸਤ ਨਾਲ ਤੈਰਾਕੀ ਕਰਨ ਗਿਆ ਸੀ। ਅਭਿਗਿਆਨ ਪਟੇਲ ਦੇ ਪਰਿਵਾਰ ਨੂੰ ਵੀ ਉਸਦੀ ਮੌਤ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਕਾਨੂੰਨੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਲਾਸ਼ ਉਸਦੇ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ। ਇਸ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਮਿਲ ਸਕੀ ਕਿ ਅਭਿਗਿਆਨ ਅਮਰੀਕੀ ਨਾਗਰਿਕ ਸੀ ਜਾਂ ਵਿਦਿਆਰਥੀ ਵੀਜ਼ੇ 'ਤੇ ਅਮਰੀਕਾ ਵਿਚ ਰਹਿ ਰਿਹਾ ਸੀ।

# ਐਡਮਿੰਟਨ ਵਿਖੇ ਸਵ. ਡਾ. ਸੁਰਜੀਤ ਪਾਤਰ ਦੀ ਯਾਦ ਵਿਚ ਕਵੀ ਦਰਬਾਰ ਕਰਵਾਇਆ





**ਐਡਮਿੰਟਨ, (ਬਲਵਿੰਦਰ ਬਾਲਮ/ਪੰਜਾਬ ਮੇਲ)**- ਮਿੱਲਵੁੱਡ ਕਲਚਰਲ ਸੁਸਾਇਟੀ ਹਾਲ ਵਿਚ ਓਵਰਸੀਜ਼ ਟੀਚਰਜ਼ ਸੁਸਾਇਟੀ ਵੱਲੋਂ ਸਵ: ਡਾ. ਸੁਰਜੀਤ ਪਾਤਰ ਦੀ ਯਾਦ ਵਿਚ ਕਵੀ ਦਰਬਾਰ ਕਰਵਾਇਆ ਗਿਆ।

ਵੱਖ-ਵੱਖ ਬੁਲਾਰਿਆਂ ਨੇ ਡਾ. ਸੁਰਜੀਤ ਪਾਤਰ ਦੀ ਕ੍ਰਿਤੀਤਵ ਅਤੇ ਵਿਅਕਤੀਤਵ ਜੀਵਨ ਸ਼ੈਲੀ ਉੱਪਰ ਚਾਨਣਾ ਪਾਇਆ।

ਕਵੀ ਦਰਬਾਰ ਵਿਚ ਦਲਬੀਰ ਸਿੰਘ ਰਿਆੜ, ਅੰਮ੍ਰਿਤਪਾਲ ਸਿੰਘ ਅੰਮ੍ਰਿਤ, ਸਤਨਾਮ ਗਾਹਲੇ, ਨਿਰਮਲ ਕੌਰ, ਬਖ਼ਸ਼ ਸੰਘਾ, ਸੁਖਜੀਤ ਕੌਰ, ਪਵਿੱਤਰ ਸਿੰਘ ਧਾਲੀਵਾਲ, ਡਾ. ਗੁਰਦਿਆਲ ਸਿੰਘ, ਸੁਖਰਾਜ ਸਿੰਘ ਸਰਕਾਰੀਆ, ਹਰਬੰਸ ਸਿੰਘ ਬਰਾੜ, ਸੁਖਵਿੰਦਰ ਕੌਰ ਮੱਲ੍ਹੀ, ਜਰਨੈਲ ਕੌਰ, ਬਲਵਿੰਦਰ ਬਾਲਮ ਅਤੇ ਹਰਬੰਸ ਸਿੰਘ ਬਰਾੜ ਨੇ ਭਾਗ ਲਿਆ।

ਸੁਸਾਇਟੀ ਦੇ ਮੈਂਬਰਾਂ ਰਸਾਲ ਸਿੰਘ ਮੱਲੀ ਸੁਖਦੇਵ ਸਿੰਘ ਬੈਨੀਪਾਲ, ਸੁਖਦੇਵ ਸਿੰਘ, ਰਣਜੀਤ ਸਿੰਘ ਸੰਧੂ, ਅਮਰਜੀਤ ਸਿੰਘ ਸੰਧੂ, ਪ੍ਰਧਾਨ ਜਸਬੀਰ ਸਿੰਘ ਗਿੱਲ, ਗੁਰਮੇਲ ਸਿੰਘ ਧਾਲੀਵਾਲ, ਸਵਰਨ ਸਿੰਘ ਸੇਖੋਂ, ਸੁਖਵਿੰਦਰ ਕੌਰ, ਸੌਦਾਗਰ ਸਿੰਘ ਪ੍ਰਧਾਨ ਨੇ ਵੀ ਸ਼ਿਰਕਤ ਕੀਤੀ। ਮੰਚ ਦਾ ਸੰਚਾਲਨ ਰਣਜੀਤ ਸਿੰਘ ਸੰਧੂ ਨੇ ਬਖ਼ੂਬੀ ਨਿਭਾਏ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਦੀ ਯੋਗ ਅਗਵਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਇਹ ਪਵਿੱਤਰ ਭਾਵਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨਾਲ ਸੰਜੋਗੀ ਪਈ ਹੈ ਤੇ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਮਹਾਵਾਕ ਨਿਰੰਤਰ ਸਾਡੀ ਅਗਵਾਈ ਕਰ ਰਿਹਾ ਹੈ। ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 18 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 20500 ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ, ਕੰਮ ਕਰਨ ਤੋਂ ਵੀ ਅਸਮਰਥ ਹਨ, ਘਰੇਲੂ ਮਜਬੂਰੀਆਂ ਕਾਰਨ ਡਾਕਟਰ ਵੱਲੋਂ ਲਿਖੀ ਦਵਾਈ ਖਰੀਦਣ ਤੋਂ ਅਸਮਰਥ ਹਨ। ਇਨ੍ਹਾਂ ਦੀਆਂ ਪਰਚੀਆਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਭੇਜੀਆਂ ਤਾਂ ਉਨ੍ਹਾਂ ਤੁਰੰਤ ਲੋੜੀਂਦੀ ਰਾਸ਼ੀ ਜਾਰੀ ਕੀਤੀ ਤੇ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਮਰੀਜ਼ਾਂ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਪੈਸੇ ਮਿਲਣ ਉਪਰੰਤ ਦਵਾਈਆਂ ਲੈ ਕੇ ਅਸੀਂ ਆਉਣ ਵਾਲੇ ਸਮੇਂ ਵਿਚ ਤੰਦਰੁਸਤ ਹੋਵਾਂਗੇ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਜੀਤ ਸਿੰਘ ਜੀਤਾ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ. ਆਦਿ ਹਾਜ਼ਰ ਸਨ।

## 'ਆਪ' ਵਿਧਾਇਕ ਹਰਮੀਤ ਪਠਾਣਮਾਜਰਾ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ



### ਪੁਲਿਸ ਹਿਰਾਸਤ 'ਚੋਂ ਫ਼ਰਾਰ; ਫ਼ਰਾਰ ਹੋਣ ਮੌਕੇ ਪੁਲਿਸ 'ਤੇ ਕੀਤੀ ਫਾਇਰਿੰਗ

**ਪਟਿਆਲਾ, (ਪੰਜਾਬ ਮੇਲ)**- ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਖਿਲਾਫ਼ ਬਲਾਤਕਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਪੁਲਿਸ ਨੇ ਪਠਾਨਮਾਜਰਾ ਨੂੰ ਕਰਨਾਲ ਦੇ ਡਾਬਰੀ ਪਿੰਡ ਤੋਂ ਗ੍ਰਿਫ਼ਤਾਰ ਕੀਤਾ, ਪਰ ਵਿਧਾਇਕ ਦੇ ਸਮਰਥਕਾਂ ਵੱਲੋਂ ਕੀਤੀ ਧੱਕਾਮੁੱਕੀ ਦੌਰਾਨ ਉਹ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ। ਪੰਜਾਬ ਤੇ ਹਰਿਆਣਾ ਪੁਲਿਸ ਵੱਲੋਂ ਮਿਲ ਕੇ ਪਠਾਣਮਾਜਰਾ ਦੀ ਭਾਲ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਪਟਿਆਲਾ ਪੁਲਿਸ ਦੀ ਟੀਮ ਸਥਾਨਕ ਕਰਨਾਲ ਪੁਲਿਸ ਅਤੇ ਐੱਸ.ਐੱਚ.ਓ. ਪੱਧਰ ਦੇ ਤਿੰਨ ਅਧਿਕਾਰੀਆਂ ਨਾਲ 'ਆਪ' ਵਿਧਾਇਕ ਨੂੰ ਗ੍ਰਿਫ਼ਤਾਰ ਕਰਨ ਲਈ ਮੌਕੇ 'ਤੇ ਪਹੁੰਚੀ ਸੀ। ਹਾਲਾਂਕਿ ਪਠਾਣਮਾਜਰਾ ਪਿੰਡ ਵਾਸੀਆਂ ਤੇ ਸਮਰਥਕਾਂ ਦੀ ਮਦਦ ਨਾਲ ਇੱਕ ਚਿੱਟੇ ਰੰਗ ਦੀ ਐੱਸ.ਯੂ.ਵੀ. ਵਿਚ ਮੌਕੇ ਤੋਂ ਭੱਜਣ ਵਿਚ ਸਫ਼ਲ ਰਿਹਾ। ਪੁਲਿਸ ਸੂਤਰਾਂ ਅਨੁਸਾਰ ਭੱਜਣ ਦੌਰਾਨ ਕਥਿਤ ਤੌਰ 'ਤੇ ਗੋਲੀਆਂ ਚਲਾਈਆਂ ਗਈਆਂ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਫੜੀ ਹੜ੍ਹ ਪੀੜਤਾਂ ਦੀ ਬਾਂਹ; ਡਾ. ਓਬਰਾਏ ਵੱਲੋਂ 1.5 ਕਰੋੜ ਤੁਰੰਤ ਰਿਲੀਜ਼

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਦੀ ਯੋਗ ਅਗਵਾਈ ਹੇਠ ਕਾਰਜ ਕਰ ਰਹੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਅੰਦਰ ਹੜ੍ਹ ਪੀੜਤਾਂ ਦੀ ਮਦਦ ਲਈ ਵੱਡੀ ਪੱਧਰ 'ਤੇ ਇੰਤਜ਼ਾਮ ਕੀਤੇ ਜਾ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਡੇਢ ਕਰੋੜ ਰੁਪਏ ਤੁਰੰਤ ਜਾਰੀ ਕਰ ਦਿੱਤੇ ਗਏ ਹਨ ਅਤੇ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੀ ਰਹਿਨੁਮਾਈ ਹੇਠ ਵੱਡੀ ਪੱਧਰ 'ਤੇ ਲੋੜੀਂਦਾ ਸਾਮਾਨ (ਮੱਛਰਦਾਨੀ, ਕੰਬਲ, ਦਵਾਈਆਂ, ਰਾਸ਼ਣ ਕਿੱਟਾ, ਹਰਾ ਚਾਰਾ, ਤਰਪਾਲਾਂ, ਸਾਫ਼ ਪਾਣੀ) ਭੇਜਿਆ ਜਾ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਹੜ੍ਹ ਪੀੜਤ ਇਲਾਕਿਆਂ ਵਿਚ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਦਿਨ-ਰਾਤ ਕੰਮ ਕਰ ਰਹੀਆਂ ਹਨ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੂਰੀ ਟੀਮ ਵੱਲੋਂ ਹੜ੍ਹ ਪੀੜਤਾਂ ਲਈ ਕੰਮ ਕਰ ਰਹੀਆਂ ਟਰੱਸਟ ਦੀਆਂ ਟੀਮਾਂ ਨੂੰ ਵਲੰਟੀਅਰ ਤੌਰ 'ਤੇ ਕੰਮ ਕਰਨ ਲਈ ਸੁਨੇਹੇ ਭੇਜ ਦਿੱਤੇ ਗਏ ਹਨ, ਤਾਂ ਜੋ ਹੰਗਾਮੀ ਹਾਲਤ ਵਿਚ ਮਦਦ ਕੀਤੀ ਜਾ ਸਕੇ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਸਾਲਾਂ ਵਿਚ ਟਰੱਸਟ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ

■ ਲੋੜ ਪੈਣ 'ਤੇ ਸ੍ਰੀ ਮੁਕਤਸਰ ਸਾਹਿਬ ਟੀਮ ਕਰੇਗੀ ਵਲੰਟੀਅਰ ਸੇਵਾ - ਅਰਵਿੰਦਰਪਾਲ ਸਿੰਘ ਜ਼ਿਲ੍ਹਾ ਪ੍ਰਧਾਨ



ਡਾ. ਐੱਸ.ਪੀ. ਸਿੰਘ ਓਬਰਾਏ।

ਵੱਡੀ ਗਿਣਤੀ ਵਿਚ ਲੋਕਾਂ ਨੂੰ ਨਵੇਂ ਮਕਾਨ ਬਣਾ ਕੇ ਦਿੱਤੇ ਗਏ ਹਨ ਅਤੇ ਜ਼ਰੂਰਤ ਅਨੁਸਾਰ ਰਿਪੇਅਰ ਵੀ ਕਰਵਾਏ ਗਏ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਸਾਰਾ ਖਰਚ ਡਾਕਟਰ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿਚੋਂ 98% ਹਿੱਸਾ ਕੱਢ ਕੇ ਕੀਤਾ ਜਾਂਦਾ ਹੈ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸਮੂਹ ਸੇਵਾਦਾਰ ਹਾਜ਼ਰ ਸਨ।



# ਵਿਪਸਾਅ ਵੱਲੋਂ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਪੰਨੂ ਦੇ ਕਹਾਣੀ ਸੰਗ੍ਰਿਹ 'ਸਤਨਾਜਾ' 'ਤੇ ਉਸਾਰੂ ਵਿਚਾਰ ਚਰਚਾ ਹੋਈ ਅਤੇ ਕਿਤਾਬ ਲੋਕ ਅਰਪਣ



ਹੇਵਰਡ, (ਪੰਜਾਬ ਮੇਲ)- ਬੀਤੇ ਦਿਨੀਂ ਵਿਪਸਾ ਵੱਲੋਂ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਪੰਨੂ ਦੇ ਨੌਵੇਂ ਕਹਾਣੀ ਸੰਗ੍ਰਹਿ 'ਸਤਨਾਜਾ' 'ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਮਿਲਣੀ ਦੇ ਸ਼ੁਰੂ ਵਿਚ ਪ੍ਰਧਾਨ ਕੁਲਵਿੰਦਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਜ-ਭਾਰ ਸੰਭਾਲਦੇ ਹੋਏ ਮਰਹੂਮ ਗ਼ਜ਼ਲਕਾਰ ਸ੍ਰੀ ਰਾਮ ਅਰਸ਼, ਪੰਜਾਬੀ ਫ਼ਿਲਮ ਇੰਡਸਟਰੀ ਦੇ ਕਾਮੇਡੀਅਨ ਜਸਵਿੰਦਰ ਭੱਲਾ, ਗੀਤਕਾਰ ਜੰਡੂ ਲਿੱਤਰਾਂ ਵਾਲਾ ਅਤੇ ਚੇਤਨਾ ਪ੍ਰਕਾਸ਼ਨ ਦੇ ਮਾਲਕ ਗ਼ਜ਼ਲਕਾਰ ਸਤੀਸ਼ ਗੁਲਾਟੀ ਜੀ ਦੇ ਜਵਾਈ ਅੰਮ੍ਰਿਤਪਾਲ ਸਿੰਘ ਖਹਿਰਾ ਦੀਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੋਨ ਧਾਰਨ ਕਰਵਾਇਆ। ਵਿਪਸਾ ਮੈਂਬਰਾਂ ਨੇ ਇਨ੍ਹਾਂ ਘਟਨਾਵਾਂ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਗਾਇਕ ਸੁਖਦੇਵ ਸਾਹਿਲ ਨੇ ਚਰਨਜੀਤ ਸਿੰਘ ਪੰਨੂ ਦੇ ਕਲਾਮ 'ਤੈਨੂੰ ਨਾ ਕੋਈ ਪਚਦੀ ਗੱਲ, ਮੈਨੂੰ ਨਾ ਇਹ ਜਚਦੀ ਗੱਲ' ਨਾਲ ਮਹਿਫ਼ਲ ਦਾ ਆਗ਼ਾਜ਼ ਕੀਤਾ। ਪ੍ਰਧਾਨਗੀ ਮੰਡਲ ਵਿਚ ਲੇਖਕ ਚਰਨਜੀਤ ਸਿੰਘ ਪੰਨੂ ਸਮੇਤ ਸੁਖਵਿੰਦਰ ਕੰਬੋਜ, ਸੁਰਜੀਤ ਸਖੀ, ਅਮਰਜੀਤ ਕੌਰ ਪੰਨੂੰ, ਬੀਬੀ ਸੁਰਜੀਤ ਕੌਰ ਅਤੇ ਜਗਤਾਰ ਗਿੱਲ ਸੁਸ਼ੋਭਿਤ ਹੋਏ। ਲੇਖਕ ਨੇ ਆਪਣੇ ਸਾਹਿਤਕ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿੱਸਾ ਕਾਵਿ ਹਾਸ਼ਮ ਦੀ ਸੱਸੀ, ਹੀਰ ਰਾਂਝਾ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਉਸ ਦੀ ਸਿਰਜਣ ਪ੍ਰਕਿਰਿਆ ਦੇ ਪ੍ਰੇਰਨਾ ਸਰੋਤ ਬਣੇ। 'ਸਤਨਾਜਾ' ਕਿਤਾਬ ਦੀਆਂ ਕਹਾਣੀਆਂ ਉਸ ਦੇ ਅਨੁਭਵ ਵਿਚੋਂ ਨਿਕਲੀਆਂ ਹਨ। ਉਸ ਨੇ ਪਹਿਲੀ ਕਹਾਣੀ 'ਪ੍ਰਾਹੁਣਚਾਰੀ' ਘਰ ਵਿਚ ਆਪਣੀ ਮਾਂ ਵੱਲੋਂ ਕੀਤੀ ਜਾਂਦੀ ਪ੍ਰਾਹੁਣਚਾਰੀ ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਇੰਡੀਆ ਸੇਵਾ-ਕਾਲ ਦੌਰਾਨ ਵੱਖ-ਵੱਖ ਤਜ਼ਰਬੇ ਉਸ ਕੋਲੋਂ ਬਹੁਤ ਕੁਝ ਲਿਖਵਾ ਗਏ। ਉਸ ਨੇ ਹੁਣ ਤੱਕ ਵੱਖ-ਵੱਖ ਵਿਧਾ ਵਿਚ ਚਾਲ਼ੀ ਦੇ ਕਰੀਬ ਕਿਤਾਬਾਂ ਲਿਖੀਆਂ। ਉਸ ਦਾ ਸਫ਼ਰਨਾਮਾ 'ਮੇਰੀ ਵਾਈਟ ਹਾਊਸ ਫੇਰੀ' ਕਾਫ਼ੀ ਚਰਚਿਤ ਹੈ ਅਤੇ ਜਿਸ ਦੇ ਤਿੰਨ-ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਈ ਹੋਰ ਕਿਤਾਬਾਂ ਤਿਆਰੀ ਅਧੀਨ ਹਨ। ਇਸ ਉਪਰੰਤ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਆਪਣਾ ਲਿਖਿਆ ਪਰਚਾ 'ਸਮਾਜਿਕ ਯਥਾਰਥ ਤੇ ਵਿਗਠਤ ਭਾਵਾਂ ਦੀ ਪੇਸ਼ਕਾਰੀ ਦਾ ਸੁਮੇਲ ਸਤਨਾਜਾ' ਪੇਸ਼ ਕੀਤਾ। ਉਸ ਨੇ ਕਿਹਾ ਕਿ ਸੰਗ੍ਰਹਿ ਦੀਆਂ ਕਹਾਣੀਆਂ ਵਿਸ਼ੇ ਦੇ ਨਾਲ਼-ਨਾਲ਼ ਕਲਾ ਅਤੇ ਸੰਵੇਦਨਾ ਦਾ ਸਹਿਜ ਸੁਮੇਲ ਹਨ। ਇਹ ਅਮਰੀਕੀ ਪੰਜਾਬੀ ਸਹਿਤ ਵਿਚ ਇੱਕ ਵੱਖਰੀ ਦਿੱਖ ਨਾਲ਼ ਪਰਵੇਸ਼ ਹੁੰਦੀਆਂ ਹਨ। ਇਹ ਸਾਡੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਵੀ ਕਰਦੀਆਂ ਹਨ ਅਤੇ ਅਜਿਹੇ ਵਿਗਠਤ ਭਾਵਾਂ ਦਾ ਚਿਤਰਨ ਵੀ ਕਰ ਜਾਂਦੀਆਂ ਹਨ, ਜੋ ਸਮਾਜਿਕ ਜੀਵਨ ਵਿਚ ਖੁੱਲ੍ਹੇ ਤੌਰ 'ਤੇ ਪ੍ਰਵਾਨ ਨਹੀਂ...। ਡਾ. ਬਲਬੀਰ ਕੌਰ ਰੀਹਲ ਦਾ ਪਰਚਾ ਸੁਰਜੀਤ ਸਖੀ ਵੱਲੋਂ ਪੇਸ਼ ਕੀਤਾ ਗਿਆ। ਇਸ ਪਰਚੇ ਅਨੁਸਾਰ ਲੇਖਕ ਇੱਕ ਸਫ਼ਲ ਸਫ਼ਰਨਾਮਾ ਲੇਖਕ ਹੈ। ਇਸ ਸੰਗ੍ਰਿਹ ਵਿਚ ਕੁਝ ਵਿਸ਼ੇ ਬਿਲਕੁਲ ਵੱਖਰੇ ਅਤੇ ਸੱਜਰੇ ਹਨ। ਇਹ ਹੀ ਇਸ ਸੰਗ੍ਰਹਿ ਦੀ ਪ੍ਰਾਪਤੀ ਹੈ। ਡਾ. ਸੁਖਵਿੰਦਰ ਕੰਬੋਜ ਨੇ ਇਨ੍ਹਾਂ ਵਿਚਾਰਾਂ ਨੂੰ ਅੱਗੇ ਤੋਰਦੇ ਹੋਏ ਕਹਾਣੀ ਦੇ ਮਹੱਤਵ ਬਾਰੇ ਉਸਾਰੂ ਨੁਕਤੇ ਪੇਸ਼ ਕੀਤੇ ਅਤੇ ਲੇਖਕ ਨੂੰ ਇਸ ਕਿਤਾਬ ਲਈ ਵਧਾਈ ਦਿੱਤੀ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਚਰਨਜੀਤ ਸਿੰਘ ਪੰਨੂ ਇੱਕ ਪ੍ਰੌੜ੍ਹ ਗਲਪਕਾਰ ਹੈ। ਇਸ ਸੰਗ੍ਰਹਿ ਦੀ ਕਹਾਣੀ ਵਧੀਆ ਤਕਨੀਕ ਨਾਲ਼ ਨਿਭੀ ਹੈ। ਪ੍ਰੋ. ਸੀਰਤ ਨੇ ਕਹਾਣੀ ਦੀ ਤਕਨੀਕ ਬਾਰੇ ਜਾਣਕਾਰੀ ਦਿੰਦੇ ਹੋਏ ਵਿਚਾਰ ਚਰਚਾ ਨੂੰ ਹੋਰ ਰੌਚਿਕ ਬਣਾ ਦਿੱਤਾ। ਲਾਜ ਨੀਲਮ ਸੈਣੀ ਨੇ ਕਿਹਾ ਕਿ ਪੰਨੂ ਨੇ ਸੱਤ ਵਿਸ਼ਿਆਂ ਦਾ ਸਾਹਿਤਕ 'ਸਤਨਾਜਾ' ਬਣਾ ਕੇ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਹੈ। 'ਵਸੀਅਤ' ਕਹਾਣੀ ਵਿਚ ਬਾਬੇ ਨਾਨਕ ਦੇ ਫ਼ਲਸਫ਼ੇ 'ਤੇ ਅਮਲ ਕਰਨ ਦਾ ਸੰਦੇਸ਼ ਹੋਣ ਕਰਕੇ ਇਹ ਹੱਟਵੀਂ ਵੀ ਹੈ ਅਤੇ ਜੀਵਨ ਮੁੱਲਾਂ ਨੂੰ ਨਿਰਧਾਰਤ ਕਰਨ ਵਿਚ ਕਾਮਯਾਬ ਵੀ ਹੋਈ ਹੈ। ਅਮਰਜੀਤ ਪੰਨੂੰ ਨੇ 'ਆਖ਼ਰੀ ਚੀਕ' ਬਾਰੇ ਕੁਝ ਸੁਆਲ ਪੁੱਛੇ ਅਤੇ 'ਕੈਂਸਰ ਦੇ ਛਿੱਟੇ' ਕਹਾਣੀ ਦੀ ਸਲਾਹੁਤਾ ਕੀਤੀ। ਦਲਵੀਰ ਦਿਲ ਨਿੱਜਰ ਨੇ ਕਿਹਾ ਕਿ ਉਹ ਸਾਰੀਆਂ ਕਹਾਣੀਆਂ ਪੜ੍ਹ ਕੇ ਆਇਆ ਹੈ। ਸੰਗ੍ਰਿਹ ਦੇ ਵਿਸ਼ੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ ਪਾਠਕ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ। ਜਗਤਾਰ ਗਿੱਲ ਅਤੇ ਬੀਬੀ ਸੁਰਜੀਤ ਕੌਰ ਨੇ ਵੀ ਲੇਖਕ ਨੂੰ ਵਧਾਈ ਦਿੱਤੀ।


**Help Wanted in Missouri**
**ਲੋੜ ਹੈ**

ਨੌਕਰੀ ਦੇ ਮੌਕੇ -ਸਾਡੇ ਕੋਲ ਮਿਸੂਰੀ ਏਰੀਆ ਵਿਚ ਕਈ ਅਸਾਮੀਆਂ ਖਾਲੀ ਹਨ। ਹੇਠਾਂ ਦਿੱਤੀਆਂ ਜਗ੍ਹਾਂ ਲਈ ਕਰਮਚਾਰੀਆਂ ਦੀ ਲੋੜ ਹੈ:

■ ਗੈਸ ਸਟੇਸ਼ਨ ■ ਲਿਕੁਰ ਸਟੋਰ ■ ਪੰਜਾਬੀ ਰੈਸਟੋਰੈਂਟ

ਅਸਾਮੀਆਂ: ਕੈਸ਼ਿਅਰ / ਦੁਕਾਨ ਸਹਾਇਕ / ਰਸੋਈ ਸਹਾਇਕ/ ਰਸੋਈਏ / ਸਫਾਈ ਕਰਮਚਾਰੀ

■ ਪਹਿਲਾਂ ਦਾ ਤਜਰਬਾ ਵਧੀਆ ਹੈ ਪਰ ਜ਼ਰੂਰੀ ਨਹੀਂ (ਟ੍ਰੇਨਿੰਗ ਦਿੱਤੀ ਜਾਵੇਗੀ)
■ ਬੁਨਿਆਦੀ ਅੰਗਰੇਜ਼ੀ ਜਾਂ ਪੰਜਾਬੀ ਬੋਲੀ ਜਾਣੀ ਚਾਹੀਦੀ

ਸੰਪਰਕ ਕਰੋ: ਜੇਕਰ ਤੁਸੀਂ ਦਿਲਚਸਪੀ ਰੱਖਦੇ ਹੋ, ਤਾਂ ਇਸ ਨੰਬਰ 'ਤੇ ਸੰਪਰਕ ਕਰੋ: 417-382-9100 869

**MATRIMONIAL**

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052
855





# ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵਫ਼ਦ ਨੇ ਮੁੱਖ ਮੰਤਰੀ ਨਾਲ ਕੀਤੀ ਮੁਲਾਕਾਤ

**ਅੰਮ੍ਰਿਤਸਰ, (ਪੰਜਾਬ ਮੇਲ)-** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸਮੂਲੀਅਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਅਦਿੱਤਯ ਨਾਥ ਯੋਗੀ ਨੂੰ ਸੱਦਾ-ਪੱਤਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਬੀਤੇ ਕੱਲ੍ਹ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਦੀ ਅਗਵਾਈ ਵਿਚ ਇੱਕ ਵਫਦ ਨੇ ਮੁੱਖ ਮੰਤਰੀ ਸ੍ਰੀ ਅਦਿੱਤਯ ਨਾਥ ਯੋਗੀ ਨਾਲ ਮੁਲਾਕਾਤ ਕੀਤੀ।



ਇਸ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੱਤਰ ਸੌਂਪਿਆ ਗਿਆ। ਇਸ ਦੇ ਨਾਲ ਹੀ ਵਫ਼ਦ ਨੇ ਮੁੱਖ ਮੰਤਰੀ ਨੂੰ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਸਾਮ ਤੋਂ ਆਰੰਭ ਹੋਏ ਸ਼ਹੀਦੀ ਨਗਰ ਕੀਰਤਨ ਬਾਰੇ ਜਾਣੂ ਕਰਵਾਇਆ, ਜੋ ਭਾਰਤ ਦੇ ਹੋਰ ਸੂਬਿਆਂ ਸਮੇਤ ਉੱਤਰ ਪ੍ਰਦੇਸ਼ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ।

ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਵਾਲੇ ਵਫ਼ਦ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਉੱਤਰ ਪ੍ਰਦੇਸ਼ ਸਿੱਖ ਮਿਸ਼ਨ ਹਾਪੁੜ ਦੇ ਇੰਚਾਰਜ ਸ. ਬ੍ਰਿਜਪਾਲ ਸਿੰਘ, ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਯਹਿਆਗੰਜ ਲਖਨਊ ਦੇ ਪ੍ਰਧਾਨ ਡਾ. ਗੁਰਮੀਤ ਸਿੰਘ ਤੇ ਉੱਤਰ ਪ੍ਰਦੇਸ਼ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਸ. ਪਰਵਿੰਦਰ ਸਿੰਘ ਸ਼ਾਮਲ ਸਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਅਜੈਬ ਸਿੰਘ ਅਭਿਆਸੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਨਵੰਬਰ ਵਿਚ ਹੋ ਰਹੇ ਸਮਾਗਮਾਂ 'ਚ ਸਮੂਲੀਅਤ ਲਈ ਦੇਸ਼ ਭਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਪੱਤਰ ਦਿੱਤੇ ਜਾ ਰਹੇ ਹਨ।

# ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਕਾਲ ਤਖਤ ਵਿਖੇ ਹੋਏ ਪੇਸ਼

**ਅੰਮ੍ਰਿਤਸਰ, (ਪੰਜਾਬ ਮੇਲ)-** ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਅਕਾਲ ਤਖ਼ਤ ਵਿਖੇ ਪੁੱਜ ਕੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੋਲ ਆਪਣਾ ਪੱਖ ਰੱਖਿਆ ਹੈ।

ਕਾਬਿਲੇਗੌਰ ਹੈ ਕਿ ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਸੀ, ਜਿਸ ਵਿਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਵਿਚ ਨਾਚ ਗਾਣ ਆਦਿ ਦਿਖਾਇਆ ਗਿਆ ਸੀ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਸੀ।



ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਸ਼ਿਕਾਇਤਾਂ ਉਪਰੰਤ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਅਕਾਲ ਤਖ਼ਤ 'ਤੇ ਸੱਦਿਆ ਗਿਆ ਸੀ। ਇਸੇ ਤਹਿਤ ਜਸਵੰਤ ਸਿੰਘ ਪੇਸ਼ ਹੋਏ ਅਤੇ ਜਥੇਦਾਰ ਦੇ ਸਨਮੁਖ ਆਪਣਾ ਪੱਖ ਰੱਖਿਆ। ਜਸਵੰਤ ਸਿੰਘ ਨੇ ਪੇਸ਼ ਹੋਣ ਮੌਕੇ ਆਪਣਾ ਦਾਹੜ੍ਹਾ ਬੰਨ੍ਹਿਆ ਹੋਇਆ ਸੀ। ਜਥੇਦਾਰ ਗੜਗੱਜ ਦੇ ਆਦੇਸ਼ ਅਨੁਸਾਰ ਮਗਰੋਂ ਉਹ ਦਾਹੜ੍ਹਾ ਖੋਲ੍ਹ ਕੇ ਪੇਸ਼ ਹੋਏ ਹਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਆਪਣੀ ਗਲਤੀ ਮੰਨੀ ਸੀ ਅਤੇ ਖਿਮਾ ਯਾਚਨਾ ਕੀਤੀ ਸੀ।

# ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਮਹਾਨ ਕੋਸ਼ ਦੀ ਬੇਅਦਬੀ ਕਰਨ ਦੀ ਕੀਤੀ ਨਿਖੇਧੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਮਹਾਨ ਕੋਸ਼ ਨੂੰ ਜ਼ਮੀਨ ਹੇਠਾਂ ਦੱਬ ਕੇ ਕੀਤੀ ਬੇਅਦਬੀ ਦੀ ਹਰਕਤ ਨੂੰ ਮੰਦਭਾਗੀ, ਨਿੰਦਣਯੋਗ ਅਤੇ ਸਿੱਖ ਰਹੁਰੀਤਾਂ ਵਿਰੁੱਧ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਵਨ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਪ੍ਰਤੀ ਆਦਰ-ਸਨਮਾਨ ਰੱਖਣਾ ਹਰ ਸੰਸਥਾ ਦੀ ਜ਼ਿੰਮੇਵਾਰੀ ਹੈ। ਮਹਾਨ ਕੋਸ਼ ਕੋਈ ਸਿਰਫ਼ ਕਿਤਾਬ ਨਹੀਂ ਹੈ, ਸਗੋਂ ਇਹ ਸਿੱਖ ਕੌਮ ਦੀ ਵਿਰਾਸਤ ਹੈ, ਜਿਨ੍ਹਾਂ ਦਾ ਸਹੀ ਮਰਿਆਦਾ ਨਾਲ ਸਸਕਾਰ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਇਸ ਵਿਚ ਗੁਰਬਾਣੀ ਦੀਆਂ ਪਾਵਨ ਪੰਕਤੀਆਂ ਅਤੇ ਸਿੱਖ ਇਤਿਹਾਸ ਤੇ ਸਿਧਾਂਤਾਂ ਬਾਰੇ ਜਾਣਕਾਰੀ ਦਰਜ ਹੈ, ਇਸ ਲਈ ਸਿੱਖ ਭਾਵਨਾਵਾਂ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਸੀ।

ਉਨ੍ਹਾਂ ਕਿਹਾ ਕਿ ਜੇਕਰ ਯੂਨੀਵਰਸਿਟੀ ਨੂੰ ਗਲਤੀਆਂ ਵਾਲੇ ਮਹਾਨ ਕੋਸ਼ ਦੇ ਕੁਝ ਅੰਕ ਖਤਮ ਕਰਨ ਦੀ ਲੋੜ ਸੀ, ਤਾਂ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪਿਛਲੇ ਲੰਮੇ ਸਮੇਂ ਤੋਂ ਪਾਵਨ ਗੁਰਬਾਣੀ, ਪੁਰਾਣੇ ਸਿੱਖ ਧਾਰਮਿਕ ਗ੍ਰੰਥਾਂ ਅਤੇ ਸਾਹਿਤ ਦਾ ਗੁਰਮਤਿ ਅਨੁਸਾਰ ਸਸਕਾਰ ਕੀਤਾ ਜਾ ਰਿਹਾ ਹੈ। ਇਸ ਲਈ ਕਿਸੇ ਵੀ ਸੰਸਥਾ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨਮਰਜ਼ੀ ਦੇ ਫ਼ੈਸਲੇ ਕਰਨ ਦੀ ਬਜਾਏ ਧਾਰਮਿਕ ਮਰਿਆਦਾ ਅਨੁਸਾਰ ਕਦਮ ਚੁੱਕੇ।


ਐਡਵੋਕੇਟ ਧਾਮੀ ਨੇ ਜ਼ੋਰ ਦੇ ਕੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਕੀਤੀ ਗਈ ਇਹ ਕਾਰਵਾਈ ਧਾਰਮਿਕ ਸਿਧਾਂਤਾਂ ਅਤੇ ਸਿੱਖ ਰੀਤੀ ਦੀ ਅਣਦੇਖੀ ਹੈ, ਜਿਸ ਨਾਲ ਸਿੱਖ ਕੌਮ ਦੇ ਭਾਵਨਾਵਾਂ ਨੂੰ ਗਹਿਰਾ ਝਟਕਾ ਲੱਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਇਸ ਦੀ ਤੁਰੰਤ ਸਿੱਖ ਕੌਮ ਪਾਸੋਂ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਪਛਤਾਵੇ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਅਰਦਾਸ ਕਰਨੀ ਚਾਹੀਦੀ ਹੈ।

**■ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਸਿੱਖ ਸਾਹਿਤ ਦੇ ਸਸਕਾਰ ਲਈ ਸ਼੍ਰੋਮਣੀ ਕਮੇਟੀ ਨਾਲ ਕਰਨਾ ਚਾਹੀਦਾ ਸੀ ਰਾਬਤਾ : ਐਡਵੋਕੇਟ ਧਾਮੀ**









# ਜਰਖੜ ਅਕੈਡਮੀ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮਦਿਨ ਮਨਾਇਆ

**■ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਖਿਡਾਰੀਆਂ ਨੂੰ ਧਿਆਨ ਚੰਦ ਵਰਗਾ ਖਿਡਾਰੀ ਬਣਨ ਲਈ ਕੀਤਾ ਪ੍ਰੇਰਿਤ**






**ਲੁਧਿਆਣਾ, (ਜਗਰੂਪ ਸਿੰਘ ਜਰਖੜ/ਪੰਜਾਬ ਮੇਲ)-** ਜਰਖੜ ਹਾਕੀ ਅਕੈਡਮੀ ਨੇ ਸਾਲਾਨਾ ਖੇਡ ਦਿਵਸ ਮੌਕੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਦਿਨ ਬਹੁਤ ਹੀ ਸਤਿਕਾਰ ਅਤੇ ਖੇਡ ਭਾਵਨਾ ਨਾਲ ਮਨਾਇਆ ।

ਇਸ ਮੌਕੇ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਹਾਕੀ ਦੇ ਜਾਦੂ ਧਿਆਨ ਚੰਦ ਦੇ ਜਰਖੜ ਖੇਡ ਸਟੇਡੀਅਮ ਵਿਖੇ ਸਥਾਪਿਤ ਆਦਮ ਕੱਦ ਬੁੱਤ ਤੇ ਹਾਰ ਪਾ ਕੇ, ਉਨ੍ਹਾਂ ਨੂੰ ਯਾਦ ਕਰਦਿਆਂ ਜਰਖੜ ਹਾਕੀ ਅਕੈਡਮੀ ਦੇ ਖਿਡਾਰੀਆਂ ਨੂੰ ਮਹਾਨ ਖਿਡਾਰੀ ਧਿਆਨ ਚੰਦ ਵਰਗੇ ਹਾਕੀ ਖਿਡਾਰੀ ਬਣਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੇ ਧਿਆਨ ਚੰਦ ਦੀ ਹਾਕੀ ਵਿਰਾਸਤ ਨੂੰ ਅੱਗੇ ਤੋਰਨ ਲਈ "ਖੇਡਾਂ ਵਤਨ ਪੰਜਾਬ ਦੀਆਂ" ਦੀ ਸ਼ੁਰੂਆਤ ਕੀਤੀ ਹੈ। ਇਨ੍ਹਾਂ ਖੇਡਾਂ ਵਿਚ 10 ਸਾਲ ਦੇ ਬੱਚੇ ਤੋਂ ਲੈ ਕੇ 60 ਸਾਲ ਦੇ ਬਜ਼ੁਰਗ ਖਿਡਾਰੀ ਹਿੱਸਾ ਲੈ ਰਹੇ ਹਨ। ਖੇਡਾਂ ਵਤਨ ਪੰਜਾਬ ਦੀ ਸ਼ੁਰੂਆਤ ਨਾਲ ਜਿੱਥੇ ਪੰਜਾਬ ਦਾ ਖੇਡ ਸੱਭਿਆਚਾਰ ਮਜ਼ਬੂਤ ਹੋਵੇਗਾ, ਉਥੇ ਪੰਜਾਬ ਦੇ ਬੱਚਿਆਂ ਦਾ ਖੇਡ ਹੁਨਰ ਵੀ ਉਭਰ ਕੇ ਉਪਰ ਆਵੇਗਾ। ਇਸ ਮੌਕੇ ਜਰਖੜ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਹਾਕੀ ਦੇ ਜਾਦੂਗਰ ਧਿਆਨ ਚੰਦ ਦੇ ਜੀਵਨ ਅਤੇ ਉਨ੍ਹਾਂ ਦੀਆਂ ਖੇਡ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਰਪੰਚ ਸੰਦੀਪ ਸਿੰਘ ਜਰਖੜ, ਤਜਿੰਦਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ, ਚੀਫ ਕੋਚ ਗੁਰਸਤਿੰਦਰ ਸਿੰਘ ਪ੍ਰਗਟ, ਕੋਚ ਹਰਮੀਤ ਸਿੰਘ, ਪੀ.ਏ. ਜਸਵਿੰਦਰ ਸਿੰਘ ਜੱਸੀ, ਕੇਵਲ ਸਿੰਘ ਮਹਿਮੀ, ਰਵਿੰਦਰ ਸਿੰਘ ਰਵੀ ਝਮਟ, ਇੰਦਰਜੀਤ ਸਿੰਘ ਹੈਪੀ ਹਿਮਾਂਸ਼ੁਪੁਰਾ, ਸਾਬਕਾ ਸਰਪੰਚ ਜਗਦੀਪ ਸਿੰਘ ਕਾਲਾ ਘਵੱਦੀ, ਮਨੀਪਾਲ ਸਿੰਘ ਰਣੀਆ, ਤਜਿੰਦਰ ਸਿੰਘ ਲੁਹਾਰਾ, ਸ਼ਿੰਦਰ ਸਿੰਘ ਜਰਖੜ ਇਲਾਕੇ ਦੀਆਂ ਹੋਰ ਸ਼ਖਸੀਅਤ ਹਾਜ਼ਰ ਸਨ।

# ਭਾਰਤ-ਕੈਨੇਡਾ ਰਿਸ਼ਤਿਆਂ 'ਚ ਨਵੀਂ ਸ਼ੁਰੂਆਤ: ਦੋਵਾਂ ਦੇਸ਼ਾਂ ਵੱਲੋਂ ਆਪੋ-ਆਪਣੇ ਹਾਈ ਕਮਿਸ਼ਨਰ ਨਿਯੁਕਤ

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਨੇ ਭਾਰਤ ਨਾਲ ਤਣਾਅ ਭਰੇ ਰਿਸ਼ਤਿਆਂ ਨੂੰ ਸੁਧਾਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਕ੍ਰਿਸਟੋਫ਼ਰ ਕੂਟਰ ਨੂੰ ਭਾਰਤ ਵਿਚ ਆਪਣਾ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ। ਇਸ ਨਾਲ ਹੀ ਭਾਰਤ ਦੇ ਵਿਦੇਸ਼ ਮੰਤਰਾਲਾ ਨੇ ਵੀ ਐਲਾਨ ਕੀਤਾ ਕਿ ਸੀਨੀਅਰ ਡਿਪਲੋਮੈਟ ਦਿਨੇਸ਼ ਕੇ. ਪਟਨਾਇਕ ਕੈਨੇਡਾ ਵਿਚ ਭਾਰਤ ਦੇ ਅਗਲੇ ਹਾਈ ਕਮਿਸ਼ਨਰ ਵਜੋਂ ਸੇਵਾ ਨਿਭਾਉਣਗੇ। ਇਹ ਕਦਮ ਦੋਵਾਂ ਦੇਸ਼ਾਂ ਵੱਲੋਂ ਆਪਣੇ-ਆਪਣੇ ਚੋਟੀ ਦੇ ਡਿਪਲੋਮੈਟਾਂ ਨੂੰ ਬਾਹਰ ਕੱਢਣ ਤੋਂ 10 ਮਹੀਨੇ ਬਾਅਦ ਚੁੱਕਿਆ ਗਿਆ ਹੈ।

ਕੂਟਰ 1990 ਤੋਂ ਕੈਨੇਡਾ ਦੇ ਵਿਦੇਸ਼ ਮੰਤਰਾਲਾ ਨਾਲ ਜੁੜੇ ਹੋਏ ਹਨ ਅਤੇ ਉਹ ਕਈ ਮਹੱਤਵਪੂਰਨ ਦੇਸ਼ਾਂ ਵਿਚ ਰਾਜਨਾਇਕ ਰਹਿ ਚੁੱਕੇ ਹਨ, ਜਿਸ ਵਿਚ ਨਾਈਜੀਰੀਆ, ਦੱਖਣੀ ਅਫ਼ਰੀਕਾ, ਤੁਰਕੀ, ਜਾਰਜੀਆ ਅਤੇ ਮੈਡਾਗਾਸਕਰ ਸ਼ਾਮਲ ਹਨ। ਇਸੇ ਦੌਰਾਨ, ਦਿਨੇਸ਼ ਪਟਨਾਇਕ, ਜੋ ਇਸ ਸਮੇਂ ਸਪੇਨ ਵਿਚ ਭਾਰਤ ਦੇ ਰਾਜਦੂਤ ਹਨ, ਨੂੰ ਕੈਨੇਡਾ ਭੇਜਣ ਦਾ ਫੈਸਲਾ ਕੀਤਾ ਗਿਆ ਹੈ।

ਭਾਰਤ-ਕੈਨੇਡਾ ਸੰਬੰਧ ਪਿਛਲੇ ਸਾਲ ਅਕਤੂਬਰ ਵਿਚ ਉਸ ਵੇਲੇ ਖਰਾਬ ਹੋਏ ਸਨ, ਜਦੋਂ ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਉੱਤੇ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਜਰ ਦੇ ਕਤਲ ਵਿੱਚ ਹੱਥ ਹੋਣ ਦੇ "ਭਰੋਸੇਯੋਗ ਦੋਸ਼" ਲਗਾਏ ਸਨ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ "ਬੇਬੁਨਿਆਦ ਅਤੇ ਪ੍ਰੇਰਿਤ" ਕਹਿੰਦੇ ਹੋਏ ਰੱਦ ਕਰ ਦਿੱਤਾ ਸੀ ਅਤੇ ਕੈਨੇਡਾ 'ਤੇ ਅੱਤਵਾਦੀ ਅਤੇ ਭਾਰਤ ਵਿਰੋਧੀ ਤੱਤਾਂ ਨੂੰ ਪਨਾਹ ਦੇਣ ਦੇ ਦੋਸ਼ ਲਗਾਏ ਸਨ।

ਪਰ ਮਾਰਕ ਕਾਰਨੀ ਦੇ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹਾਲਾਤਾਂ ਵਿਚ ਸੁਧਾਰ ਆਇਆ ਹੈ। ਜੂਨ ਵਿਚ ਜੀ7 ਆਊਟਰੀਚ ਸਮਿਟ ਦੌਰਾਨ ਪੀ.ਐੱਮ. ਮੋਦੀ ਅਤੇ ਕਾਰਨੀ ਵਿਚਕਾਰ ਹੋਈ ਮੁਲਾਕਾਤ ਨੂੰ "ਸਕਾਰਾਤਮਕ ਅਤੇ ਰਚਨਾਤਮਕ" ਕਰਾਰ ਦਿੱਤਾ ਗਿਆ। ਦੋਵੇਂ ਦੇਸ਼ਾਂ ਨੇ ਉਸ ਵੇਲੇ ਹੀ ਤੈਅ ਕਰ ਲਿਆ ਸੀ ਕਿ ਜਲਦੀ ਤੋਂ ਜਲਦੀ ਇੱਕ-ਦੂਜੇ ਦੇ ਰਾਜਦੂਤ ਮੁੜ ਤਾਇਨਾਤ ਕੀਤੇ ਜਾਣਗੇ, ਜਿਸ ਨਾਲ ਹੁਣ ਦੋਵੇਂ ਪੱਖਾਂ ਵੱਲੋਂ ਹਾਈ ਕਮਿਸ਼ਨਰ ਨਿਯੁਕਤ ਕਰਨ ਦਾ ਰਾਹ ਖੁੱਲਿਆ ਹੈ।

# ਲੇਬਰ ਡੇ 'ਤੇ ਅਮਰੀਕਾ ਭਰ ਵਿਚ ਅਰਬਪਤੀਆਂ ਵਿਰੁੱਧ ਪ੍ਰਦਰਸ਼ਨ

**■ ਟਰੰਪ ਦੀਆਂ ਨੀਤੀਆਂ ਦਾ ਜੰਮ ਕੇ ਕੀਤਾ ਵਿਰੋਧ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਲੇਬਰ ਡੇ 'ਤੇ ਕਿਰਤੀ ਯੂਨੀਅਨਾਂ ਤੇ ਕਿਰਤੀ ਕਾਰਕੁੰਨਾਂ ਨੇ ਅਮਰੀਕਾ ਭਰ ਵਿਚ ਸਮੂਹਿਕ ਪ੍ਰਦਰਸ਼ਨ ਕੀਤੇ, ਤਾਂ ਜੋ ਅਮਰੀਕੀ ਲੋਕਾਂ ਨੂੰ ਕੰਮਕਾਰੀ ਵਰਗ ਦੀ ਸ਼ਕਤੀ ਨੂੰ ਵਿਖਾਇਆ ਜਾ ਸਕੇ। ਖਾਸ ਕਰਕੇ ਉਸ ਸਮੇਂ ਜਦੋਂ ਅਰਬਪਤੀ ਸੱਤਾਧਾਰੀ ਕੌਮੀ ਰਾਜਨੀਤੀ ਤੋਂ ਬਾਹਰ ਇੱਕ ਵੱਖਰੀ ਹੀ ਭੂਮਿਕਾ ਨਿਭਾਅ ਰਿਹਾ ਹੈ। ਇਹ ਪ੍ਰਦਰਸ਼ਨ ਨਾ ਕੇਵਲ ਅਰਬਪਤੀ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਸਨ, ਬਲਕਿ ਉਨ੍ਹਾਂ ਹੋਰ ਅਰਬਪਤੀਆਂ ਦੇ ਵਿਰੁੱਧ ਵੀ ਸਨ, ਜੋ ਟਰੰਪ ਦਾ ਸਮਰਥਨ ਕਰਦੇ ਹਨ ਜਾਂ ਟਰੰਪ ਪ੍ਰਸ਼ਾਸਨ ਤੋਂ ਲਾਭ ਉਠਾ ਰਹੇ ਹਨ। ਬੋਸਟਨ, ਸ਼ਿਕਾਗੋ, ਡੈਟਰਾਇਟ ਤੇ ਨਿਊਯਾਰਕ ਸਮੇਤ ਵੱਡੇ ਸ਼ਹਿਰਾਂ ਵਿਚ ਰੈਲੀਆਂ ਕੀਤੀਆਂ ਗਈਆਂ ਤੇ ਮਾਰਚ ਕੱਢੇ ਗਏ। "ਕਾਮੇ ਬਨਾਮ ਅਰਬਪਤੀ" ਦੇ ਨਾਂ ਹੇਠ ਹੋਏ ਇਨ੍ਹਾਂ ਪ੍ਰਦਰਸ਼ਨਾਂ ਵਿਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਸਕਾਟਸਡੇਲ, ਐਰੀਜ਼ੋਨਾ ਤੋਂ ਲੈ ਕੇ ਸਿਓਅਕਸ ਫਾਲਜ਼, ਦੱਖਣੀ ਡਕੋਤਾ ਤੱਕ ਛੋਟੇ ਸ਼ਹਿਰਾਂ ਵਿਚ ਇਨ੍ਹਾਂ ਪ੍ਰਦਰਸ਼ਨਾਂ ਵਿਚ ਦਰਮਿਆਨੀ ਭੀੜ ਰਹੀ, ਜਦਕਿ ਵੱਡੇ ਸ਼ਹਿਰਾਂ ਵਿਚ ਬੇਮਿਸਾਲ ਇਕੱਠ ਹੋਏ, ਜੋ ਸਪੱਸ਼ਟ ਤੌਰ 'ਤੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਵਿਰੁੱਧ ਰੋਹ ਦਾ ਪ੍ਰਗਟਾਵਾ ਸੀ। ਇਨ੍ਹਾਂ ਪ੍ਰਦਰਸ਼ਨਾਂ ਦਾ ਆਯੋਜਨ ਅਨੇਕਾਂ ਸੰਗਠਨਾਂ ਨੇ ਕੀਤਾ, ਜਿਨ੍ਹਾਂ ਨੇ ਆਪਣੇ ਪੱਧਰ 'ਤੇ ਲੇਬਰ ਡੇ ਪ੍ਰਦਰਸ਼ਨਾਂ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਮੀਡੀਆ ਰਿਪੋਰਟਾਂ ਅਨੁਸਾਰ ਪ੍ਰਦਰਸ਼ਨ ਪ੍ਰਭਾਵਸ਼ਾਲੀ ਸਨ ਤੇ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ਉਪਰ ਦੇਸ਼ ਦੇ ਅਰਬਪਤੀਆਂ ਵਿਰੁੱਧ ਨਾਅਰੇ ਲਿਖੇ ਹੋਏ ਸਨ। ਵਿਗਿਆਨਕ ਖੋਜਾਂ ਤੇ ਸੰਵਿਧਾਨਕ ਹੱਕਾਂ ਦਾ ਸਮਰਥਨ ਕੀਤਾ ਗਿਆ ਸੀ। ਸਾਕਿਬ ਭੱਟੀ ਕਾਰਜਕਾਰੀ ਡਾਇਰੈਕਟਰ ਐਕਸ਼ਨ ਸੈਂਟਰ ਰੇਸ ਐਂਡ ਇਕਾਨਮੀ ਨੇ ਜਾਰੀ ਇੱਕ ਬਿਆਨ ਵਿਚ ਕਿਹਾ ਹੈ ਕਿ ਇਹ ਅਹਿਮ ਹੈ ਕਿ ਲੋਕਾਂ ਨੂੰ ਦੱਸਿਆ ਜਾਵੇ ਕਿ ਅਰਬਪਤੀ ਟਰੰਪ ਦੇ ਏਜੰਡੇ ਦਾ ਹਰ ਭਾਈਚਾਰੇ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਜੋ ਕੁਝ ਦੇਸ਼ ਵਿਚ ਹੋ ਰਿਹਾ ਹੈ, ਉਸ ਦੇ ਵਿਰੁੱਧ ਸਾਰੇ ਇਕਜੁੱਟ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਵੈਨਕੂਵਰ ਵਿਚਾਰ ਮੰਚ ਵੱਲੋਂ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਲੇਖਕ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਵੀਡਨ ਤੋਂ ਆਏ ਪ੍ਰਸਿੱਧ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਕੈਲਗਰੀ ਤੋਂ ਆਏ ਸਾਹਿਤਕਾਰ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ ਕੀਤੀ ਗਈ।



ਬੈਠਕ ਦੀ ਸ਼ੁਰੂਆਤ ਮੋਹਨ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ ਅਤੇ ਕਾਰਜਾਂ ਬਾਰੇ ਸੰਖੇਪ ਵਿਚ ਜਾਣਕਾਰੀ ਸਾਂਝੀ ਕੀਤੀ ਅਤੇ ਮੰਚ ਦੇ ਗਠਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਨਾਮਵਰ ਚਿੱਤਰਕਾਰ ਮਰਹੂਮ ਜਰਨੈਲ ਸਿੰਘ ਨੂੰ ਯਾਦ ਕੀਤਾ। ਉਨ੍ਹਾਂ ਕੈਲਗਰੀ ਤੋਂ ਆਏ ਮਹਿਮਾਨ ਲੇਖਕ ਜਸਵਿੰਦਰ ਰੁਪਾਲ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਉਪਰੰਤ ਜਸਵਿੰਦਰ ਰੁਪਾਲ ਨੇ ਆਪਣੇ ਜੀਵਨ, ਵਿਦਿਆ, ਅਧਿਆਪਨ ਕਾਰਜ ਅਤੇ ਸਾਹਿਤਕ ਸਫ਼ਰ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਉਹ ਹੁਣ ਤੱਕ 6 ਵਿਸ਼ਿਆਂ ਵਿਚ ਐੱਮ.ਏ. ਹਾਸਲ ਕਰ ਚੁੱਕੇ ਹਨ ਅਤੇ ਸੱਤਵੀਂ ਐੱਮ.ਏ. ਕਰ ਰਹੇ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ ਛਪ ਚੁੱਕੀਆਂ ਹਨ। ਉਨ੍ਹਾਂ ਦਾ ਵਧੇਰੇ ਲਿਖਣ ਕਾਰਜ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ ਹੈ। ਸਵੀਡਨ ਤੋਂ ਆਏ ਨਾਮਵਰ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਬਾਰੇ ਜਾਣ-ਪਛਾਣ ਕਰਵਾਉਂਦਿਆਂ ਨਵਰੂਪ ਸਿੰਘ ਨੇ ਕਿਹਾ ਕਿ ਪੰਜਾਬ ਦੀ ਵੰਡ ਬਾਰੇ ਅਤੇ 1947 ਦੀ ਤਰਾਸਦੀ ਬਾਰੇ ਡਾ. ਇਸ਼ਤਿਆਕ ਅਹਿਮਦ ਨੇ ਸਖਤ ਮਿਹਨਤ ਕਰਦਿਆਂ ਪੂਰੀ ਇਮਾਨਦਾਰੀ ਨਾਲ ਇਤਿਹਾਸ ਨੂੰ ਕਾਗਜ਼ੀ ਪੰਨਿਆਂ 'ਤੇ ਉਤਾਰਿਆ ਹੈ। ਉਨ੍ਹਾਂ ਲਹੂ ਲੁਹਾਣ, ਵੰਡੇ ਹੋਏ ਅਤੇ ਵੱਢੇ-ਟੁੱਕੇ ਪੰਜਾਬ ਦੀ ਦਾਸਤਾਨ ਨੂੰ ਬੇਹੱਦ ਸੁਹਿਰਦਤਾ ਨਾਲ ਸਾਹਮਣੇ ਲਿਆਂਦਾ ਹੈ।

ਡਾ. ਇਸ਼ਤਿਆਕ ਅਹਿਮਦ ਨੇ ਦੱਸਿਆ ਕਿ ਪੰਜਾਬ ਦੀ ਵੰਡ ਦੇ ਦੁਖਾਂਤ ਬਾਰੇ ਜਦੋਂ ਬਜ਼ੁਰਗਾਂ ਤੋਂ ਹਿਰਦੇਵੇਦਿਕ ਕਹਾਣੀਆਂ ਸੁਣੀਆਂ, ਤਾਂ ਉਨ੍ਹਾਂ ਨੇ ਇਸ ਦੁਖਾਂਤ ਦਾ ਸ਼ਿਕਾਰ ਹੋਏ, ਪ੍ਰਭਾਵਿਤ ਹੋਏ ਪਰਿਵਾਰਾਂ, ਵੱਢਾ-ਟੁੱਕੀ ਵਿਚ ਸ਼ਾਮਲ ਮਨੁੱਖੀ ਦਰਿੰਦਿਆਂ ਅਤੇ ਉਸ ਸਮੇਂ ਦੇ ਹਾਲਾਤ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਕਾਰਜ ਉਲੀਕਿਆ। ਸਟਾਕਹੋਮ (ਸਵੀਡਨ) ਯੂਨੀਵਰਸਿਟੀ ਵਿਚ ਉਹ ਪ੍ਰੋਫੈਸਰ ਸਨ ਅਤੇ ਉਨ੍ਹਾਂ ਯੂਨੀਵਰਸਿਟੀ ਨੂੰ ਇਹ ਖੋਜ ਕਰਨ ਲਈ ਬੇਨਤੀ ਕੀਤੀ ਤਾਂ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਇਸ ਕਾਰਜ ਲਈ ਤਿੰਨ ਸਾਲ ਦਾ ਸਮਾਂ ਦਿੱਤਾ ਅਤੇ ਹਰ ਪੱਖੋਂ ਸਹਿਯੋਗ ਦਿੱਤਾ।







# ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਵੈਨਕੂਵਰ ਵੱਲੋਂ 'ਵਰਲਡ ਸੀਨੀਅਰਜ਼ ਡੇ' ਮਨਾਇਆ ਗਿਆ

**ਵੈਨਕੂਵਰ, (ਹਰਦਮ ਮਾਨ/ਪੰਜਾਬ ਮੇਲ)-** ਇੰਡੋ ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਵੈਨਕੂਵਰ ਵੱਲੋਂ ਬੀਤੇ ਦਿਨੀਂ ਸਨਸੈੱਟ ਕਮਿਊਨਿਟੀ ਸੈਂਟਰ ਵੈਨਕੂਵਰ ਵਿਖੇ ਆਪਣੀ ਵਿਸ਼ੇਸ਼ ਸਭਾ ਦੌਰਾਨ 'ਵਰਲਡ ਸੀਨੀਅਰਜ਼ ਡੇ' ਮਨਾਇਆ ਗਿਆ। ਇਸ ਮੌਕੇ ਵੈੱਲਫੇਅਰ ਸੁਸਾਇਟੀ ਸਰੀ ਦੇ ਜਸਵਿੰਦਰ ਸਿੰਘ ਮਾਹਲ ਆਪਣੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।




ਸੁਸਾਇਟੀ ਦੇ ਸਕੱਤਰ ਸੁਰਜੀਤ ਸਿੰਘ ਮਿਨਹਾਸ ਨੇ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭਾ ਦੇ ਮੀਤ ਪ੍ਰਧਾਨ ਮੁਖਤਿਆਰ ਸਿੰਘ ਬੋਪਾਰਾਏ ਨੇ 'ਸੀਨੀਅਰਜ਼ ਡੇ' ਦਾ ਇਤਿਹਾਸ ਅਤੇ ਸਮਾਜ ਵਿਚ ਸੀਨੀਅਰਜ਼ ਦੀ ਵਿਸ਼ੇਸ਼ ਮਹੱਤਤਾ ਬਾਰੇ ਚਾਨਣਾ ਪਾਇਆ। ਜਸਵਿੰਦਰ ਸਿੰਘ ਮਾਹਲ ਵੱਲੋਂ ਬਜ਼ੁਰਗਾਂ ਲਈ ਕੁਝ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਅਤੇ ਖੇਡਾਂ ਵਿਚ ਜੇਤੂ ਰਹਿਣ ਵਾਲਿਆਂ ਨੂੰ ਇਨਾਮ ਦਿੱਤੇ ਗਏ। ਸਭਾ ਦੇ ਜੁਆਇੰਟ ਸਕੱਤਰ ਅਜੰਟ ਸਿੰਘ ਸਿੱਧੂ ਨੇ ਦੇਸ਼-ਵਿਦੇਸ਼ ਦੀਆਂ ਖਬਰਾਂ ਸੁਣਾਈਆਂ ਅਤੇ ਗੁਰਦਰਸ਼ਨ ਮਠਾੜੂ ਨੇ ਯੋਗਾ ਕਰਵਾਇਆ। ਸੁਸਾਇਟੀ ਦੇ ਕਲਾਕਾਰ ਮੈਂਬਰਾਂ ਵੱਲੋਂ ਕਵਿਤਾਵਾਂ, ਗੀਤਾਂ, ਬੋਲੀਆਂ ਅਤੇ ਚੁਟਕਲਿਆਂ ਨਾਲ ਖੂਬ ਰੰਗ ਬੰਨ੍ਹਿਆ ਗਿਆ। ਸੀਨੀਅਰਜ਼ ਡੇ 'ਤੇ ਸੇਵਾ ਕਰਨ ਵਾਲੇ ਸੁਸਾਇਟੀ ਦੇ ਚਾਰ ਵਲੰਟੀਅਰਾਂ ਜਰਨੈਲ ਸਿੰਘ ਹੀਰ ਸਹੋਤਾ, ਮੱਖਣ ਸਿੰਘ ਸਿੱਧੂ, ਬਲਦੇਵ ਸਿੰਘ ਰੱਖੜਾ ਅਤੇ ਸੁਰਜੀਤ ਸਿੰਘ ਭੱਟੀ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਅੰਤ ਵਿਚ ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਸਿੱਧੂ ਨੇ ਸਾਰਿਆਂ ਨੂੰ 'ਸੀਨੀਅਰਜ਼ ਡੇ' ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਬਹੁਤ ਸਾਰੇ ਸੀਨੀਅਰਜ਼ ਆਮ ਤੌਰ 'ਤੇ ਇਕੱਲਤਾ ਕਾਰਨ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਸਾਨੂੰ ਇਕੱਲਤਾ ਨੂੰ ਦੂਰ ਕਰਨ ਲਈ ਇਕ ਦੂਜੇ ਨਾਲ ਆਪਣੇ ਮਨ ਦੇ ਵਲਵਲੇ ਸਾਂਝੇ ਕਰਨੇ ਚਾਹੀਦੇ ਹਨ ਅਤੇ ਸੀਨੀਅਰਜ਼ ਸੁਸਾਇਟੀਆਂ ਵਿਚ ਵਿਚਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਸੁਸਾਇਟੀ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲੇ ਸਾਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਸਰੀ ਵਿਚ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ 'ਤੇ ਵਿਸ਼ੇਸ਼ ਸਮਾਗਮ 6 ਸਤੰਬਰ ਨੂੰ

**■ ਪ੍ਰਸਿੱਧ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਹੋਣਗੇ**




**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਸਾਊਥ ਏਸ਼ੀਅਨ ਰਿਵਿਊ ਪੰਜਾਬੀ ਵਿਰਸਾ ਵੱਲੋਂ 6 ਸਤੰਬਰ 2025 ਨੂੰ ਸਵੇਰੇ 10:30 ਵਜੇ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਵਿਸ਼ੇਸ਼ ਵਿਚਾਰ-ਚਰਚਾ ਕਰਵਾਈ ਜਾ ਰਹੀ ਹੈ, ਜਿਸ ਵਿਚ ਪ੍ਰਸਿੱਧ ਵਿਦਵਾਨ, ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਹੋਣਗੇ।

ਇਹ ਜਾਣਕਾਰੀ ਦਿੰਦਿਆਂ ਸਾਊਥ ਏਸ਼ੀਅਨ ਰਿਵਿਊ ਪੰਜਾਬੀ ਵਿਰਸਾ ਦੇ ਸੰਚਾਲਕ ਨਵਰੂਪ ਸਿੰਘ ਅਤੇ ਰਿੱਕੀ ਬਾਜਵਾ ਨੇ ਦੱਸਿਆ ਹੈ ਕਿ ਇਸ ਸਮਾਗਮ ਵਿਚ ਡਾ. ਇਸ਼ਤਿਆਕ ਅਹਿਮਦ ਮੁੱਖ ਤੌਰ 'ਤੇ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਚਰਚਾ ਕਰਨਗੇ। ਜ਼ਿਕਰਯੋਗ ਹੈ ਕਿ ਡਾ. ਇਸ਼ਤਿਆਕ ਅਹਿਮਦ ਸਟੌਕਹੋਮ ਯੂਨੀਵਰਸਿਟੀ 'ਚ ਰਾਜਨੀਤੀ ਸ਼ਾਸਤਰ ਦੇ ਸੇਵਾ-ਮੁਕਤ ਮਾਣ-ਨਮਿਤ ਪ੍ਰੋਫ਼ੈਸਰ ਅਤੇ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿਚ ਦੱਖਣੀ ਏਸ਼ੀਆ ਅਧਿਐਨ ਸੰਸਥਾਨ (ਆਈ.ਐੱਸ.ਏ.ਐੱਸ.) ਵਿਚ ਰਸਮੀ ਖੋਜੀ ਹਨ।

ਡਾ. ਇਸ਼ਤਿਆਕ ਅਹਿਮਦ ਨੇ ਸਿਆਸੀ ਇਸਲਾਮ, ਨਸਲ, ਕੌਮਵਾਦ, ਇਨਸਾਨੀ ਅਤੇ ਘੱਟ ਗਿਣਤੀਆਂ ਦੇ ਹੱਕ, ਵੰਡ, ਅਤੇ ਸਿਨਮੇ ਦੀ ਕਲਾ ਨੂੰ ਪੰਜਾਬ ਦੀ ਦੇਣ ਆਦਿ ਵਿਸ਼ਿਆਂ ਉੱਪਰ ਖੋਜ ਕਾਰਜ ਕੀਤਾ ਹੈ। ਉਹ ਲਾਹੌਰ ਦੇ ਅੰਗਰੇਜ਼ੀ ਅਖ਼ਬਾਰ 'ਦੀ ਫ੍ਰਾਈਡੇ ਟਾਈਮਜ਼' ਵਿਚ ਹਫ਼ਤਾਵਾਰ ਕਾਲਮ ਵੀ ਲਿਖਦੇ ਹਨ। ਉਨ੍ਹਾਂ ਦੀਆਂ ਹੁਣ ਤੱਕ ਸੱਤ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਉਹ ਬਹੁਤ ਸਾਰੇ ਖੋਜ-ਪੱਤਰਾਂ ਦੇ ਘੋਖ-ਕਰਤਾ ਰਹੇ ਹਨ। ਉਨ੍ਹਾਂ ਨੇ 1947 ਦੀ ਤ੍ਰਾਸਦੀ ਸਬੰਧੀ ਗੁਪਤ ਬਰਤਾਨਵੀ ਰਿਪੋਰਟਾਂ 'ਤੇ ਆਧਾਰਿਤ ਅਤੇ ਮੌਕੇ ਦੇ ਗਵਾਹਾਂ ਦੀ ਜ਼ੁਬਾਨੀ ਲਹੂ ਲੁਹਾਣ ਹੋਏ, ਵੰਡੇ ਤੇ ਵੱਡੇ ਟੁੱਕੇ ਗਏ ਪੰਜਾਬ ਦੀ ਮਾਰਮਿਕ ਗਾਥਾ ਨੂੰ ਆਪਣੀ ਪੁਸਤਕ ਵਿਚ ਦਰਜ ਕੀਤਾ ਹੈ। ਇਹ ਪੁਸਤਕ ਉਨ੍ਹਾਂ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖੀ ਸੀ, ਜੋ ਬਾਅਦ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਅਨੁਵਾਦ ਹੋ ਚੁੱਕੀ ਹੈ।

ਮਹਾਤਮਾ ਗਾਂਧੀ ਦੇ ਪੋਤੇ ਪ੍ਰੋਫੈਸਰ ਰਾਜ ਮੋਹਨ ਗਾਂਧੀ ਨੇ ਇਸ ਪੁਸਤਕ ਸਬੰਧੀ ਲਿਖਿਆ ਹੈ ਕਿ ਪੰਜਾਬ ਵਿਚ 1947 ਦੀਆਂ ਦਰਦਨਾਕ ਘਟਨਾਵਾਂ ਦੀ ਨਿਰਪੱਖ ਤਸਵੀਰ ਕਰਨ ਦੇ ਨਾਲ-ਨਾਲ ਇਸ ਕਿਤਾਬ ਨੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦਾ ਕੰਮ ਵੀ ਕੀਤਾ ਹੈ, ਜੋ ਦੋਵੇਂ ਪਾਸਿਆਂ ਦੇ ਵਿਛੜੇ ਹੋਏ ਪੰਜਾਬੀਆਂ ਦਰਮਿਆਨ ਸੁਲ੍ਹਾ ਕਰਾਉਣ ਵਿਚ ਮਦਦ ਕਰ ਸਕਦੀ ਹੈ ਅਤੇ ਉਪ ਮਹਾਂਦੀਪ ਵਿਚ ਅਮਨ ਕਾਇਮ ਕਰਨ ਵਿਚ ਮਦਦਗਾਰ ਹੋ ਸਕਦੀ ਹੈ। ਸਾਊਥ ਏਸ਼ੀਅਨ ਗੀਵਿਊ ਪੰਜਾਬੀ ਵਿਰਸਾ ਵੱਲੋਂ ਸਰੀ, ਵੈਨਕੂਵਰ ਅਤੇ ਆਸ ਪਾਸ ਖੇਤਰ ਦੇ ਸਮੂਹ ਸੁਹਿਰਦ ਪੰਜਾਬੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

# ਰਾਸ਼ਟਰੀ ਖੇਡ ਦਿਵਸ ਮੌਕੇ ਖੇਡਾਂ, ਜਜ਼ਬੇ ਅਤੇ ਏਕਤਾ ਦਾ ਰਾਸ਼ਟਰੀ ਸਮਾਗਮ

**■ ਰਾਜਪੁਰਾ ਵਿਖੇ ਕਰਵਾਏ ਸਾਈਕਲਿੰਗ ਈਵੈਂਟ ਵਿਚ ਵੱਡੀ ਗਿਣਤੀ ਸਾਈਕਲਿਸਟਾਂ ਨੇ ਲਿਆ ਹਿੱਸਾ**




**ਰਾਜਪੁਰਾ/ਪਟਿਆਲਾ, (ਪੰਜਾਬ ਮੇਲ)-** ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ, ਪਟਿਆਲਾ (ਪੰਜਾਬ) ਵੱਲੋਂ 29 ਤੋਂ 31 ਅਗਸਤ ਤੱਕ ਰਾਸ਼ਟਰੀ ਖੇਡ ਦਿਵਸ ਮਨਾਉਣ ਸਬੰਧੀ ਰਾਜਪੁਰਾ ਵਿਖੇ ਸਾਈਕਲਿੰਗ ਈਵੈਂਟ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਸਾਈਕਲਿਸਟਾਂ ਨੇ ਹਿੱਸਾ ਲਿਆ। ਇਹ ਉਪਰਾਲਾ ਦੇਸ਼-ਪੱਧਰੀ ਮੁਹਿੰਮ "ਇੱਕ ਘੰਟਾ ਖੇਲ ਕੇ ਮੈਦਾਨ ਵਿਚ" ਹੇਠ ਕੀਤਾ ਗਿਆ, ਜਿਸ ਦਾ ਮਕਸਦ ਨਾਗਰਿਕਾਂ ਵਿਚ ਖੇਡਾਂ, ਫਿਟਨੈੱਸ ਅਤੇ ਏਕਤਾ ਨੂੰ ਪ੍ਰੋਤਸਾਹਿਤ ਕਰਨਾ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਕੌਮਾਂਤਰੀ ਸਾਈਕਲਿਸਟ, ਮਹਾਰਾਜਾ ਰਣਜੀਤ ਸਿੰਘ ਐਵਾਰਡੀ, ਜਨਰਲ ਸਕੱਤਰ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਪਟਿਆਲਾ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਹ ਕਾਰਜਕ੍ਰਮ, ਜੋ ਕਿ ਸਪੋਰਟਸ ਅਥਾਰਿਟੀ ਆਫ ਇੰਡੀਆ (ਐੱਸ.ਏ.ਆਈ.), ਫਿਟ ਇੰਡੀਆ ਮੂਵਮੈਂਟ ਅਤੇ ਯੂਥ ਅਫ਼ੇਅਰਜ਼ ਐਂਡ ਸਪੋਰਟਸ ਮੰਤਰਾਲੇ ਦੇ ਸਹਿਯੋਗ ਨਾਲ ਦੇਸ਼ ਭਰ ਵਿਚ ਮਨਾਇਆ ਜਾ ਰਿਹਾ ਹੈ, ਵਿਚ ਵੱਖ-ਵੱਖ ਖੇਡ ਸਮਾਗਮ, ਫਿਟਨੈੱਸ ਸੈਸ਼ਨ ਅਤੇ ਜਾਗਰੂਕਤਾ ਮੁਹਿੰਮਾਂ ਸ਼ਾਮਲ ਹਨ, ਜਿਨ੍ਹਾਂ ਰਾਹੀਂ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਸ਼੍ਰੀ ਕਾਹਲੋਂ ਨੇ ਰਾਜਪੁਰਾ ਵਿਖੇ ਨੌਜਵਾਨਾਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਸਾਈਕਲਿੰਗ ਵਿਚ ਵੱਧ ਤੋਂ ਵੱਧ ਭਾਗੀਦਾਰੀ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਨੌਜਵਾਨਾਂ ਨੂੰ ਅਨੁਸ਼ਾਸਨ, ਸਮਰਪਣ ਅਤੇ ਫਿਟਨੈੱਸ ਰਾਹੀਂ ਖੇਡਾਂ ਵਿਚ ਸਫਲਤਾ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ। ਰਾਸ਼ਟਰੀ ਖੇਡ ਦਿਵਸ ਹਰ ਸਾਲ 29 ਅਗਸਤ ਨੂੰ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੀ ਜਨਮ ਜੈਯੰਤੀ ਨੂੰ ਸਮਰਪਿਤ ਕਰਕੇ ਮਨਾਇਆ ਜਾਂਦਾ ਹੈ। ਉਨ੍ਹਾਂ ਦਾ ਅਮੋਲਕ ਯੋਗਦਾਨ ਅੱਜ ਵੀ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਇਸ ਮੌਕੇ ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ ਪਟਿਆਲਾ ਦੇ ਅਹੁਦੇਦਾਰਾਂ ਬਖਸ਼ੀਸ਼ ਸਿੰਘ ਨੇ ਕਿਹਾ, "ਸਾਡਾ ਉਦੇਸ਼ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਅਤੇ ਫਿਟਨੈੱਸ ਵੱਲ ਮੋੜਨਾ ਹੈ। ਸਾਈਕਲਿੰਗ, ਜੋ ਕਿ ਸਭ ਤੋਂ ਆਸਾਨ ਅਤੇ ਸਿਹਤਮੰਦ ਕਿਰਿਆਵਾਂ ਵਿਚੋਂ ਇੱਕ ਹੈ, ਇੱਕ ਮਜ਼ਬੂਤ ਅਤੇ ਤੰਦਰੁਸਤ ਰਾਸ਼ਟਰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਅਸੀਂ ਨੌਜਵਾਨ ਪੀੜ੍ਹੀ ਵੱਲੋਂ ਇੰਨਾ ਵਧੀਆ ਜੋਸ਼ ਦੇਖ ਕੇ ਬਹੁਤ ਖੁਸ਼ ਹਾਂ।" ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਜੋ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ, ਇਹ ਸ਼ਲਾਘਾਯੋਗ ਕਦਮ ਹੈ। ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ ਪਟਿਆਲਾ ਨੇ ਵਿਦਿਆਰਥੀਆਂ, ਖਿਡਾਰੀਆਂ ਅਤੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਤਿੰਨ ਦਿਨਾਂ ਦੌਰਾਨ ਕਰਵਾਏ ਜਾਣ ਵਾਲੇ ਖੇਡ ਈਵੈਂਟਾਂ ਵਿਚ ਸਰਗਰਮ ਭਾਗ ਲੈਣ ਅਤੇ ਖੇਡਾਂ, ਜਜ਼ਬੇ ਅਤੇ ਏਕਤਾ ਦੇ ਇਸ ਜਸ਼ਨ ਨੂੰ ਕਾਮਯਾਬ ਬਣਾਉਣ। ਇਸ ਮੌਕੇ ਸੁਰਿੰਦਰ ਸਿੰਘ ਛਿੰਦਾ ਸ਼ੰਕਰਪੁਰ, ਕ੍ਰਿਸ਼ਨ ਪਹਿਲਵਾਨ ਕੌਲੀ, ਪਲਵਿੰਦਰ ਸਿੰਘ ਸਰਪੰਚ ਕੌਲੀ, ਫੌਜੀ ਢੀਂਡਸਾ, ਟੀਕਾ ਕੌਲੀ, ਖੋ-ਖੋ ਕੋਚ ਮੈਡਮ ਸੁਖਵਿੰਦਰ ਕੌਰ, ਸਾਈਕਲਿੰਗ ਕੋਚ ਹਰਪ੍ਰੀਤ ਕੌਰ ਵੱਡੀ ਗਿਣਤੀ ਵਿਚ ਖਿਡਾਰੀ, ਖਿਡਾਰੀਆਂ ਦੇ ਮਾਤਾ-ਪਿਤਾ ਅਤੇ ਦਰਸ਼ਕ ਹਾਜ਼ਰ ਸਨ।

## ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਸੁਨਕ ਨੂੰ ਨਸਲੀ ਧਮਕੀ ਦੇਣ ਵਾਲੇ ਵਿਅਕਤੀ ਨੂੰ 14 ਹਫਤਿਆਂ ਦੀ ਕੈਦ

**ਲੰਡਨ, (ਪੰਜਾਬ ਮੇਲ)-** ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਪ੍ਰਧਾਨ ਰਿਸ਼ੀ ਸੁਨਕ ਨੂੰ ਨਸਲੀ ਧ

ਇਹ ਈ-ਮੇਲ ਭਾਰਤੀ ਮੂਲ ਦੇ ਬ੍ਰਿਟਿਸ਼ ਨੇਤਾ ਦੇ ਨਿੱਜੀ ਸਹਾਇਕ ਵਲੋਂ ਦੇਖੇ ਗਏ ਸਨ ਤੇ ਉਸ ਨੇ ਇਸ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਸੀ। ਅਦਾਲਤ ਨੇ ਕਿਹਾ ਕਿ 'ਲੀਅਮ ਸ਼ਾਅ ਨੇ ਆਪਣੇ ਫ਼ੋਨ ਦੀ ਵਰਤੋਂ ਇਕ ਬਹੁਤ ਮਹੱਤਵਪੂਰਨ ਜਨਤਕ ਅਹੁਦੇ 'ਤੇ ਇਕ ਵਿਅਕਤੀ ਨੂੰ ਨਸਲੀ ਅਤੇ ਧਮਕੀ ਭਰੇ ਸੁਨੇਹੇ ਭੇਜਣ ਲਈ ਕੀਤੀ।' ਉਨ੍ਹਾਂ ਕਿਹਾ, "ਅੱਜ ਦੇ ਸਮੇਂ 'ਚ ਕਿਤੇ ਵੀ ਨਸਲੀ ਸ਼ੋਸ਼ਣ ਲਈ ਕੋਈ ਥਾਂ ਨਹੀਂ ਹੈ।" ਅਦਾਲਤ ਨੇ ਸ਼ਾਅ ਨੂੰ 20 ਦਿਨਾਂ ਦੀ ਪੁਨਰਵਾਸ ਗਤੀਵਿਧੀ ਤੇ 6 ਮਹੀਨਿਆਂ ਦਾ ਨਸ਼ਾ-ਛੁਡਾਊ ਕੋਰਸ ਵੀ ਪੂਰਾ ਕਰਨ ਦੇ ਹੁਕਮ ਦਿੱਤੇ ਹਨ।

# ਆਸਟ੍ਰੇਲੀਆ 'ਚ ਹਜ਼ਾਰਾਂ ਲੋਕਾਂ ਵੱਲੋਂ ਇਮੀਗ੍ਰੇਸ਼ਨ ਵਿਰੋਧੀ ਰੈਲੀਆਂ

**■ ਪ੍ਰਦਰਸ਼ਨ 'ਚ ਭਾਰਤੀਆਂ ਨੂੰ ਬਣਾਇਆ ਗਿਆ ਨਿਸ਼ਾਨਾ**




**ਸਿਡਨੀ, (ਪੰਜਾਬ ਮੇਲ)-** ਐਤਵਾਰ ਨੂੰ ਆਸਟ੍ਰੇਲੀਆ 'ਚ ਹਜ਼ਾਰਾਂ ਲੋਕਾਂ ਨੇ ਇਮੀਗ੍ਰੇਸ਼ਨ ਵਿਰੋਧੀ ਰੈਲੀਆਂ ਵਿਚ ਹਿੱਸਾ ਲਿਆ ਅਤੇ ਪ੍ਰਦਰਸ਼ਨ ਦੀ ਪ੍ਰਚਾਰ ਸਮੱਗਰੀ ਵਿਚ ਭਾਰਤੀ ਪ੍ਰਵਾਸੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਹਾਲਾਂਕਿ, ਆਸਟ੍ਰੇਲੀਆਈ ਸਰਕਾਰ ਨੇ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੀ ਹੈ ਅਤੇ ਪ੍ਰਦਰਸ਼ਨਾਂ ਨੂੰ ਨਫ਼ਰਤ ਫੈਲਾਉਣ ਵਾਲਾ ਅਤੇ ਨਵ-ਨਾਜ਼ੀਆਂ ਨਾਲ ਜੋੜਿਆ ਦੱਸਿਆ ਹੈ। 'ਮਾਰਚ ਫਾਰ ਆਸਟ੍ਰੇਲੀਆ' ਨਾਮਕ ਰੈਲੀਆਂ ਲਈ ਜਾਰੀ ਕੀਤੇ ਗਏ ਇਸ਼ਤਿਹਾਰ ਵਿਚ ਭਾਰਤੀ ਮੂਲ ਦੇ ਨਿਵਾਸੀਆਂ ਨੂੰ ਪ੍ਰਮੁੱਖਤਾ ਨਾਲ ਦਰਸਾਇਆ ਗਿਆ ਹੈ, ਜੋ ਹੁਣ ਉੱਥੇ ਦੀ ਆਬਾਦੀ ਦਾ ਤਿੰਨ ਫੀਸਦੀ ਹਨ।

ਇੱਕ ਪੈਂਫਲੈਟ 'ਤੇ ਲਿਖਿਆ ਗਿਆ ਸੀ, "ਪੰਜ ਸਾਲਾਂ ਵਿਚ ਆਏ ਭਾਰਤੀਆਂ ਦੀ ਗਿਣਤੀ 100 ਸਾਲਾਂ ਵਿਚ ਆਏ ਯੂਨਾਨੀਆਂ ਅਤੇ ਇਟਾਲੀਅਨਾਂ ਦੀ ਗਿਣਤੀ ਤੋਂ ਵੱਧ ਹੈ। ਇਹ ਸਿਰਫ਼ ਇੱਕ ਦੇਸ਼ ਤੋਂ ਆਇਆ ਹੈ, ਜਿਸ ਬਾਰੇ ਅਸੀਂ ਜਾਣਦੇ ਹਾਂ ਕਿ ਪ੍ਰਵਾਸ ਦਾ ਸੱਭਿਆਚਾਰਕ ਪ੍ਰਭਾਵ ਹੁੰਦਾ ਹੈ। ਇਹ ਕੋਈ ਮਾਮੂਲੀ ਸੱਭਿਆਚਾਰਕ ਤਬਦੀਲੀ ਨਹੀਂ ਹੈ, ਆਸਟ੍ਰੇਲੀਆ ਕੋਈ ਆਰਥਿਕ ਖੇਤਰ ਨਹੀਂ ਹੈ, ਜਿਸਦੀ ਦੌਲਤ ਦਾ ਅੰਤਰਰਾਸ਼ਟਰੀ ਪੱਧਰ 'ਤੇ ਸ਼ੋਸ਼ਣ ਕੀਤਾ ਜਾ ਸਕਦਾ ਹੈ।" ਇਸ ਸਮਾਗਮ ਤੋਂ ਪਹਿਲਾਂ ਫੇਸਬੁੱਕ 'ਤੇ ਜਾਰੀ ਕੀਤੀ ਗਈ ਪ੍ਰਚਾਰ ਸਮੱਗਰੀ ਵਿਚ ਭਾਰਤੀਆਂ ਦਾ ਵੀ ਜ਼ਿਕਰ ਕੀਤਾ ਗਿਆ ਸੀ, ਜਿਨ੍ਹਾਂ ਦੀ ਗਿਣਤੀ 2013 ਤੋਂ ਦੁੱਗਣੀ ਹੋ ਕੇ ਲਗਭਗ 845,800 ਹੋਣ ਦੀ ਸੰਭਾਵਨਾ ਹੈ, ਜਨਗਣਨਾ ਦੇ ਅੰਕੜਿਆਂ ਅਨੁਸਾਰ। ਮਾਰਚ ਫਾਰ ਆਸਟ੍ਰੇਲੀਆ ਵੈੱਬਸਾਈਟ ਕਹਿੰਦੀ ਹੈ ਕਿ ਸਮੂਹਿਕ ਪ੍ਰਵਾਸ ਨੇ "ਸਾਡੇ ਭਾਈਚਾਰਿਆਂ ਨੂੰ ਇਕੱਠੇ ਰੱਖਣ ਵਾਲੇ ਬੰਧਨਾਂ ਨੂੰ ਤੋੜ ਦਿੱਤਾ ਹੈ," ਜਦੋਂਕਿ ਸਮੂਹ ਐਕਸ 'ਤੇ ਲਿਖਦਾ ਹੈ ਕਿ ਉਹ ਉਹ ਕਰਨਾ ਚਾਹੁੰਦੇ ਹਨ, ਜੋ ਮੁੱਖ ਧਾਰਾ ਦੇ ਸਿਆਸਤਦਾਨ ਕਦੇ ਹਿੰਮਤ ਨਹੀਂ ਕਰਦੇ, ਸਮੂਹਿਕ ਪ੍ਰਵਾਸ ਨੂੰ ਖਤਮ ਕਰਨ ਦੀ ਮੰਗ ਕਰਦੇ ਹਨ।

ਆਯੋਜਕਾਂ ਨੇ ਆਪਣੇ ਆਪ ਨੂੰ ਸਮੂਹਿਕ ਪ੍ਰਵਾਸ ਨੂੰ ਖਤਮ ਕਰਨ ਦੇ ਟੀਚੇ ਦੇ ਆਲੇ-ਦੁਆਲੇ ਆਸਟ੍ਰੇਲੀਆਈਆਂ ਨੂੰ ਇਕਜੁੱਟ ਕਰਨ ਲਈ ਇੱਕ ਜ਼ਮੀਨੀ ਪੱਧਰ ਦੀ ਕੋਸ਼ਿਸ਼ ਦੱਸਿਆ ਅਤੇ ਹੋਰ ਸਮੂਹਾਂ ਨਾਲ ਕਿਸੇ ਵੀ ਸਬੰਧ ਤੋਂ ਇਨਕਾਰ ਕੀਤਾ। ਸਿਡਨੀ, ਮੈਲਬੌਰਨ, ਕੈਨਬਰਾ ਅਤੇ ਹੋਰ ਸ਼ਹਿਰਾਂ ਵਿਚ ਵੱਡੀਆਂ ਰੈਲੀਆਂ ਕੀਤੀਆਂ ਗਈਆਂ। ਸਿਡਨੀ ਵਿਚ, 5,000 ਤੋਂ 8,000 ਲੋਕ, ਜਿਨ੍ਹਾਂ ਵਿਚੋਂ ਬਹੁਤ ਸਾਰੇ ਰਾਸ਼ਟਰੀ ਝੰਡੇ ਪਹਿਨੇ ਹੋਏ ਸਨ, ਸ਼ਹਿਰ ਦੇ ਮੈਰਾਥਨ ਅਖਾੜੇ ਦੇ ਨੇੜੇ ਇਕੱਠੇ ਹੋਏ। ਸ਼ਰਨਾਰਥੀ ਐਕਸ਼ਨ ਗੱਠਜੋੜ ਦੁਆਰਾ ਇੱਕ ਜਵਾਬੀ ਰੈਲੀ ਨੇੜੇ ਹੀ ਕੀਤੀ ਗਈ, ਜਿਸ ਵਿਚ ਸੈਂਕੜੇ ਲੋਕ ਸ਼ਾਮਲ ਹੋਏ। ਪੁਲਿਸ ਨੇ ਕਿਹਾ ਕਿ ਸਿਡਨੀ ਵਿਚ ਸੈਂਕੜੇ ਅਧਿਕਾਰੀ ਤਾਇਨਾਤ ਕੀਤੇ ਗਏ ਸਨ ਅਤੇ ਮੁਹਿੰਮ ਬਿਨਾਂ ਕਿਸੇ ਵੱਡੀ ਘਟਨਾ ਦੇ ਖਤਮ ਹੋ ਗਈ।

# ਵੈਨਕੂਵਰ ਵਿਚਾਰ ਮੰਚ ਵੱਲੋਂ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਲੇਖਕ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਵੀਡਨ ਤੋਂ ਆਏ ਪ੍ਰਸਿੱਧ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਕੈਲਗਰੀ ਤੋਂ ਆਏ ਸਾਹਿਤਕਾਰ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ ਕੀਤੀ ਗਈ। ਬੈਠਕ ਦੀ ਸ਼ੁਰੂਆਤ ਮੋਹਨ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ ਅਤੇ ਕਾਰਜਾਂ ਬਾਰੇ ਸੰਖੇਪ ਵਿਚ ਜਾਣਕਾਰੀ ਸਾਂਝੀ ਕੀਤੀ ਅਤੇ ਮੰਚ ਦੇ ਗਠਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਨਾਮਵਰ ਚਿੱਤਰਕਾਰ ਮਰਹੂਮ ਜਰਨੈਲ ਸਿੰਘ ਨੂੰ ਯਾਦ ਕੀਤਾ। ਉਨ੍ਹਾਂ ਕੈਲਗਰੀ ਤੋਂ ਆਏ ਮਹਿਮਾਨ ਲੇਖਕ ਜਸਵਿੰਦਰ ਰੁਪਾਲ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਉਪਰੰਤ ਜਸਵਿੰਦਰ ਰੁਪਾਲ ਨੇ ਆਪਣੇ ਜੀਵਨ, ਵਿਦਿਆ, ਅਧਿਆਪਨ ਕਾਰਜ ਅਤੇ ਸਾਹਿਤਕ ਸਫ਼ਰ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਉਹ ਹੁਣ ਤੱਕ 6 ਵਿਸ਼ਿਆਂ ਵਿਚ ਐੱਮ.ਏ. ਹਾਸਲ ਕਰ ਚੁੱਕੇ ਹਨ ਅਤੇ ਸੱਤਵੀਂ ਐੱਮ.ਏ. ਕਰ ਰਹੇ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ ਛਪ ਚੁੱਕੀਆਂ ਹਨ। ਉਨ੍ਹਾਂ ਦਾ ਵਧੇਰੇ ਲਿਖਣ ਕਾਰਜ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ ਹੈ।

ਸਵੀਡਨ ਤੋਂ ਆਏ ਨਾਮਵਰ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਬਾਰੇ ਜਾਣ-ਪਛਾਣ ਕਰਵਾਉਂਦਿਆਂ ਨਵਰੂਪ ਸਿੰਘ ਨੇ ਕਿਹਾ ਕਿ ਪੰਜਾਬ ਦੀ ਵੰਡ ਬਾਰੇ ਅਤੇ 1947 ਦੀ ਤਰਾਸਦੀ ਬਾਰੇ ਡਾ. ਇਸ਼ਤਿਆਕ ਅਹਿਮਦ ਨੇ ਸਖਤ ਮਿਹਨਤ ਕਰਦਿਆਂ ਪੂਰੀ ਇਮਾਨਦਾਰੀ ਨਾਲ ਇਤਿਹਾਸ ਨੂੰ ਕਾਗਜ਼ੀ ਪੰਨਿਆਂ 'ਤੇ ਉਤਾਰਿਆ ਹੈ। ਉਨ੍ਹਾਂ ਲਹੂ ਲੁਹਾਣ, ਵੰਡੇ ਹੋਏ ਅਤੇ ਵੱਢੇ-ਟੁੱਕੇ ਪੰਜਾਬ ਦੀ ਦਾਸਤਾਨ ਨੂੰ ਬੇਹੱਦ ਸੁਹਿਰਦਤਾ ਨਾਲ ਸਾਹਮਣੇ ਲਿਆਂਦਾ ਹੈ। ਡਾ. ਇਸ਼ਤਿਆਕ ਅਹਿਮਦ ਨੇ ਦੱਸਿਆ ਕਿ ਪੰਜਾਬ ਦੀ ਵੰਡ ਦੇ ਦੁਖਾਂਤ ਬਾਰੇ ਜਦੋਂ ਬਜ਼ੁਰਗਾਂ ਤੋਂ ਹਿਰਦੇਵੇਦਿਕ ਕਹਾਣੀਆਂ ਸੁਣੀਆਂ, ਤਾਂ ਉਨ੍ਹਾਂ ਨੇ ਇਸ ਦੁਖਾਂਤ ਦਾ ਸ਼ਿਕਾਰ ਹੋਏ, ਪ੍ਰਭਾਵਿਤ ਹੋਏ ਪਰਿਵਾਰਾਂ, ਵੱਢਾ-ਟੁੱਕੀ ਵਿਚ ਸ਼ਾਮਲ ਮਨੁੱਖੀ ਦਰਿੰਦਿਆਂ ਅਤੇ ਉਸ ਸਮੇਂ ਦੇ ਹਾਲਾਤ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਕਾਰਜ ਉਲੀਕਿਆ। ਸਟਾਕਹੋਮ (ਸਵੀਡਨ) ਯੂਨੀਵਰਸਿਟੀ ਵਿਚ ਉਹ ਪ੍ਰੋਫੈਸਰ ਸਨ ਅਤੇ ਉਨ੍ਹਾਂ ਯੂਨੀਵਰਸਿਟੀ ਨੂੰ ਇਹ ਖੋਜ ਕਰਨ ਲਈ ਬੇਨਤੀ ਕੀਤੀ ਤਾਂ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਇਸ ਕਾਰਜ ਲਈ ਤਿੰਨ ਸਾਲ ਦਾ ਸਮਾਂ ਦਿੱਤਾ ਅਤੇ ਹਰ ਪੱਖੋਂ ਸਹਿਯੋਗ ਦਿੱਤਾ। ਯੂਨੀਵਰਸਿਟੀ ਵੱਲੋਂ ਮਿਲੇ ਸਮੇਂ ਦੌਰਾਨ ਉਨ੍ਹਾਂ ਦਾ ਇਹ ਖੋਜ ਕਾਰਜ ਮੁਕੰਮਲ ਨਹੀਂ ਸੀ ਹੋਇਆ ਅਤੇ ਉਨ੍ਹਾਂ ਅਧਿਆਪਨ ਕਾਰਜ ਦੇ ਨਾਲ ਨਾਲ ਛੁੱਟੀਆਂ ਵਿਚ ਆਪਣੀ ਖੋਜ ਜਾਰੀ ਰੱਖੀ ਅਤੇ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂ.ਕੇ., ਸਿੰਘਾਪੁਰ ਅਤੇ ਹੋਰ ਕਈ ਦੇਸ਼ਾਂ ਵਿਚ, ਜਿੱਥੇ ਪੰਜਾਬੀ ਲੋਕ ਵਸਦੇ ਸਨ, ਜਾ ਕੇ ਲਗਾਤਾਰ 11 ਸਾਲ ਦੀ ਮਿਹਨਤ ਬਾਅਦ ਉਨ੍ਹਾਂ ਇਸ ਖੋਜ ਨੂੰ ਅੰਗਰੇਜ਼ੀ ਵਿਚ ਕਿਤਾਬੀ ਰੂਪ ਦਿੱਤਾ, ਜੋ ਬਾਅਦ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਛੱਪ ਚੁੱਕੀ ਹੈ। ਉਨ੍ਹਾਂ ਆਪਣੀ ਖੋਜ ਦੌਰਾਨ 450 ਦੇ ਕਰੀਬ ਲੋਕਾਂ ਨਾਲ ਇੰਟਰਵਿਊ ਕੀਤੀਆਂ, ਜਿਨ੍ਹਾਂ ਵਿਚੋਂ 262 ਇੰਟਰਵਿਊ ਪੁਸਤਕ 'ਚ ਸ਼ਾਮਲ ਹਨ।

# 'ਦੂਜੀ ਆਲਮੀ ਪੰਜਾਬੀ ਕਾਨਫ਼ਰੰਸ' ਬਾਬਾ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੀ ਰਹਿਨੁਮਾਈ 'ਚ ਹੋਈ

**ਕਸੂਰ, (ਪੰਜਾਬ ਮੇਲ)-** ਮਾਦਰੀ ਜ਼ੁਬਾਨ ਦੀ ਤਰੱਕੀ ਵਾਸਤੇ ਪੰਜਾਬੀ ਨੂੰ ਮੁੱਢਲੇ ਪੱਧਰ ਤੋਂ ਲਾਗੂ ਕੀਤਾ ਜਾਵੇ। ਇਨ੍ਹਾਂ ਖ਼ਿਆਲਾਂ ਦਾ ਇਜ਼ਹਾਰ ਮਾਣਯੋਗ ਬੁਲਾਰੇ ਡਾਕਟਰ ਮੁਹੰਮਦ ਰਿਆਜ਼ ਅੰਜੁਮ ਸਦਰ ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ, ਮੁਹੰਮਦ ਇਕਬਾਲ ਨਜਮੀ, ਮੁਹੰਮਦ ਸ਼ੋਇਬ ਮਿਰਜ਼ਾ, ਡਾਕਟਰ ਹਫ਼ੀਜ਼ ਅਹਿਮਦ, ਤੁਫ਼ੈਲ ਸਰੂਰ ਬਲੋਚ, ਡਾਕਟਰ ਇਰਫ਼ਾਨ ਅਲਹਕ, ਡਾਕਟਰ ਮੁਹੰਮਦ ਰਿਆਜ਼ ਸ਼ਾਹਿਦ, ਡਾਕਟਰ ਕਲਿਆਣ ਸਿੰਘ ਕਲਿਆਣ, ਨਾਜ਼ ਔਕਾੜਵੀ, ਡਾਕਟਰ ਮੁਹੰਮਦ ਅੱਯੂਬ, ਡਾਕਟਰ ਸਆਦਤ ਅਲੀ ਸਾਕਿਬ, ਪ੍ਰੋਫ਼ੈਸਰ ਡਾਕਟਰ ਅਰਸ਼ਦ ਇਕਬਾਲ ਅਰਸ਼ਦ, ਡਾਕਟਰ ਅਹਿਸਾਨ ਅੱਲ੍ਹਾ ਤਾਹਿਰ, ਸ਼ੌਕਤ ਨਕਸ਼ਬੰਦੀ ਡਾਕਟਰ ਸੱਯਦ ਫ਼ਰਮਾਨ ਅਲੀ, ਮੁਹੰਮਦ ਸਾਜਿਦ ਵਗ਼ੈਰਾ ਨੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਪਾਕਿਸਤਾਨ ਮਾਡਲ ਹਾਈ ਸਕੂਲ ਰਾਏ ਵਿੰਡ ਰੋਡ ਕਸੂਰ ਵਿਖੇ ਕਰਵਾਈ ਗਈ ਦੂਸਰੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਬੋਲਦਿਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬੀ ਦੁਨੀਆਂ ਦੀਆਂ ਵੱਡੀਆਂ ਜ਼ੁਬਾਨੋਂ ਵਿਚੋਂ ਇਕ ਹੈ। ਪੰਜਾਬੀ ਸਾਹਿਤ ਦੀ ਤਰੱਕੀ ਵਾਸਤੇ ਬਾਬਾ ਬੁੱਲ੍ਹੇ ਸ਼ਾਹ ਦੇ ਉਦੇਸ਼ ਨੂੰ ਫੈਲਾਉਣ ਲਈ ਅਦਬੀ ਸੰਗਤ ਅਪਣਾ ਕਿਰਦਾਰ ਅਦਾ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਦੁਨੀਆਂ ਦੇ ਹਰ ਸ਼ਹਿਰ ਵਿਚ ਪੰਜਾਬੀ ਬੋਲਣ ਵਾਲੇ ਵੱਡੀ ਪੱਧਰ 'ਤੇ ਰਹਿੰਦੇ ਹਨ। ਅਸੀਂ ਹਕੂਮਤ ਤੋਂ ਮੰਗ ਕਰਦੇ ਹਾਂ ਕਿ ਇਸ ਜ਼ੁਬਾਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਲਾਗੂ ਕੀਤੀ ਜਾਏ। ਪ੍ਰੋਗਰਾਮ ਦੇ ਦੂਸਰੇ ਦੌਰ ਵਿਚ ਸਲੀਮ ਆਫ਼ਤਾਬ ਸਲੀਮ ਕਸੂਰੀ, ਇਸ਼ਤੇਆਕ ਅਸਰ, ਮੁਹੰਮਦ ਬੂਟਾ ਸ਼ਾਕਿਰ ਅਤੇ ਇਕੱਤਰ ਸ਼ਾਇਰਾਂ ਨੇ ਬਾਬਾ ਜੀ ਦੀ ਹਜ਼ੂਰੀ ਵਿਚ ਆਪਣਾ ਕਲਾਮ ਪੇਸ਼ ਕੀਤਾ ਅਤੇ ਹਾਜ਼ਰੀਨ ਤੋਂ ਭਰਪੂਰ ਦਾਦ ਵਸੂਲ ਕੀਤੀ। ਇਸ ਮੌਕੇ 'ਤੇ ਹਾਜ਼ਰੀਨ ਵਿਚ ਪਹਿਲੀ ਕਾਨਫ਼ਰੰਸ 'ਚ ਪੜ੍ਹੇ ਗਏ ਕਲਾਮਾਂ ਦੀ ਕਿਤਾਬ "ਪੰਜਾਬੀ ਜ਼ਬਾਨ ਓ ਅਦਬ ਦਾ ਅਜੋਕਾ ਮੁਹਾੜ" ਅਤੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਛਾਪਿਆ ਜਾਣ ਵਾਲਾ ਮਹੀਨਾਵਾਰ ਰਸਾਲਾ 'ਬੁੱਲ੍ਹਾ' ਮੁਫ਼ਤ ਤਕਸੀਮ ਕੀਤੇ ਗਏ। ਇਸ ਮੌਕੇ 'ਤੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੇ ਸਦਰ ਡਾਕਟਰ ਮੁਹੰਮਦ ਰਿਆਜ਼ ਅੰਜੁਮ ਨੇ ਦੂਰ-ਦਰਾਜ਼ ਤੋਂ ਤਸ਼ਰੀਫ਼ ਲਿਆਉਣ ਵਾਲੇ ਸ਼ਾਇਰਾਂ ਅਤੇ ਪਰਚਾ ਪੜ੍ਹਨ ਵਾਲੇ ਵਿਦਵਾਨਾਂ ਨੂੰ ਬੁੱਲ੍ਹੇ ਸ਼ਾਹ ਐਵਾਰਡ ਨਾਲ ਨਿਵਾਜਿਆ ਅਤੇ ਹਾਜ਼ਰੀਨ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ।





# ਅਮਰੀਕੀ ਵਿਦੇਸ਼ ਵਿਭਾਗ ਵੱਲੋਂ "ਬਰਥ ਟੂਰਿਜ਼ਮ" 'ਤੇ ਸਖ਼ਤ ਚੇਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਅਮਰੀਕੀ ਵੀਜ਼ਾ "ਬਰਥ ਟੂਰਿਜ਼ਮ" ਲਈ ਨਹੀਂ ਵਰਤਿਆ ਜਾ ਸਕਦਾ, ਭਾਵ ਸਿਰਫ਼ ਬੱਚੇ ਨੂੰ ਜਨਮ ਦੇਣ ਦੇ ਉਦੇਸ਼ ਨਾਲ ਅਮਰੀਕਾ ਆਉਣਾ ਲਈ ਨਹੀਂ ਵਰਤਿਆ ਜਾ ਸਕਦਾ।

ਵਿਦੇਸ਼ ਵਿਭਾਗ ਦੇ ਕੌਂਸਲਰ ਮਾਮਲਿਆਂ ਦੇ ਬਿਊਰੋ ਨੇ ਕਿਹਾ, "ਜੇਕਰ ਕੋਈ ਸਿਰਫ਼ ਇਸ ਲਈ ਅਮਰੀਕਾ ਆਉਣਾ ਚਾਹੁੰਦਾ ਹੈ, ਤਾਂ ਜੋ ਉਸਦਾ ਬੱਚਾ ਅਮਰੀਕੀ ਨਾਗਰਿਕਤਾ ਪ੍ਰਾਪਤ ਕਰ ਸਕੇ, ਤਾਂ ਇਹ ਵੀਜ਼ਾ ਨਿਯਮਾਂ ਦੇ ਵਿਰੁੱਧ ਹੈ।" ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਅਧਿਕਾਰੀ ਨੂੰ ਲੱਗਦਾ ਹੈ ਕਿ ਇਹ ਦੌਰੇ ਦਾ ਮੁੱਖ ਉਦੇਸ਼ ਹੈ, ਤਾਂ ਉਹ ਵੀਜ਼ਾ ਅਰਜ਼ੀ ਨੂੰ ਰੱਦ ਕਰ ਦੇਵੇਗਾ।

ਇਹ ਚੇਤਾਵਨੀ ਅਜਿਹੇ ਸਮੇਂ ਆਈ ਹੈ, ਜਦੋਂ ਅਮਰੀਕੀ ਸੰਸਦ ਵਿਚ "ਬਰਥ ਟੂਰਿਜ਼ਮ" ਨੂੰ ਰੋਕਣ ਲਈ ਇੱਕ ਨਵੇਂ ਕਾਨੂੰਨ 'ਤੇ ਕੰਮ ਤੇਜ਼ ਹੋ ਗਿਆ ਹੈ। ਮਈ 2025 ਵਿਚ, ਸੈਨੇਟਰ ਮਾਰਸ਼ਾ ਬਲੈਕਬਰਨ ਨੇ 'ਜਨਮ ਸੈਰ-ਸਪਾਟਾ 'ਤੇ ਪਾਬੰਦੀ ਐਕਟ' ਪੇਸ਼ ਕੀਤਾ। ਇਸ ਪ੍ਰਸਤਾਵ ਦੇ ਤਹਿਤ, ਜੇਕਰ ਕੋਈ ਔਰਤ ਸਿਰਫ਼ ਬੱਚੇ ਨੂੰ ਜਨਮ ਦੇਣ ਲਈ ਅਮਰੀਕਾ ਆਉਣਾ ਚਾਹੁੰਦੀ ਹੈ, ਤਾਂ ਜੋ ਉਹ ਨਾਗਰਿਕਤਾ ਪ੍ਰਾਪਤ ਕਰ ਸਕੇ, ਤਾਂ ਉਸਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਹਾਲਾਂਕਿ, ਜੇਕਰ ਕੋਈ ਔਰਤ ਕਿਸੇ ਦਸਤਾਵੇਜ਼ੀ ਡਾਕਟਰੀ ਕਾਰਨ ਕਰਕੇ ਆ ਰਹੀ ਹੈ, ਤਾਂ ਇਹ ਛੋਟ ਦਿੱਤੀ ਜਾਵੇਗੀ।



ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਅਮਰੀਕੀ ਨਾਗਰਿਕਤਾ ਦੇ ਅਰਥ ਅਤੇ ਮੁੱਲ ਦੀ ਰੱਖਿਆ ਸਿਰਲੇਖ ਵਾਲੇ ਕਾਰਜਕਾਰੀ ਆਦੇਸ਼ 14160 'ਤੇ ਦਸਤਖ਼ਤ ਕੀਤੇ। ਇਸਦਾ ਟੀਚਾ ਅਮਰੀਕਾ ਵਿਚ ਅਸਥਾਈ ਤੌਰ 'ਤੇ ਜਾਂ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੇ ਘਰ ਪੈਦਾ ਹੋਏ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣਾ ਬੰਦ ਕਰਨਾ ਸੀ, ਜਿਨ੍ਹਾਂ ਵਿਚ ਸੈਲਾਨੀ ਵੀਜ਼ਾ ਵਾਲੀਆਂ ਔਰਤਾਂ ਵੀ ਸ਼ਾਮਲ ਸਨ।

ਹਾਲਾਂਕਿ ਕਈ ਸੰਘੀ ਅਦਾਲਤਾਂ ਨੇ ਇਸ ਹੁਕਮ 'ਤੇ ਰੋਕ ਲਗਾ ਦਿੱਤੀ ਸੀ, ਪਰ ਸੁਪਰੀਮ ਕੋਰਟ ਨੇ ਇਸ ਦੇ ਕੁਝ ਹਿੱਸਿਆਂ ਨੂੰ ਚੋਣਵੇਂ ਰਾਜਾਂ ਵਿਚ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ 'ਤੇ ਕਾਨੂੰਨੀ ਲੜਾਈ ਅਜੇ ਵੀ ਜਾਰੀ ਹੈ।

# ਜਲੰਧਰ 'ਚ ਈ-ਪਾਸਪੋਰਟ ਸੇਵਾ ਸ਼ੁਰੂ

**ਜਲੰਧਰ, (ਪੰਜਾਬ ਮੇਲ)-** ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਖੇਤਰੀ ਪਾਸਪੋਰਟ ਦਫ਼ਤਰ ਜਲੰਧਰ ਵਿਚ ਵੀ ਈ-ਪਾਸਪੋਰਟ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਮਈ ਦੇ ਸ਼ੁਰੂ ਵਿਚ ਹੀ ਪਾਸਪੋਰਟ ਸੇਵਾ ਪੁਲਿਸ ਟ੍ਰਾਇਲ ਕੀਤਾ ਗਿਆ ਸੀ, ਜੋ ਸਫ਼ਲ ਰਿਹਾ ਅਤੇ ਉਸ ਤੋਂ ਤੁਰੰਤ ਬਾਅਦ ਈ-ਪਾਸਪੋਰਟ ਜਾਰੀ ਕੀਤੇ ਜਾਣੇ ਸ਼ੁਰੂ ਹੋ ਗਏ ਹਨ।

ਖੇਤਰੀ ਪਾਸਪੋਰਟ ਅਧਿਕਾਰੀ ਯਸ਼ਪਾਲ ਨੇ ਦੱਸਿਆ ਕਿ ਈ-ਪਾਸਪੋਰਟ ਨੂੰ ਲੈ ਕੇ ਲੋਕਾਂ ਵਿਚ ਬਹੁਤ ਉਤਸ਼ਾਹ ਹੈ ਅਤੇ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਬਿਨੈਕਾਰਾਂ ਨੂੰ ਖੇਤਰੀ ਪਾਸਪੋਰਟ ਦਫ਼ਤਰ ਵਿਚ ਅਪੁਆਇੰਟਮੈਂਟ ਲੈਣ ਲਈ ਇੰਤਜ਼ਾਰ ਨਹੀਂ ਕਰਨਾ ਪੈਂਦਾ ਕਿਉਂਕਿ ਬਿਨੈਕਾਰਾਂ ਨੂੰ ਅਗਲੇ ਦਿਨ ਦੀ ਅਪੁਆਇੰਟਮੈਂਟ ਮਿਲ ਰਹੀ ਹੈ।

ਜ਼ਿਕਰਯੋਗ ਹੈ ਕਿ ਈ-ਪਾਸਪੋਰਟ ਭਾਰਤ ਸਰਕਾਰ ਦੀ ਪਾਸਪੋਰਟ ਸੇਵਾ ਦਾ ਇਕ ਡਿਜੀਟਲ ਵਰਜਨ ਹੈ, ਜਿਸ 'ਚ ਇਕ ਸੰਪਰਕ ਰਹਿਤ ਚਿੱਪ ਹੁੰਦੀ ਹੈ, ਜੋ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਦੀ ਹੈ। ਈ-ਪਾਸਪੋਰਟ ਲਈ ਅਰਜ਼ੀ ਦੇਣ ਲਈ ਤੁਹਾਨੂੰ ਪਾਸਪੋਰਟ ਸੇਵਾ ਪੋਰਟਲ 'ਤੇ ਆਨਲਾਈਨ ਰਜਿਸਟਰ ਕਰਨ ਦੇ ਨਾਲ-ਨਾਲ ਈ-ਫਾਰਮ ਭਰਨਾ ਪਵੇਗਾ ਅਤੇ ਫਿਰ ਪਾਸਪੋਰਟ ਸੇਵਾ ਕੇਂਦਰ 'ਤੇ ਅਪੁਆਇੰਟਮੈਂਟ ਤੈਅ ਕਰਨੀ ਪਵੇਗੀ। ਅਰਜ਼ੀ ਪ੍ਰਕਿਰਿਆ ਵਿਚ ਦਸਤਾਵੇਜ਼ਾਂ ਦੀ ਤਸਦੀਕ ਅਤੇ ਪੁਲਸ ਤਸਦੀਕ ਸ਼ਾਮਲ ਹੈ।




# ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ!

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਸਰਕਾਰ ਆਖਦੀ ਤਾਂ ਇਹ ਹੈ ਕਿ ਉਸਦੇ ਖ਼ਜ਼ਾਨੇ ਮਾਲੋ-ਮਾਲ ਹਨ, ਭਰੇ ਪਏ ਹਨ, ਤਾਂ ਕਦੇ ਸ਼ਹਿਰਾਂ-ਪਿੰਡਾਂ ਦੀਆਂ ਸੜਕਾਂ ਦਾ ਹਾਲ ਕਿਉਂ ਨਹੀਂ ਵੇਖਦੀ? ਮੇਨ ਹਾਈਵੇ ਤੋਂ ਬਿਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਬੁਰਾ ਹਾਲ ਹੈ। ਸ਼ਹਿਰਾਂ ਦੀਆਂ ਸੜਕਾਂ 'ਚ ਟੋਏ ਹਨ। ਮੀਂਹ ਪੈਂਦਾ ਹੈ ਤਾਂ ਸੜਕਾਂ ਭਰ ਜਾਂਦੀਆਂ ਹਨ, ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਹੈ। ਆਖਰ ਪੰਜਾਬੀਆਂ ਦਾ ਕਸੂਰ ਕੀ ਹੈ, ਜੋ ਉਨ੍ਹਾਂ ਨੂੰ ਸਰਕਾਰਾਂ ਨੇ ਆਪਣੇ ਹਾਲ 'ਤੇ ਛੱਡ ਦਿੱਤਾ ਹੈ?**

ਪਰਵਾਸ, ਲੋੜਾਂ-ਥੋੜਾਂ, ਖਰਾਬ ਬੁਨਿਆਦੀ ਢਾਂਚੇ, ਵਿਆਪਕ ਬੇਰੁਜ਼ਗਾਰੀ, ਖੇਤੀ ਸੰਕਟ, ਸਿਹਤ ਅਤੇ ਸਿੱਖਿਆ ਦੇ ਉਥਲ-ਪੁਥਲ ਹੋਏ ਢਾਂਚੇ ਨਾਲ ਝੰਬੇ ਪਏ ਪੰਜਾਬ ਲਈ ਆਈ ਇੱਕ ਹੋਰ ਆਫ਼ਤ ਮੌਕੇ ਪੰਜਾਬ ਢਹਿ-ਢੇਰੀ ਹੋਇਆ ਜਾਪਦਾ ਹੈ। ਪੰਜਾਬ ਸਰਕਾਰ ਬੇਵੱਸ ਹੈ! ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਕੇਂਦਰ ਸਰਕਾਰ ਚੁੱਪ ਹੈ! ਪੰਜਾਬ ਦੇ ਹੜ੍ਹਾਂ ਵੇਲੇ ਪੰਜਾਬ ਨੂੰ ਕੌਮੀ ਆਫ਼ਤ ਕਿਉਂ ਨਹੀਂ ਐਲਾਨਿਆ ਗਿਆ, ਲੋਕ ਪੁੱਛਦੇ ਹਨ।

ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਡੇਢ ਲੱਖ ਏਕੜ ਖੜ੍ਹੀ ਫ਼ਸਲ — ਗੰਨਾ, ਝੋਨਾ, ਮੱਕੀ — ਪਾਣੀ 'ਚ ਡੁੱਬ ਗਈ ਹੈ। ਅਸਲ ਅੰਕੜੇ ਇਸ ਤੋਂ ਵੀ ਵੱਧ ਹਨ। ਲਗਭਗ ਅੱਧਾ ਪੰਜਾਬ ਪਾਣੀ 'ਚ ਡੁੱਬਿਆ ਪਿਆ ਹੈ। ਭਾਖੜਾ ਡੈਮ ਆਫਰਿਆ ਪਿਆ ਹੈ। ਰਣਜੀਤ ਸਾਗਰ ਡੈਮ ਦੇ ਖੋਲ੍ਹੇ ਫਲੱਡ ਗੇਟਾਂ ਕਾਰਨ ਪਾਣੀ ਦਾ ਪੱਧਰ ਵਧਣ ਨਾਲ ਪਿੰਡਾਂ ਦੇ ਪਿੰਡ ਡੁੱਬ ਰਹੇ ਹਨ। ਮਾਲ-ਡੰਗਰ, ਪਸ਼ੂ-ਪੰਛੀ, ਮਾਲ-ਅਸਬਾਬ, ਮਰਦ-ਔਰਤਾਂ, ਬੱਚੇ-ਬਜ਼ੁਰਗ — ਪੰਜਾਬ ਵਿਚ ਪਿਛਲੇ 37 ਸਾਲਾਂ 'ਚ ਆਏ ਸਭ ਤੋਂ ਭਿਆਨਕ ਹੜ੍ਹਾਂ ਨਾਲ ਜੂਝ ਰਹੇ ਹਨ। ਪੰਜਾਬ ਦੇ ਮਾਲ-ਅਸਬਾਬ ਦਾ ਅਰਬਾਂ-ਖ਼ਰਬਾਂ ਦਾ ਨੁਕਸਾਨ ਹੋ ਗਿਆ ਹੈ। ਸੈਂਕੜੇ ਮੌਤਾਂ ਹੋ ਗਈਆਂ ਹਨ।

ਜਿੱਥੇ ਕੱਲ੍ਹ ਖ਼ੁਸ਼ੀਆਂ ਸਨ, ਜ਼ਿੰਦਗੀ ਹੱਸਦੀ-ਮੁਸਕਰਾਉਂਦੀ ਸੀ, ਅੱਜ ਜ਼ਿੰਦਗੀ ਹੜ੍ਹਾਂ ਦੀ ਮਾਰ ਹੇਠ ਹੈ। ਲੋਕ ਦਰਦ, ਹੰਝੂਆਂ, ਸੰਘਰਸ਼ ਤੇ ਗੁੱਸੇ ਨਾਲ ਭਰੇ ਪਏ ਹਨ। ਫ਼ਿਕਰ ਇਸ ਗੱਲ ਦਾ ਹੈ ਕਿ ਪਾਣੀ ਘਟਣ ਉਪਰੰਤ ਜਦੋਂ ਉਹ ਮੁੜ ਘਰਾਂ ਨੂੰ ਵਾਪਸ ਆਉਣਗੇ, ਤਾਂ ਜ਼ਿੰਦਗੀ ਫਿਰ ਕਿਵੇਂ ਸ਼ੁਰੂ ਕਰਨਗੇ? ਉਨ੍ਹਾਂ ਦਾ ਗੁੱਸਾ ਸਰਕਾਰ ਅਤੇ ਪ੍ਰਸ਼ਾਸਨ ਦੇ ਖਿਲਾਫ਼ ਹੈ ਕਿ ਉਨ੍ਹਾਂ ਨੇ ਸਮੇਂ ਸਿਰ ਬਚਾਅ ਕਾਰਜ ਕਿਉਂ ਨਹੀਂ ਸ਼ੁਰੂ ਕੀਤੇ? ਪੁੱਲ ਜਿਹੜੇ ਟੁੱਟ ਰਹੇ ਸਨ, ਉਨ੍ਹਾਂ ਦੀ ਮੁਰੰਮਤ ਪਹਿਲਾਂ ਕਿਉਂ ਨਹੀਂ ਕੀਤੀ? ਜਦੋਂ ਰੇਤ ਖਨਨ ਹੋ ਰਿਹਾ ਸੀ ਅਤੇ ਜਿਸ ਨੇ ਦਰਿਆਵਾਂ ਦਾ ਸਰੂਪ ਹੀ ਵਿਗਾੜ ਦਿੱਤਾ, ਉਸ ਨੂੰ ਕਿਉਂ ਨਹੀਂ ਰੋਕਿਆ ਗਿਆ? ਸੜਕਾਂ ਦੀ ਮੁਰੰਮਤ ਕਿਉਂ ਨਹੀਂ ਕਰਵਾਈ ਗਈ?

ਸਰਕਾਰ ਆਖਦੀ ਤਾਂ ਇਹ ਹੈ ਕਿ ਉਸਦੇ ਖ਼ਜ਼ਾਨੇ ਮਾਲੋ-ਮਾਲ ਹਨ, ਭਰੇ ਪਏ ਹਨ, ਤਾਂ ਕਦੇ ਸ਼ਹਿਰਾਂ-ਪਿੰਡਾਂ ਦੀਆਂ ਸੜਕਾਂ ਦਾ ਹਾਲ ਕਿਉਂ ਨਹੀਂ ਵੇਖਦੀ? ਮੇਨ ਹਾਈਵੇ ਤੋਂ ਬਿਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਬੁਰਾ ਹਾਲ ਹੈ। ਸ਼ਹਿਰਾਂ ਦੀਆਂ ਸੜਕਾਂ 'ਚ ਟੋਏ ਹਨ। ਮੀਂਹ ਪੈਂਦਾ ਹੈ ਤਾਂ ਸੜਕਾਂ ਭਰ ਜਾਂਦੀਆਂ ਹਨ, ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਹੈ। ਆਖਰ ਪੰਜਾਬੀਆਂ ਦਾ ਕਸੂਰ ਕੀ ਹੈ, ਜੋ ਉਨ੍ਹਾਂ ਨੂੰ ਸਰਕਾਰਾਂ ਨੇ ਆਪਣੇ ਹਾਲ 'ਤੇ ਛੱਡ ਦਿੱਤਾ ਹੈ?

ਦਰਿਆਈ ਪਾਣੀ ਦੀ ਵੰਡ ਦਾ ਮਸਲਾ ਆਉਂਦਾ ਹੈ, ਤਾਂ ਦੂਜੇ ਰਾਜਾਂ ਲਈ ਵੱਧ ਪਾਣੀ ਦੀ ਹਾਲ-ਦੁਹਾਈ ਸੁਣਾਈ ਦਿੰਦੀ ਹੈ। ਭਾਖੜਾ ਮੈਨੇਜਮੈਂਟ ਬੋਰਡ ਦੀ ਗੱਲ ਆਉਂਦੀ ਹੈ, ਤਾਂ ਕੇਂਦਰ ਉਸ ਉੱਤੇ ਪੂਰਾ ਕਬਜ਼ਾ ਚਾਹੁੰਦਾ ਹੈ। ਪਰ ਹੜ੍ਹਾਂ-ਮੀਂਹਾਂ ਵੇਲੇ ਛੱਡੇ ਪਾਣੀ ਨਾਲ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਨਿੱਤ ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕ ਅੱਜ ਅਤਿ ਦੇ ਪਰੇਸ਼ਾਨ ਹਨ।

ਹਾਲੇ ਦਿਨ ਹੀ ਬੀਤੇ ਹਨ ਕਿ ਪੰਜਾਬ ਦੇ ਕਿਸਾਨ ਆਪਣੀਆਂ ਜ਼ਮੀਨਾਂ ਸਰਕਾਰ ਤੋਂ ਬਚਾਉਣ ਲਈ ਸੜਕਾਂ ਉੱਤੇ ਸਨ, ਸੰਘਰਸ਼ ਕਰ ਰਹੇ ਸਨ। ਕੇਂਦਰ ਦੇ ਖੇਤੀ ਕਾਨੂੰਨਾਂ ਦੀ ਮਾਰ ਤੋਂ ਬਚਾਅ ਬਾਅਦ, ਸੂਬੇ ਦੀ ਸਰਕਾਰ ਦਾ ਜ਼ਮੀਨ ਹਥਿਆਉਣ ਦਾ "ਲੈਂਡ-ਪੂਲਿੰਗ" ਕਾਨੂੰਨ ਉਨ੍ਹਾਂ ਦੀ ਨੀਂਦ ਹਰਾਮ ਕਰ ਰਿਹਾ ਸੀ। ਉਸ ਤੋਂ ਸਾਹ ਆਇਆ ਤਾਂ ਇਨ੍ਹਾਂ ਹੜ੍ਹਾਂ ਨੇ ਸਾਹ ਸੂਤ ਦਿੱਤੇ ਹਨ!

ਸਰਕਾਰ ਕਹਿੰਦੀ ਹੈ ਕਿ ਉਹ "ਹੜ੍ਹ-ਰਿਲੀਫ਼" ਦੇਣ ਲਈ ਪੱਬਾਂ ਭਾਰ ਹੈ, ਪਰ ਉਸ ਦੇ ਪੱਬ ਭਾਰ ਨਹੀਂ ਝੱਲ ਰਹੇ। ਲੋਕ ਹੀ ਲੋਕਾਂ ਦੀ ਮਦਦ ਕਰ ਰਹੇ ਹਨ। ਪਰ ਮੁਸੀਬਤ ਐਡੀ ਵੱਡੀ ਹੈ ਕਿ ਇਸਦਾ ਟਾਕਰਾ ਕਰਨਾ ਦਿਲ-ਗੁਰਦੇ ਦਾ ਹੀ ਕੰਮ ਨਹੀਂ ; ਸਹੀ ਵਿਉਂਤਬੰਦੀ, ਸਾਜੋ-ਸਮਾਨ ਅਤੇ ਮਨੁੱਖੀ ਸਿਰਾਂ ਦੀ ਅਤਿਅੰਤ ਲੋੜ ਹੈ। ਲੋਕ ਘਰਾਂ 'ਚ ਬੈਠੇ ਹਨ। ਕੁਦਰਤ ਦੀ ਕਰੋਪੀ ਦੇ ਠੱਲ੍ਹ ਪੈ ਜਾਣ ਦੀ ਉਡੀਕ ਕਰ ਰਹੇ ਹਨ। ਆਪਣੇ ਕਰਮਾਂ ਤੇ ਸਰਕਾਰਾਂ ਨੂੰ ਦੋਸ਼ ਦੇ ਰਹੇ ਹਨ, ਰੱਬ ਅੱਗੇ ਅਰਦਾਸਾਂ ਕਰ ਰਹੇ ਹਨ। ਉਹ ਸੋਚਦੇ ਹਨ, ਮੁਸੀਬਤ ਆਈ ਹੈ, ਆਖਰ ਟਲ ਜਾਏਗੀ, ਪਰ ਇਹ ਮੁਸੀਬਤ ਮੁੜ ਨਾ ਆਏ, ਇਹੋ ਜਿਹੀ ਸਥਿਤੀ ਤੇ ਪ੍ਰਬੰਧ ਕਿਵੇਂ ਹੋਣਗੇ? ਇਸ ਸਭ ਕੁਝ ਲਈ ਤਾਂ ਆਖਰ ਸੋਚਣਾ ਹੀ ਪਏਗਾ — ਸਰਕਾਰਾਂ ਨੂੰ, ਲੋਕਾਂ ਨੂੰ, ਬੁੱਧੀਮਾਨਾਂ ਨੂੰ, ਵਿਚਾਰਵਾਨਾਂ ਨੂੰ ਅਤੇ ਸਭ ਤੋਂ ਵੱਧ ਉਨ੍ਹਾਂ ਨੂੰ, ਜਿਹੜੇ "ਵੋਟਾਂ ਬਟੋਰਨ" ਲਈ ਇਸ ਦੁੱਖ ਦੀ ਘੜੀ 'ਚ ਵੀ ਸਿਆਸਤ ਕਰਨੋਂ ਨਹੀਂ ਟਲ਼ ਰਹੇ।

ਹਿਮਾਲਾ ਖੇਤਰ ਇਸ ਵੇਲੇ ਬੱਦਲ ਫਟਣ, ਧਰਤੀ ਦੇ ਖਿਸਕਣ, ਮਿੱਟੀ ਦੇ ਖੋਰੇ ਅਤੇ ਹੜ੍ਹਾਂ ਦੀ ਤਰਾਸਦੀ ਨਾਲ ਜੂਝ ਰਿਹਾ ਹੈ। ਨਦੀਆਂ ਦਾ ਵਹਿਣ ਆਪਣੇ ਰਸਤੇ ਵਿਚ ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਰਿਹਾ ਹੈ। ਇਸ ਮਾਨਸੂਨ ਵਿਚ ਸਥਿਤੀ ਭਿਅੰਕਰ ਹੋ ਗਈ ਹੈ। ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਬੁਨਿਆਦੀ ਢਾਂਚੇ ਤੇ ਘਰਾਂ ਨੂੰ ਤਹਿਸ-ਨਹਿਸ ਕਰ ਰਹੇ ਹਨ। ਸਾਇੰਸਦਾਨਾਂ ਨੇ ਇਹ ਖੁਲਾਸਾ ਕੀਤਾ ਹੈ ਕਿ ਹਿਮਾਲਾ ਖੇਤਰ 'ਚ ਜਿਹੜੇ ਹੜ੍ਹ 10 ਸਾਲਾਂ 'ਚ ਇੱਕ ਵਾਰੀ ਆਉਂਦੇ ਸਨ, ਉਹ ਇਸ ਵਾਰ ਦੋ ਮਹੀਨੇ 'ਚ ਤਿੰਨ ਵਾਰੀ ਆ ਗਏ ਹਨ। ਢਲਾਣਾਂ ਖਿਸਕਣ ਲੱਗੀਆਂ ਹਨ। ਅਚਾਨਕ ਆ ਰਹੇ ਹੜ੍ਹ ਜਾਨਲੇਵਾ ਹੋ ਗਏ ਹਨ। ਕਾਰਨ ਸਪੱਸ਼ਟ ਹੈ ਕਿ ਪਹਾੜਾਂ 'ਚ ਨਿਰਮਾਣ ਵੱਧ ਰਿਹਾ ਹੈ। ਕੰਕਰੀਟ ਦੀਆਂ ਇਮਾਰਤਾਂ ਜੰਗਲਾਂ ਦੀ ਜਗ੍ਹਾ ਲੈ ਰਹੀਆਂ ਹਨ। ਇਹ ਪਾਣੀ ਦਾ ਵਹਾਅ ਰੋਕ ਰਹੀਆਂ ਹਨ। ਪਹਾੜ ਅਸੁਰੱਖਿਅਤ ਹੋ ਰਹੇ ਹਨ।

ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼ 'ਚ ਹਾਲਾਤ ਵਿਗੜੇ ਹਨ। ਹਿਮਾਚਲ 'ਚ ਅਚਾਨਕ ਆਏ ਹੜ੍ਹ ਨੇ ਖਿੱਤੇ 'ਚ ਆਫ਼ਤ ਲਿਆ ਦਿੱਤੀ ਹੈ, ਜਿਸ ਦਾ ਖਮਿਆਜ਼ਾ ਹਿਮਾਚਲ ਪ੍ਰਦੇਸ਼ ਨਾਲੋਂ ਵੱਧ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਇਹ ਵਿਨਾਸ਼, ਇਹ ਤਬਾਹੀ ਆਖ਼ਰ ਹੋ ਕਿਉਂ ਰਹੀ ਹੈ?

ਕਾਰਨ ਸਪੱਸ਼ਟ ਹਨ। ਟੂਰਿਜ਼ਮ ਦਾ ਦਬਾਅ ਹਿਮਾਚਲ ਪ੍ਰਦੇਸ਼ ਵੱਲ ਜ਼ਿਆਦਾ ਹੈ। ਤੀਰਥ-ਯਾਤਰੀਆਂ ਦਾ ਹਿਮਾਚਲ ਪੁੱਜਣਾ ਵਧ ਰਿਹਾ ਹੈ। ਸਿੱਟੇ ਵਜੋਂ ਬੁਨਿਆਦੀ ਢਾਂਚੇ ਦਾ ਵਿਸਥਾਰ ਪਹਾੜਾਂ ਦੀ ਬਲੀ ਦੇ ਕੇ ਕੀਤਾ ਜਾ ਰਿਹਾ ਹੈ। ਨਾਜ਼ੁਕ ਖੇਤਰਾਂ 'ਚ ਹੋਟਲ, ਰਿਜ਼ੋਰਟ ਤੇਜ਼ੀ ਨਾਲ ਵਧੇ ਹਨ। ਸਿੱਟੇ ਵਜੋਂ ਹਿਮਾਚਲ ਦੇ ਸ਼ਹਿਰਾਂ 'ਚ ਅਬਾਦੀ ਵਧ ਰਹੀ ਹੈ। ਵਿਕਾਸ ਪਰਿਯੋਜਨਾਵਾਂ 'ਚ ਵਾਧਾ ਹੋ ਰਿਹਾ ਹੈ। ਨਦੀਆਂ ਦੇ ਤੱਟਾਂ ਉੱਤੇ ਭਵਨ ਨਿਰਮਾਣ ਕਾਰਨ ਜ਼ੋਖ਼ਮ ਵਧਿਆ ਹੈ।

ਪਿਛਲੇ 16 ਸਾਲਾਂ 'ਚ ਪਹਿਲੀ ਵਾਰ ਮਾਨਸੂਨ ਨੇ ਵੱਡੀ ਦਸਤਕ ਦਿੱਤੀ ਹੈ। ਜੂਨ, ਜੁਲਾਈ, ਅਗਸਤ ਵਿਚ ਭਾਰੀ ਮੀਂਹ ਨੇ ਬੇਹਾਲ ਕੀਤਾ ਹੈ। ਇਸ ਨਾਲ ਖੇਤੀ ਦੇ ਨਾਲ-ਨਾਲ ਸਮੂਹਿਕ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਮੌਸਮ ਨਿਰੰਤਰ ਬਦਲ ਰਹੇ ਹਨ। ਸਮਝ ਹੀ ਨਹੀਂ ਆਉਂਦਾ ਕਿ ਕਦੋਂ ਕਿਹੜੀ ਰੁੱਤ ਚੱਲ ਰਹੀ ਹੈ। ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਬੀਤੇ ਅੱਠ ਮਹੀਨਿਆਂ ਵਿਚ ਕਿਧਰੇ ਹੜ੍ਹ ਨਾਲ ਹਾਹਾਕਾਰ ਅਤੇ ਕਿਧਰੇ ਲੂ-ਪਸੀਨੇ ਨਾਲ ਗੜਬੜੀ ਹੋ ਰਹੀ ਹੈ। ਚਿੰਤਾਜਨਕ ਇਹ ਹੈ ਕਿ ਜਲਵਾਯੂ ਬਦਲ ਰਿਹਾ ਹੈ। ਇਸ ਦੇ ਨਾਲ-ਨਾਲ ਆਫ਼ਤਾਂ ਆਉਣ ਦੀ ਸੰਭਾਵਨਾ ਬਣ ਰਹੀ ਹੈ। ਇਸ ਨਾਲ ਸਿਹਤ ਵਿਗਾੜ ਵਧਣਗੇ।

ਪਰੇਸ਼ਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਨੂੰ ਵੱਡੀ ਖੁਰਾਕ ਦੇਣ ਵਾਲਾ ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਹੈ, ਇਸ ਨਾਲ ਫ਼ਸਲ ਉਤਪਾਦਕਤਾ ਉੱਤੇ ਵੱਡਾ ਅਸਰ ਪਏਗਾ। ਉਪਜਾਊ ਮਿੱਟੀ ਹੜ੍ਹਾਂ ਨਾਲ ਖੁਰ ਕੇ ਨਦੀਆਂ-ਸਮੁੰਦਰਾਂ ਦਾ ਹਿੱਸਾ ਬਣ ਜਾਏਗੀ। ਉਪਜਾਊ ਧਰਤੀ ਉਥੇ ਹੁਣ ਪੰਜਾਬ, ਜਿਹੜਾ ਖੇਤੀ ਲਈ ਕਦੇ ਜ਼ਮੀਨ ਹੇਠਲੇ ਪਾਣੀ ਦੀ ਥੁੜ੍ਹ ਦਾ ਸਾਹਮਣਾ ਕਰਕੇ ਮਾਰੂਥਲ ਬਣਨ ਵੱਲ ਵਧ ਰਿਹਾ ਹੈ — ਉਸ ਦੀ ਧਰਤੀ ਦੀ ਉੱਪਰਲੀ ਉਪਜਾਊ ਮਿੱਟੀ ਦੇ ਖੁਰ ਜਾਣ ਨਾਲ ਆਖਰ ਖੇਤੀ-ਪ੍ਰਧਾਨ ਸੂਬੇ ਪੰਜਾਬ ਦਾ ਕੀ ਬਣੇਗਾ? ਉਂਝ ਵੀ, ਪਾਣੀ ਨੇ ਜਿਸ ਢੰਗ ਨਾਲ ਪੰਜਾਬ 'ਤੇ ਹਮਲਾ ਕੀਤਾ ਹੈ, ਉਸ ਨਾਲ ਮਲੇਰੀਆ, ਹੈਜ਼ਾ, ਡੇਂਗੂ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਫੈਲਣ ਦਾ ਖਤਰਾ ਵਧੇਗਾ। ਹੜ੍ਹਾਂ ਨਾਲ ਪਸ਼ੂਆਂ-ਜੀਵ ਜੰਤੂਆਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਹ ਘਾਤਕ ਬਣ ਗਿਆ ਹੈ। ਕੀ ਸਰਕਾਰਾਂ ਇਸ ਗੱਲ ਤੋਂ ਅਣਜਾਣ ਹਨ?

ਬੁਨਿਆਦੀ ਢਾਂਚੇ ਦੇ ਨਾਂ 'ਤੇ ਬਣ ਰਹੇ ਵੱਡੇ ਹਾਈਵੇ ਪਹਿਲਾਂ ਹੀ ਪੰਜਾਬ ਦੀ ਖੇਤੀ ਯੋਗ ਜ਼ਮੀਨ ਦਾ ਨਾਸ਼ ਕਰ ਰਹੇ ਹਨ, ਜਿਨ੍ਹਾਂ ਦਾ ਫ਼ਾਇਦਾ ਆਮ ਆਦਮੀ ਨੂੰ ਨਹੀਂ, ਸਿਰਫ਼ ਧੰਨ-ਕੁਬੇਰਾਂ ਨੂੰ ਹੈ। ਇਸ ਅਖੌਤੀ ਵਿਕਾਸ ਹਾਈਵੇ, ਕਾਰਪੋਰੇਟਾਂ ਲਈ ਕੱਚੇ ਮਾਲ ਦੀ ਢੋਆ-ਢੁਆਈ ਅਤੇ ਇਨ੍ਹਾਂ ਲਈ ਵੱਡੇ ਫ਼ਾਇਦੇ ਦੇਣ ਵੱਲ ਸੇਧਿਤ ਹੈ।

ਸਵਾਲ ਤਾਂ ਇਹ ਹੈ ਕਿ ਕੁਦਰਤ ਨਾਲ ਜ਼ਿਆਦਤੀਆਂ ਕਦੋਂ ਤੱਕ ਜਾਰੀ ਰਹਿਣਗੀਆਂ? ਕਦੋਂ ਸਰਕਾਰਾਂ ਦੀ ਸੋਚ ਲੋਕ-ਪੱਖੀ ਹੋਏਗੀ? ਕਦੋਂ ਇਨ੍ਹਾਂ ਮਾਰੂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਕਦੋਂ ਆਪਣੇ ਸੁੱਖ-ਚੈਨ ਲਈ ਜਲ, ਜ਼ਮੀਨ, ਜੰਗਲ ਨਾਲ ਜ਼ੁਲਮ ਅਤੇ ਬੇਇਨਸਾਫ਼ੀ ਕਰਕੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਜਲ-ਜ਼ਮੀਨ-ਜੰਗਲ ਨਾਲ ਕੀਤਾ ਖਿਲਵਾੜ ਖਿੱਤੇ ਦੇ ਕੁਝ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਵੇਂ ਹਿਮਾਚਲ ਖੇਤਰ ਦੇ ਹਿੱਸੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੂੰ ਸਭ ਤੋਂ ਵੱਧ ਇਹ ਭੁਗਤਣਾ ਪੈ ਰਿਹਾ ਹੈ।

ਪਿਛਲੇ ਵਰ੍ਹਿਆਂ 'ਚ ਪੰਜਾਬ 'ਚ ਜੰਗਲਾਂ ਦਾ ਖੇਤਰ ਘਟਿਆ ਹੈ। ਖੇਤੀ ਜ਼ਮੀਨ ਉੱਤੇ ਲਗਾਤਾਰ ਡਾਕੇ ਪਏ ਹਨ। ਪਾਣੀ ਦੀ ਥੁੜ੍ਹ ਨੇ ਪੰਜਾਬ ਹੱਥਲ ਕਰ ਦਿੱਤਾ ਹੋਇਆ ਹੈ ਤੇ ਹੁਣ ਵਧੇਰੇ ਪਾਣੀ ਨੇ ਪੰਜਾਬ ਪਰੇਸ਼ਾਨ ਕੀਤਾ ਹੋਇਆ ਹੈ।

ਸਾਰੀਆਂ ਸਿਆਸੀ ਧਿਰਾਂ ਪੰਜਾਬ ਨੂੰ ਆਪਣੇ ਹੱਥ ਕਰਨ ਲਈ ਪੱਬਾਂ ਭਾਰ ਹਨ। ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਜਿਨ੍ਹਾਂ ਵਿਚ ਪਰਵਾਸ, ਬੇਰੁਜ਼ਗਾਰੀ, ਖੇਤੀ ਸੰਕਟ ਦੇ ਨਾਲ ਹੜ੍ਹਾਂ ਦੇ ਪ੍ਰਕੋਪ ਦਾ ਜੋ ਵਾਧਾ ਹੋ ਗਿਆ ਹੈ, ਉਸ ਨੂੰ ਹੱਲ ਕੌਣ ਕਰੇਗਾ? ਦੋਸ਼ ਤਾਂ ਪੰਜਾਬ 'ਤੇ ਬਥੇਰੇ ਲੱਗਦੇ ਹਨ ਕਿ ਪੰਜਾਬ ਵਿਚ ਪਰਾਲੀ ਸਾੜਨ ਨਾਲ ਦਿੱਲੀ ਦੂਸ਼ਿਤ ਹੁੰਦੀ ਹੈ, ਪੰਜਾਬ ਗੁਆਂਢੀ ਸੂਬਿਆਂ ਨੂੰ ਪਾਣੀ ਨਹੀਂ ਦਿੰਦਾ। ਪਰ ਪੰਜਾਬ 'ਚ ਆਫ਼ਤ ਸਮੇਂ ਪੰਜਾਬ ਨਾਲ ਕੌਣ ਖੜ੍ਹਿਆ ਹੈ ਅਤੇ ਖੜ੍ਹੇਗਾ? ਸਿਰਫ਼ ਵਕਤੀ ਸਹਾਇਤਾ, ਭੋਜਨ, ਰਿਲੀਫ਼ ਕੈਂਪ — ਭਲਾ ਪੰਜਾਬੀਆਂ ਦਾ ਕੀ ਸੁਆਰਨਗੇ?

ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ! ਪੰਜਾਬੀ ਸੋਚਣ ਲੱਗੇ ਹਨ ਕਿ ਇਹ ਪੰਜਾਬ ਦੀ ਤਬਾਹੀ ਲਈ ਕੋਈ ਗਿਣੀ-ਮਿੱਥੀ ਸਾਜ਼ਿਸ਼ ਤਾਂ ਨਹੀਂ? ਜਿਵੇਂ ਸਾਜ਼ਿਸ਼ ਅਧੀਨ ਪੰਜਾਬ ਦਾ ਬਟਵਾਰਾ ਹੋਇਆ। ਜਿਵੇਂ ਪੰਜਾਬ 'ਚ ਸਰਦ-ਗਰਮ ਮੁਹਿੰਮਾਂ ਚਲਾ ਕੇ ਨੌਜਵਾਨਾਂ ਦਾ ਘਾਣ ਕੀਤਾ ਗਿਆ। ਜਿਵੇਂ ਪੰਜਾਬ 'ਚ ਨਸ਼ੇ ਫੈਲਾ ਕੇ ਨੌਜਵਾਨਾਂ ਦਾ ਖ਼ਾਤਮਾ ਕਰਨ ਜਿਹੇ ਕੁਕਰਮ ਸਮੇਂ-ਸਮੇਂ 'ਤੇ ਹਾਕਮ ਜਮਾਤ ਵੱਲੋਂ ਕੀਤੇ ਜਾਂਦੇ ਰਹੇ ਅਤੇ ਇਹ ਵੀ ਅਤਿਕਥਨੀ ਨਹੀਂ ਕਿ ਕਿਵੇਂ ਪੰਜਾਬ ਦੇ ਪੰਜਾਬੀ ਬੋਲਦੇ ਖੇਤਰ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਤੋਂ ਖੋਹੇ ਜਾਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਹਨ!

ਬਿਨਾਂ ਸ਼ੱਕ, ਪੰਜਾਬ ਇਨ੍ਹੀਂ ਦਿਨੀਂ ਉਦਾਸ ਹੈ, ਪਰ ਹੌਂਸਲੇ 'ਚ ਹੈ। ਆਪਣੇ ਹੱਥੀਂ ਆਪਣਾ ਕਾਰਜ ਆਪ ਸਵਾਰਨ ਹਿੱਤ ਪੰਜਾਬ ਅੱਜ ਫਿਰ ਇਸ ਵੱਡੀ ਆਫ਼ਤ ਵੇਲੇ ਵੱਡੀ ਲੜਾਈ ਲੜ ਰਿਹਾ ਹੈ।

ਪੰਜਾਬ ਜਿੱਤੇਗਾ। ਪੰਜਾਬ ਜ਼ਿੰਦਾਬਾਦ।

# ਪੰਜਾਬ ਵਿਚ ਹੜ੍ਹਾਂ ਦੀ ਇੰਨੀ ਤਬਾਹੀ ਦੇ ਕਾਰਨ



-ਡਾ. ਅਮਰਜੀਤ ਟਾਂਡਾ
ਆਸਟ੍ਰੇਲੀਆ
ਸੰਪਰਕ : +61 417 271 1 47
ਪੰਜਾਬ ਮੇਲ USA



ਪੰਜਾਬ ਵਿਚ ਹੜ੍ਹਾਂ ਦੀ ਇੰਨੀ ਤਬਾਹੀ ਦੇ ਮੁੱਖ ਕਾਰਨ ਹਨ ਗਲੋਬਲ ਵਾਰਮਿੰਗ ਨਾਲ ਵਧੇਰੇ ਮੌਨਸੂਨੀ ਮੀਂਹ ਦਾ ਪੈਣਾ, ਭਾਰਤ ਵੱਲੋਂ ਦਰਿਆਵਾਂ ਵਿਚੋਂ ਪਾਣੀ ਛੱਡਣਾ, ਜੰਗਲਾਂ ਦੀ ਕਟਾਈ, ਖਰਾਬ ਨਗਰ ਯੋਜਨਾ ਅਤੇ ਦਰਿਆ-ਪ੍ਰਣਾਲੀਆਂ ਦੀ ਸਹੀ ਤਰ੍ਹਾਂ ਦੇਖ-ਭਾਲ ਨਾ ਹੋਣਾ।

2025 ਵਿਚ ਪੰਜਾਬ ਦੇ ਤਿੰਨ ਮੁੱਖ ਦਰਿਆ — ਸਤਲੁਜ, ਚੇਨਾਬ ਅਤੇ ਰਾਵੀ — ਆਪਣੇ ਤਤਕਾਲ ਸਤਰ ਤੋਂ ਬਹੁਤ ਤੇਜ਼ੀ ਨਾਲ ਵੱਧ ਗਏ ਹਨ। ਜਿਸ ਕਾਰਨ ਬਾਰਸ਼ ਅਤੇ ਪਾਣੀ ਦਾ ਦਾਅਵਾ ਬਹੁਤ ਵਧ ਗਿਆ। ਇਸ ਨਾਲ ਕਈ ਸੈਂਕੜੇ ਪਿੰਡਾਂ ਤੇ ਸ਼ਹਿਰਾਂ ਨੂੰ ਬਰਬਾਦੀ ਦਾ ਸਾਹਮਣਾ ਕਰਨਾ ਪਿਆ, 200 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਇਵੈਕੂਏਟ ਕੀਤਾ ਗਿਆ। ਹੋਰ ਕਈ ਇਲਾਕਿਆਂ ਵਿਚ ਸੜਕਾਂ, ਫਸਲਾਂ, ਅਤੇ ਘਰਾਂ ਨੂੰ ਨੁਕਸਾਨ ਹੋਇਆ।

ਇਹ ਹੜ੍ਹ ਇਤਿਹਾਸ ਵਿਚ ਪੰਜਾਬ ਲਈ ਸਭ ਤੋਂ ਵੱਡੇ ਅਤੇ ਤਬਾਹਕਾਰੀ ਮੰਨੇ ਜਾ ਰਹੇ ਹਨ।

ਇਹ ਸਾਰੇ ਹਾਲਾਤ ਗਲੋਬਲ ਵਾਰਮਿੰਗ ਅਤੇ ਕਲਾਈਮੇਟ ਚੇਂਜ ਕਾਰਨ ਬਦਲੇ ਤੇ ਮੌਸਮ ਦੇ ਸੰਦਰਭ ਵਿਚ ਹੋਇਆ ਹੈ।

ਜਿਸ ਨਾਲ ਮੀਂਹ ਅਤੇ ਗਲੇਸ਼ੀਅਰ ਦੇ ਪਿਘਲਣ ਵਿਚ ਤੇਜ਼ੀ ਆਈ ਹੈ। ਨਾਲ ਹੀ ਭਾਰਤ ਵੱਲੋਂ ਦਰਿਆਵਾਂ ਵਿਚ ਅਣਿਆਯਕ ਤੌਰ 'ਤੇ ਵਾਧੂ ਪਾਣੀ ਛੱਡਣ ਨਾਲ ਹੜ੍ਹਾਂ ਦੀ ਤੀਬਰਤਾ ਹੋਈ ਹੈ।

ਇਹ ਹੜ੍ਹ ਪੰਜਾਬ ਦੀ ਸਭ ਤੋਂ ਵੱਡੀ ਨਦੀ ਸਿਸਟਮ ਦੇ ਤਣਾਅ ਦਾ ਨਤੀਜਾ ਵੀ ਹਨ, ਜਿੱਥੇ ਸਤਲੁਜ, ਚੇਨਾਬ ਅਤੇ ਰਾਵੀ ਦਰਿਆ ਸਮੇਂ-ਸਮੇਂ 'ਤੇ ਬੰਦ ਹੋ ਜਾਂਦੇ ਹਨ ਅਤੇ ਕਈ ਵਾਰੀ ਮੁੜ ਖੁੱਲ੍ਹ ਜਾਂਦੇ ਹਨ, ਜਿਸ ਨਾਲ ਹੜ੍ਹਾਂ ਦੇ ਜ਼ੋਖਮ ਵਧ ਜਾਂਦੇ ਹਨ। ਵੱਡੇ ਬੁਰੇ ਅਸਰ ਵਿਚ ਪੰਜਾਬੀ ਖੇਤੀਬਾੜੀ ਵੀ ਆਈ ਹੈ, ਜਿੱਥੇ ਲੱਖਾਂ ਏਕੜ ਫ਼ਸਲਾਂ ਦਾ ਨੁਕਸਾਨ ਹੋਇਆ ਹੈ।

ਪੰਜਾਬ ਵਿਚ ਹੜ੍ਹਾਂ ਦੀ ਇੰਨੀ ਤਬਾਹੀ ਦਾ ਕਾਰਨ ਗਲੋਬਲ ਵਾਰਮਿੰਗ ਤੋਂ ਬਦਲੇ ਮੌਸਮ, ਵਧੇਰੇ ਬਰਸਾਤ, ਭਾਰਤ ਵੱਲੋਂ ਦਰਿਆਵਾਂ ਵਿਚ ਪਾਣੀ ਦਾ ਜ਼ਿਆਦਾ ਛੱਡਣਾ ਅਤੇ ਸਥਾਨਕ ਤੌਰ 'ਤੇ ਨਦੀ ਪ੍ਰਬੰਧਨ ਵਿਚ ਕਮੀ ਹੈ।

ਪੰਜਾਬ ਨੂੰ ਸਦਾ ਹੀ ਆਫਤਾਂ ਦਾ ਸਾਹਮਣਾ ਕਰਨਾ ਪਿਆ ਪਰ ਪੰਜਾਬੀ ਕਦੇ ਨਹੀਂ ਘਬਰਾਏ। ਉਹ ਇਹੋ ਜਿਹੇ ਸਮੇਂ 'ਤੇ ਇੱਕ ਹੋਣਾ ਜਾਣਦੇ ਹਨ।

ਸਾਡੇ ਗੁਰੂਆਂ ਨੇ ਸਾਨੂੰ ਇਹੀ ਸਿਖਾਇਆ ਹੈ ਕਿ ਕਦੇ ਢਹਿੰਦੀ ਕਲਾ ਵਿਚ ਨਹੀਂ ਜਾਣਾ ਤੇ ਡੱਟ ਕੇ ਮੁਸੀਬਤਾਂ ਦਾ ਭੁੱਖੇ ਭਾਣੇ ਵੀ ਰਹਿ ਕੇ ਸਾਹਮਣਾ ਕਰਨਾ ਹੈ।

ਸਾਡੀ ਤਾਂ ਇੱਕ ਅਰਦਾਸ ਹੀ ਓਟ ਆਸਰਾ ਬਣ ਕੇ ਜਿੱਤ ਪ੍ਰਾਪਤ ਕਰਦੀ ਹੈ। ਸਾਰਾ ਪੰਜਾਬ ਹੁਣ ਇੱਕਜੁੱਟ ਹੋ ਕੇ ਹੜ੍ਹ ਪੀੜਤਾਂ ਦੀ ਮਦਦ ਕਰ ਰਿਹਾ ਹੈ, ਤਾਂ ਕਿ ਘੱਟ ਤੋਂ ਘੱਟ ਨੁਕਸਾਨ ਹੋਵੇ। ਲੰਗਰ ਲਾਏ ਜਾ ਰਹੇ ਹਨ ਤੇ ਹੋਰ ਲੋੜੀਂਦੀਆਂ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ।

# ਪੰਜਾਬ ਵਿਚ ਹੜ੍ਹ ਕਿਉਂ ਆਉਂਦੇ ਹਨ - ਕੀ ਕੁਦਰਤ ਗੁੱਸੇ ਵਿਚ ਹੈ?

## "ਕੁਦਰਤ ਚੇਤਾਵਨੀ ਦਿੰਦੀ ਹੈ, ਗੁੱਸਾ ਨਹੀਂ ਕਰਦੀ - ਅਸਲ ਕਾਰਨ ਮਨੁੱਖੀ ਲਾਪ੍ਰਵਾਹੀ ਅਤੇ ਅਸੰਤੁਲਿਤ ਵਿਕਾਸ ਹੈ"



ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA



ਪੰਜਾਬ, ਜਿਸਨੂੰ ਦੇਸ਼ ਦਾ ਅਨਾਜ ਦੇਣ ਵਾਲਾ ਦੇਸ਼ ਕਿਹਾ ਜਾਂਦਾ ਹੈ, ਅੱਜ ਵਾਰ-ਵਾਰ ਹੜ੍ਹਾਂ ਦੀ ਭਿਆਨਕਤਾ ਨਾਲ ਜੂਝ ਰਿਹਾ ਹੈ। ਖੇਤ ਡੁੱਬ ਜਾਂਦੇ ਹਨ, ਪਿੰਡ ਡੁੱਬ ਜਾਂਦੇ ਹਨ, ਸੜਕਾਂ ਅਤੇ ਘਰ ਢਹਿ ਜਾਂਦੇ ਹਨ। ਹਰ ਵਾਰ ਇਹ ਸਵਾਲ ਉੱਠਦਾ ਹੈ ਕਿ ਪੰਜਾਬ ਵਿਚ ਹੜ੍ਹ ਕਿਉਂ ਆਉਂਦੇ ਹਨ? ਕੀ ਇਹ ਸਿਰਫ ਕੁਦਰਤ ਦਾ ਗੁੱਸਾ ਹੈ ਜਾਂ ਸਾਡੀਆਂ ਆਪਣੀਆਂ ਗਲਤੀਆਂ ਵੀ ਇਸ ਲਈ ਜ਼ਿੰਮੇਵਾਰ ਹਨ? ਸੱਚਾਈ ਇਹ ਹੈ ਕਿ ਕੁਦਰਤ ਕਦੇ ਵੀ ਕਿਸੇ ਨਾਲ ਨਾਰਾਜ਼ ਨਹੀਂ ਹੁੰਦੀ, ਇਹ ਸਿਰਫ ਆਪਣੇ ਨਿਯਮਾਂ ਅਤੇ ਸੰਤੁਲਨ ਦੇ ਆਧਾਰ 'ਤੇ ਕੰਮ ਕਰਦੀ ਹੈ। ਜਦੋਂ ਅਸੀਂ ਮਨੁੱਖ ਆਪਣੀਆਂ ਸੀਮਾਵਾਂ ਪਾਰ ਕਰਦੇ ਹਾਂ, ਤਾਂ ਸਾਨੂੰ ਹੜ੍ਹ, ਸੋਕਾ, ਪ੍ਰਦੂਸ਼ਣ ਅਤੇ ਆਫ਼ਤ ਦੇ ਰੂਪ ਵਿਚ ਨਤੀਜੇ ਭੁਗਤਣੇ ਪੈਂਦੇ ਹਨ।

ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ ਇਸ ਰਾਜ ਦੀ ਪਛਾਣ ਨੂੰ ਪਰਿਭਾਸ਼ਿਤ ਕਰਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਦਰਿਆ ਹਿਮਾਲਿਆ ਤੋਂ ਨਿਕਲਦੇ ਹਨ ਅਤੇ ਮਾਨਸੂਨ ਦੇ ਮੌਸਮ ਦੌਰਾਨ, ਬਰਫ਼ ਪਿਘਲਣ ਅਤੇ ਬਾਰਿਸ਼ ਕਾਰਨ ਪਾਣੀ ਦਾ ਪੱਧਰ ਅਚਾਨਕ ਵੱਧ ਜਾਂਦਾ ਹੈ। ਦਰਿਆਵਾਂ ਦੇ ਕਰੰਟ ਤੇਜ਼ ਹੁੰਦੇ ਹਨ ਅਤੇ ਜਦੋਂ ਇਹ ਮੈਦਾਨੀ ਇਲਾਕਿਆਂ ਵਿਚ ਦਾਖਲ ਹੁੰਦੇ ਹਨ, ਤਾਂ ਪਾਣੀ ਫੈਲਦਾ ਹੈ ਅਤੇ ਹੜ੍ਹਾਂ ਦਾ ਰੂਪ ਲੈ ਲੈਂਦਾ ਹੈ। ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਵਰਗੇ ਵੱਡੇ ਡੈਮ ਹੜ੍ਹ ਕੰਟਰੋਲ ਅਤੇ ਸਿੰਚਾਈ ਲਈ ਬਣਾਏ ਗਏ ਹੋਣਗੇ, ਪਰ ਜਦੋਂ ਉਨ੍ਹਾਂ ਵਿਚੋਂ ਅਚਾਨਕ ਪਾਣੀ ਛੱਡਿਆ ਜਾਂਦਾ ਹੈ, ਤਾਂ ਆਲੇ ਦੁਆਲੇ ਦੇ ਖੇਤਰ ਡੁੱਬ ਜਾਂਦੇ ਹਨ। ਇਹ ਕੁਦਰਤੀ ਕਾਰਨਾਂ ਦੇ ਨਾਲ-ਨਾਲ ਪ੍ਰਬੰਧਨ ਦੀ ਘਾਟ ਨੂੰ ਵੀ ਉਜਾਗਰ ਕਰਦਾ ਹੈ।

ਪਿਛਲੇ ਕੁਝ ਸਾਲਾਂ ਵਿਚ ਮਾਨਸੂਨ ਦਾ ਪੈਟਰਨ ਬਹੁਤ ਬਦਲ ਗਿਆ ਹੈ। ਪਹਿਲਾਂ ਜਿੱਥੇ ਬਾਰਿਸ਼ ਹੌਲੀ-ਹੌਲੀ ਅਤੇ ਲੰਬੇ ਸਮੇਂ ਤੱਕ ਹੁੰਦੀ ਸੀ, ਹੁਣ ਥੋੜ੍ਹੇ ਸਮੇਂ ਵਿਚ ਅਚਾਨਕ ਭਾਰੀ ਬਾਰਿਸ਼ ਹੁੰਦੀ ਹੈ। ਇਸ ਨਾਲ ਦਰਿਆਵਾਂ ਅਤੇ ਨਾਲਿਆਂ ਵਿਚ ਪਾਣੀ ਦਾ ਦਬਾਅ ਤੇਜ਼ੀ ਨਾਲ ਵਧਦਾ ਹੈ ਅਤੇ ਅਚਾਨਕ ਹੜ੍ਹ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ। ਜਲਵਾਯੂ ਵਿਗਿਆਨੀਆਂ ਦਾ ਮੰਨਣਾ ਹੈ ਕਿ ਗ੍ਰੀਨਹਾਊਸ ਗੈਸਾਂ ਵਿਚ ਵਾਧਾ ਅਤੇ ਗਲੋਬਲ ਵਾਰਮਿੰਗ ਇਸ ਦੇ ਮੁੱਖ ਕਾਰਨ ਹਨ। ਇਸ ਕਾਰਨ ਹਿਮਾਲੀਅਨ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਨਤੀਜੇ ਵਜੋਂ, ਗਰਮੀਆਂ ਅਤੇ ਬਰਸਾਤ ਦੇ ਮੌਸਮ ਦੌਰਾਨ ਨਦੀਆਂ ਦੇ ਪਾਣੀ ਦਾ ਪੱਧਰ ਬੇਕਾਬੂ ਹੋ ਜਾਂਦਾ ਹੈ।

ਕੁਦਰਤੀ ਹੜ੍ਹਾਂ ਨੂੰ ਵਿਨਾਸ਼ਕਾਰੀ ਬਣਾਉਣ ਵਿਚ ਮਨੁੱਖੀ ਦਖਲਅੰਦਾਜ਼ੀ ਨੇ ਸਭ ਤੋਂ ਵੱਡੀ ਭੂਮਿਕਾ ਨਿਭਾਈ ਹੈ। ਦਰਿਆਵਾਂ ਦੇ ਕੰਢਿਆਂ ਅਤੇ ਤਲਹੱਟਿਆਂ 'ਤੇ ਅੰਨ੍ਹੇਵਾਹ ਉਸਾਰੀ ਦਾ ਕੰਮ ਕੀਤਾ ਗਿਆ। ਪਿੰਡ ਅਤੇ ਸ਼ਹਿਰ ਡਰੇਨਾਂ ਅਤੇ ਪੁਰਾਣੀਆਂ ਪਾਣੀ ਦੀਆਂ ਨਾਲੀਆਂ 'ਤੇ ਵਸੇ ਹੋਏ ਸਨ। ਰੇਤ ਅਤੇ ਬੱਜਰੀ ਦੀ ਬਹੁਤ ਜ਼ਿਆਦਾ ਖੁਦਾਈ ਦਰਿਆਵਾਂ ਦੀ ਡੂੰਘਾਈ ਅਤੇ ਵਹਾਅ ਨੂੰ ਬਦਲ ਦਿੰਦੀ ਹੈ। ਜਦੋਂ ਪਾਣੀ ਦਾ ਰਸਤਾ ਰੋਕਿਆ ਜਾਂਦਾ ਹੈ, ਤਾਂ ਇਹ ਨੇੜਲੀਆਂ ਬਸਤੀਆਂ ਵਿਚ ਦਾਖਲ ਹੋ ਜਾਂਦਾ ਹੈ। ਪੰਜਾਬ ਵਿਚ ਡਰੇਨਾਂ ਅਤੇ ਨਹਿਰਾਂ ਦਾ ਇੱਕ ਨੈੱਟਵਰਕ ਹੈ, ਪਰ ਜ਼ਿਆਦਾਤਰ ਥਾਵਾਂ 'ਤੇ ਉਨ੍ਹਾਂ ਦੀ ਸਫਾਈ ਅਤੇ ਮੁਰੰਮਤ ਸਮੇਂ ਸਿਰ ਨਹੀਂ ਕੀਤੀ ਜਾਂਦੀ। ਨਤੀਜੇ ਵਜੋਂ, ਬਾਹਰ ਨਿਕਲਣ ਦੀ ਬਜਾਏ, ਪਿੰਡਾਂ ਅਤੇ ਸ਼ਹਿਰਾਂ ਵਿਚ ਮੀਂਹ ਦਾ ਪਾਣੀ ਵਾਪਸ ਭਰ ਜਾਂਦਾ ਹੈ। ਇਸ ਦੇ ਨਾਲ, ਝੋਨੇ ਵਰਗੀਆਂ ਫਸਲਾਂ ਨੇ ਧਰਤੀ ਹੇਠਲੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ। ਮਿੱਟੀ ਦੀ ਪਾਣੀ ਸੰਭਾਲਣ ਦੀ ਸਮਰੱਥਾ ਘੱਟ ਗਈ ਅਤੇ ਕੁਦਰਤੀ ਪਾਣੀ ਭੰਡਾਰਨ ਪ੍ਰਣਾਲੀ ਟੁੱਟ ਗਈ।

ਪੰਜਾਬ ਹਰੀ ਕ੍ਰਾਂਤੀ ਦਾ ਕੇਂਦਰ ਸੀ। ਇੱਥੇ ਕਣਕ ਅਤੇ ਚੌਲਾਂ ਦੀ ਕਾਸ਼ਤ ਨੇ ਦੇਸ਼ ਨੂੰ ਭੋਜਨ ਸੁਰੱਖਿਆ ਦਿੱਤੀ, ਪਰ ਇਸਦੇ ਮਾੜੇ ਪ੍ਰਭਾਵ ਵੀ ਪਏ। ਝੋਨੇ ਦੀ ਫਸਲ ਨੂੰ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਹਰ ਸਾਲ ਲੱਖਾਂ ਟਿਊਬਵੈੱਲਾਂ ਤੋਂ ਧਰਤੀ ਹੇਠਲੇ ਪਾਣੀ ਨੂੰ ਕੱਢਿਆ ਜਾਂਦਾ ਸੀ। ਇਸ ਕਾਰਨ ਧਰਤੀ ਹੇਠਲੇ ਪਾਣੀ ਦੇ ਸਰੋਤ ਤੇਜ਼ੀ ਨਾਲ ਸੁੱਕ ਜਾਂਦੇ ਸਨ। ਜਦੋਂ ਉੱਪਰੋਂ ਭਾਰੀ ਮੀਂਹ ਜਾਂ ਹੜ੍ਹ ਆਉਂਦੇ ਸਨ, ਤਾਂ ਜ਼ਮੀਨ ਇਸਨੂੰ ਸੋਖ ਨਹੀਂ ਸਕਦੀ ਸੀ ਅਤੇ ਪਾਣੀ ਭਰਨ ਦੀ ਸਮੱਸਿਆ ਵਧ ਜਾਂਦੀ ਸੀ। ਜੰਗਲਾਂ ਦੀ ਕਟਾਈ ਅਤੇ ਹਰੇ ਖੇਤਰਾਂ ਦੇ ਸੁੰਗੜਨ ਨੇ ਵੀ ਕੁਦਰਤੀ ਸੰਤੁਲਨ ਨੂੰ ਵਿਗਾੜ ਦਿੱਤਾ। ਦਰਿਆਵਾਂ ਦੇ ਕੰਢਿਆਂ 'ਤੇ ਰੁੱਖਾਂ ਦੀਆਂ ਜੜ੍ਹਾਂ ਪਾਣੀ ਨੂੰ ਰੋਕਦੀਆਂ ਸਨ ਅਤੇ ਮਿੱਟੀ ਨੂੰ ਬੰਨ੍ਹਦੀਆਂ ਸਨ, ਪਰ ਹੁਣ ਕਟੌਤੀ ਵਧ ਗਈ ਹੈ।

ਪੰਜਾਬ ਵਿਚ ਹੜ੍ਹ ਸਿਰਫ਼ ਇੱਕ ਕੁਦਰਤੀ ਆਫ਼ਤ ਹੀ ਨਹੀਂ ਹੈ, ਸਗੋਂ ਇੱਕ ਸਮਾਜਿਕ-ਆਰਥਿਕ ਸੰਕਟ ਵੀ ਹੈ। ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਗਈਆਂ ਹਨ। ਕਿਸਾਨ ਕਰਜ਼ੇ ਵਿਚ ਡੁੱਬ ਗਏ ਹਨ। ਪੇਂਡੂ ਆਬਾਦੀ ਬੇਘਰ ਹੋ ਗਈ ਹੈ ਅਤੇ ਹਿਜਰਤ ਕਰਨ ਲਈ ਮਜਬੂਰ ਹੋ ਗਈ ਹੈ। ਸੜਕਾਂ, ਪੁਲਾਂ ਅਤੇ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਬਿਮਾਰੀਆਂ ਫੈਲਦੀਆਂ ਹਨ, ਖਾਸ ਕਰਕੇ ਦਸਤ, ਮਲੇਰੀਆ ਅਤੇ ਡੇਂਗੂ। ਮਾਨਸਿਕ ਸਦਮੇ ਕਾਰਨ ਸਮਾਜ ਵਿਚ ਅਸੁਰੱਖਿਆ ਅਤੇ ਨਿਰਾਸ਼ਾ ਦੀ ਭਾਵਨਾ ਪੈਦਾ ਹੁੰਦੀ ਹੈ।

ਅਸਲੀਅਤ ਵਿਚ, ਕੁਦਰਤ ਦੀਆਂ ਕੋਈ ਭਾਵਨਾਵਾਂ ਨਹੀਂ ਹਨ। ਇਹ ਸਿਰਫ਼ ਸੰਤੁਲਨ ਚਾਹੁੰਦੀ ਹੈ। ਜਦੋਂ ਅਸੀਂ ਇਸਦੀਆਂ ਸੀਮਾਵਾਂ ਦੀ ਉਲੰਘਣਾ ਕਰਦੇ ਹਾਂ, ਤਾਂ ਇਹ ਹੜ੍ਹ, ਸੋਕੇ ਜਾਂ ਆਫ਼ਤ ਦੇ ਰੂਪ ਵਿਚ ਇੱਕ ਚੇਤਾਵਨੀ ਵਜੋਂ ਆਉਂਦੀ ਹੈ। ਇਸ ਲਈ, ਇਹ ਕਹਿਣਾ ਸਹੀ ਨਹੀਂ ਹੈ ਕਿ ਕੁਦਰਤ ਗੁੱਸੇ ਵਿਚ ਹੈ। ਸੱਚਾਈ ਇਹ ਹੈ ਕਿ ਮਨੁੱਖ ਨੇ ਅਜਿਹੀਆਂ ਸਥਿਤੀਆਂ ਪੈਦਾ ਕੀਤੀਆਂ ਹਨ, ਜੋ ਕੁਦਰਤ ਨੂੰ ਗੁੱਸੇ ਕਰਦੀਆਂ ਹਨ।

ਹੱਲ ਸਪੱਸ਼ਟ ਹਨ। ਦਰਿਆਵਾਂ ਦੇ ਕੰਢਿਆਂ ਦੇ ਨਾਲ-ਨਾਲ ਹੜ੍ਹ ਵਾਲੇ ਖੇਤਰਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉੱਥੇ ਉਸਾਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਪੁਰਾਣੀਆਂ ਨਾਲੀਆਂ ਅਤੇ ਗਟਰਾਂ ਨੂੰ ਨਿਯਮਿਤ ਤੌਰ 'ਤੇ ਸਾਫ਼ ਅਤੇ ਚੌੜਾ ਕੀਤਾ ਜਾਣਾ ਚਾਹੀਦਾ ਹੈ। ਗੈਰ-ਕਾਨੂੰਨੀ ਮਾਈਨਿੰਗ 'ਤੇ ਸਖ਼ਤੀ ਨਾਲ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ, ਤਾਂ ਜੋ ਨਦੀਆਂ ਆਪਣੇ ਕੁਦਰਤੀ ਰੂਪ ਵਿਚ ਵਹਿ ਸਕਣ। ਝੋਨੇ ਦੀ ਬਜਾਏ ਮੱਕੀ, ਦਾਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਪਾਣੀ ਦੀ ਖਪਤ ਘੱਟ ਹੋਵੇਗੀ ਅਤੇ ਭੂਮੀਗਤ ਪਾਣੀ ਦੇ ਪੱਧਰ ਵਿਚ ਸੁਧਾਰ ਹੋਵੇਗਾ। ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨਾਲ ਨਜਿੱਠਣ ਲਈ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਮਿਲ ਕੇ ਇੱਕ ਲੰਬੇ ਸਮੇਂ ਦੀ ਯੋਜਨਾ ਬਣਾਉਣੀ ਪਵੇਗੀ। ਹੜ੍ਹ ਰੋਕਥਾਮ ਅਤੇ ਪ੍ਰਬੰਧਨ ਲਈ ਸਥਾਨਕ ਲੋਕਾਂ ਨੂੰ ਸਿਖਲਾਈ ਦੇਣਾ ਵੀ ਜ਼ਰੂਰੀ ਹੈ।

ਪੰਜਾਬ ਵਿਚ ਹੜ੍ਹ ਸੰਕਟ ਸਿਰਫ਼ ਕੁਦਰਤੀ ਕਾਰਨਾਂ ਕਰਕੇ ਨਹੀਂ ਹੈ। ਇਹ ਸਾਡੀਆਂ ਵਿਕਾਸ ਨੀਤੀਆਂ ਦੀ ਅਸੰਤੁਲਿਤ ਦਿਸ਼ਾ ਦਾ ਨਤੀਜਾ ਹੈ। ਜੇਕਰ ਅਸੀਂ ਅਜੇ ਵੀ ਸਬਕ ਨਹੀਂ ਸਿੱਖਿਆ, ਤਾਂ ਆਉਣ ਵਾਲੇ ਸਾਲਾਂ ਵਿਚ ਹੜ੍ਹ ਹੋਰ ਵੀ ਭਿਆਨਕ ਹੋ ਸਕਦੇ ਹਨ। ਕੁਦਰਤ ਸਾਨੂੰ ਵਾਰ-ਵਾਰ ਚੇਤਾਵਨੀ ਦੇ ਰਹੀ ਹੈ ਕਿ ਇਸ ਨਾਲ ਛੇੜਛਾੜ ਨਾ ਕਰੋ। ਸਾਨੂੰ ਯਾਦ ਰੱਖਣਾ ਹੋਵੇਗਾ ਕਿ ਸਥਾਈ ਹੱਲ ਕੁਦਰਤ ਨਾਲ ਲੜਨਾ ਨਹੀਂ, ਸਗੋਂ ਇਸ ਨਾਲ ਇਕਸੁਰਤਾ ਵਿਚ ਰਹਿਣਾ ਹੈ। ਪੰਜਾਬ ਵਿਚ ਹੜ੍ਹ ਸਿਰਫ਼ ਇੱਕ ਆਫ਼ਤ ਨਹੀਂ ਹੈ, ਸਗੋਂ ਸਾਡੀਆਂ ਨੀਤੀਆਂ, ਆਦਤਾਂ ਅਤੇ ਤਰਜੀਹਾਂ ਦੀ ਪ੍ਰੀਖਿਆ ਹੈ।

# ਹੜ੍ਹ ਆਉਣ ਦੇ ਕਾਰਣ, ਪ੍ਰਭਾਵ ਅਤੇ ਨਿਯੰਤਰਣ ਦੀਆਂ ਰਣਨੀਤੀਆਂ

ਹੜ੍ਹ ਧਰਤੀ ਦੇ ਸਭ ਤੋਂ ਆਮ ਅਤੇ ਵਿਨਾਸ਼ਕਾਰੀ ਕੁਦਰਤੀ ਵਰਤਾਰਿਆਂ ਵਿਚੋਂ ਇੱਕ ਹੈ, ਜੋ ਹਰ ਸਾਲ ਵੱਡੇ ਪੱਧਰ 'ਤੇ ਮਨੁੱਖੀ ਸੱਭਿਅਤਾ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਨੂੰ ਨੁਕਸਾਨ ਪਹੁੰਚਾਉਂਦੇ ਹਨ। ਵਿਗਿਆਨਕ ਰੂਪ ਵਿਚ ਹੜ੍ਹ ਉਸ ਸਥਿਤੀ ਨੂੰ ਕਹਿੰਦੇ ਹਨ, ਜਦੋਂ ਪਾਣੀ ਆਪਣੀ ਕੁਦਰਤੀ ਸੀਮਾ ਤੋਂ ਵੱਧ ਕੇ ਉਸ ਜ਼ਮੀਨ 'ਤੇ ਫੈਲ ਜਾਂਦਾ ਹੈ, ਜੋ ਆਮ ਤੌਰ 'ਤੇ ਸੁੱਕੀ ਰਹਿੰਦੀ ਹੈ। ਇਹ ਅਕਸਰ ਤੇਜ਼ ਮੀਂਹ, ਗਲੇਸ਼ੀਅਰਾਂ ਦੇ ਪਿਘਲਣ, ਦਰਿਆਵਾਂ ਦੇ ਉਫਾਨ, ਸਮੁੰਦਰੀ ਤੂਫ਼ਾਨਾਂ ਦੇ ਜਵਾਰ ਬਾਟੇ ਜਾਂ ਬੰਨ੍ਹ ਵਰਗੇ ਢਾਂਚਾਗਤ ਪ੍ਰਣਾਲੀਆਂ ਦੀ ਨਾਕਾਮੀ ਕਾਰਨ ਆਉਂਦੇ ਹਨ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA



## ਹੜ੍ਹ ਆਉਣ ਦੇ ਕਾਰਣ

ਹੜ੍ਹ ਕੁਦਰਤੀ ਅਤੇ ਮਨੁੱਖ-ਨਿਰਮਿਤ ਦੋਵੇਂ ਕਾਰਣਾਂ ਨਾਲ ਉਤਪੰਨ ਹੋ ਸਕਦੇ ਹਨ।

ਹੜ੍ਹ ਆਉਣ ਦੇ ਮੁੱਖ ਕਾਰਣ ਨਿਮਨਲਿਖਤ ਹਨ:

1. **ਤੇਜ਼ ਮੀਂਹ** - ਲਗਾਤਾਰ ਜਾਂ ਬਹੁਤ ਤੇਜ਼ ਮੀਂਹ ਕਾਰਨ ਦਰਿਆ ਅਤੇ ਨਾਲੇ ਆਪਣੀ ਸਮਰੱਥਾ ਤੋਂ ਵੱਧ ਭਰ ਜਾਂਦੇ ਹਨ। ਜਦੋਂ ਇਨ੍ਹਾਂ ਦੇ ਕੰਢੇ ਟੁੱਟ ਜਾਂਦੇ ਹਨ, ਤਾਂ ਹੜ੍ਹ ਆਉਣ ਦੀ ਸੰਭਾਵਨਾ ਬਣ ਜਾਂਦੀ ਹੈ।
2. **ਦਰਿਆਵਾਂ ਦਾ ਉਫਾਨ** - ਪਹਾੜੀ ਇਲਾਕਿਆਂ ਵਿਚ ਵੱਧ ਮੀਂਹ ਜਾਂ ਬਰਫ਼ ਪਿਘਲਣ ਨਾਲ ਦਰਿਆਵਾਂ ਦੇ ਕੰਢੇ ਟੁੱਟਣ ਨਾਲ ਨਜ਼ਦੀਕੀ ਅਤੇ ਹੇਠਲੇ ਇਲਾਕਿਆਂ ਦੇ ਖੇਤਰ ਪਾਣੀ ਵਿਚ ਡੁੱਬ ਜਾਂਦੇ ਹਨ।
3. **ਗਲੇਸ਼ੀਅਰ ਦਾ ਪਿਘਲਣਾ** - ਗਲੇਸ਼ੀਅਰਾਂ ਦੇ ਪਿਘਲਣ ਨਾਲ ਬਣੀਆਂ ਝੀਲਾਂ ਅਚਾਨਕ ਟੁੱਟਣ ਕਾਰਨ ਵੱਡੇ ਪੱਧਰ 'ਤੇ ਪਾਣੀ ਨਦੀਆਂ ਅਤੇ ਦਰਿਆਵਾਂ ਰਾਹੀਂ ਹੇਠਾਂ ਵਗਦਾ ਹੈ। ਇਸ ਨਾਲ ਹੜ੍ਹ ਆਉਣ ਦੀ ਸੰਭਾਵਨਾ ਬਣ ਜਾਂਦੀ ਹੈ।
4. **ਚਕ੍ਰਵਾਤੀ ਅਤੇ ਸਮੁੰਦਰੀ ਜਵਾਰ ਭਾਟੇ** - ਸਮੁੰਦਰ ਕੰਢੇ ਵਸੇ ਇਲਾਕਿਆਂ ਵਿਚ ਤੂਫ਼ਾਨੀ ਹਵਾਵਾਂ ਸਮੁੰਦਰੀ ਪਾਣੀ ਨੂੰ ਅੰਦਰ ਧੱਕ ਦਿੰਦੀਆਂ ਹਨ।
5. **ਸ਼ਹਿਰੀਕਰਨ** - ਬੇਤਹਾਸ਼ਾ ਨਿਰਮਾਣ, ਬੇਲੋੜੀ ਦਰੱਖਤਾਂ ਦੀ ਕਟਾਈ ਅਤੇ ਪਾਣੀ ਦੀ ਗ਼ਲਤ ਨਿਕਾਸੀ ਪ੍ਰਣਾਲੀ ਕਾਰਨ ਸ਼ਹਿਰੀ ਖੇਤਰਾਂ ਵਿਚ ਪਾਣੀ ਦੀ ਮਾਤਰਾ ਵੱਧ ਸਕਦੀ ਹੈ।
6. **ਵਣਨਾਸ਼** - ਜੰਗਲਾਂ ਦੀ ਕਟਾਈ ਕਾਰਨ ਮਿੱਟੀ ਦੀ ਪਾਣੀ ਜਜ਼ਬ ਕਰਨ ਦੀ ਸਮਰੱਥਾ ਘਟਦੀ ਹੈ, ਜਿਸ ਨਾਲ ਪਾਣੀ ਦਾ ਵਹਾਅ ਵੱਧਦਾ ਹੈ।
7. **ਬੰਨ੍ਹ ਦੀ ਨਾਕਾਮੀ** - ਜਦੋਂ ਬੰਨ੍ਹ ਦੀ ਦੇਖਭਾਲ ਠੀਕ ਤਰ੍ਹਾਂ ਨਾ ਹੋਵੇ, ਜਾਂ ਪਾਣੀ ਦਾ ਬੇਹਿਸਾਬ ਦਬਾਅ ਬਣ ਜਾਵੇ, ਤਾਂ ਇਹ ਟੁੱਟ ਕੇ ਵੱਡੇ ਪੱਧਰ 'ਤੇ ਹੜ੍ਹ ਦਾ ਕਾਰਨ ਬਣਦੇ ਹਨ।

## ਹੜ੍ਹ ਦੇ ਪ੍ਰਭਾਵ

**ਮਨੁੱਖੀ ਪ੍ਰਭਾਵ** - ਜਾਨੀ ਅਤੇ ਮਾਲੀ ਨੁਕਸਾਨ, ਲੋਕਾਂ ਦਾ ਬੇਘਰ ਹੋਣਾ, ਪਾਣੀ ਨਾਲ ਜੁੜੀਆਂ ਬਿਮਾਰੀਆਂ ਦਾ ਵੱਡੇ ਪੱਧਰ 'ਤੇ ਫੈਲਣ ਦਾ ਖ਼ਤਰਾ ਵੱਧ ਜਾਂਦਾ ਹੈ।

**ਆਰਥਿਕ ਪ੍ਰਭਾਵ** - ਖੇਤਾਂ, ਪਸ਼ੂ-ਧਨ, ਸੜਕਾਂ, ਪੁਲਾਂ, ਰੇਲਵੇ ਅਤੇ ਉਦਯੋਗਾਂ ਦਾ ਨਾਸ਼।

**ਵਾਤਾਵਰਨ 'ਤੇ ਮਾਰੂ ਪ੍ਰਭਾਵ** - ਮਿੱਟੀ ਦੀ ਕੱਟਾਈ, ਪਾਣੀ ਦਾ ਪ੍ਰਦੂਸ਼ਣ, ਜੈਵਿਕ ਵਿਵਿਧਤਾ ਦਾ ਨੁਕਸਾਨ ਅਤੇ ਦਰਿਆਈ ਭੂਗੋਲ ਵਿਚ ਤਬਦੀਲੀਆਂ।

**ਸਮਾਜਿਕ ਅਤੇ ਮਨੋਵਿਗਿਆਨਕ ਪ੍ਰਭਾਵ** - ਲੋਕਾਂ ਨੂੰ ਮਨੋਵਿਗਿਆਨਕ ਸਦਮਾ, ਹਿਜ਼ਰਤ, ਗਰੀਬੀ ਅਤੇ ਸਮਾਜਿਕ ਪੱਧਰ 'ਤੇ ਵੱਡਾ ਸਦਮਾ।

## ਹੜ੍ਹ ਪੈਦਾ ਕਰਨ ਵਿਚ ਬੰਨ੍ਹ ਦੀ ਭੂਮਿਕਾ

ਬੰਨ੍ਹ ਆਮ ਤੌਰ 'ਤੇ ਪਾਣੀ ਸਾਂਭਣ, ਸਿੰਚਾਈ, ਬਿਜਲੀ ਉਤਪਾਦਨ ਅਤੇ ਹੜ੍ਹ-ਨਿਯੰਤਰਣ ਲਈ ਬਣਾਏ ਜਾਂਦੇ ਹਨ। ਪਰ ਕਈ ਵਾਰ ਇਹ ਖੁਦ ਹੜ੍ਹ ਨੂੰ ਹੋਰ ਭਿਆਨਕ ਬਣਾ ਦਿੰਦੇ ਹਨ:

1. **ਅਚਾਨਕ ਪਾਣੀ ਛੱਡਣਾ** - ਮੀਂਹ ਦੌਰਾਨ ਜਦੋਂ ਬੰਨ੍ਹ ਤੋਂ ਵੱਡੀ ਮਾਤਰਾ ਵਿਚ ਪਾਣੀ ਛੱਡਿਆ ਜਾਂਦਾ ਹੈ, ਤਾਂ ਹੇਠਲੇ ਇਲਾਕੇ ਡੁੱਬ ਜਾਂਦੇ ਹਨ।
2. **ਬੰਨ੍ਹ ਟੁੱਟਣਾ** - ਰਖ-ਰਖਾਵ ਦੀ ਕਮੀ ਜਾਂ ਭੂਚਾਲ ਕਾਰਨ ਬੰਨ੍ਹ ਦੇ ਟੁੱਟ ਜਾਣ ਕਾਰਨ ਭਾਰੀ ਹੜ੍ਹ ਆ ਸਕਦੇ ਹਨ ।
3. **ਗਾਰ ਜਮ੍ਹਾਵੜਾ** - ਲੰਬੇ ਸਮੇਂ ਤੱਕ ਗਾਰ ਜਮ੍ਹਣ ਨਾਲ ਬੰਨ੍ਹ ਦੀ ਪਾਣੀ ਸੰਭਾਲਣ ਸਮਰੱਥਾ ਘੱਟ ਜਾਂਦੀ ਹੈ।
4. **ਗ਼ਲਤ ਪ੍ਰਬੰਧਨ** - ਪਾਣੀ ਛੱਡਣ ਦੇ ਸਮੇਂ 'ਤੇ ਗ਼ਲਤ ਫ਼ੈਸਲੇ ਵੀ ਹੜ੍ਹ ਨੂੰ ਭਿਆਨਕ ਬਣਾ ਸਕਦੇ ਹਨ।

## ਹੜ੍ਹ-ਨਿਯੰਤਰਣ ਲਈ ਸੁਝਾਅ

### ਢਾਂਚਾਗਤ ਉਪਾਅ

1. ਬੰਨ੍ਹ, ਛੋਟੇ ਬੰਨ੍ਹ ਅਤੇ ਮਜ਼ਬੂਤ ਕੰਧਾਂ ਦਾ ਨਿਰਮਾਣ।
2. ਸ਼ਹਿਰਾਂ ਵਿਚ ਆਧੁਨਿਕ ਵਰਖਾ-ਪਾਣੀ ਨਿਕਾਸੀ ਪ੍ਰਣਾਲੀ।
3. ਦਰਿਆਵਾਂ ਦੀ ਗਾਰ-ਸਫ਼ਾਈ ਅਤੇ ਚੌੜਾਈ ਵਧਾਉਣਾ।
4. ਬੰਨ੍ਹ ਵਿਚ ਵਿਗਿਆਨਕ ਪੱਧਰ 'ਤੇ ਪਾਣੀ ਦਾ ਨਿਯੰਤਰਣ।
5. ਪਹਾੜੀ ਖੇਤਰਾਂ ਵਿਚ ਵਣਰੋਪਣ।

### ਗੈਰ-ਢਾਂਚਾਗਤ ਉਪਾਅ

1. ਉਪਗ੍ਰਹਿ ਅਤੇ ਰੇਡਾਰ ਆਧਾਰਿਤ ਜਲਦੀ ਚੇਤਾਵਨੀ ਪ੍ਰਣਾਲੀ।
2. ਭੂ-ਉਪਯੋਗ ਯੋਜਨਾ ਤਹਿਤ ਹੜ੍ਹ-ਸੰਵੇਦਨਸ਼ੀਲ ਖੇਤਰਾਂ ਵਿਚ ਵਸੇਬੇ ਤੋਂ ਰੋਕ।
3. ਸਮੁਦਾਇਕ ਸਿਖਲਾਈ ਅਤੇ ਜਾਗਰੂਕਤਾ ਮੁਹਿੰਮਾਂ।
4. ਬੀਮਾ ਯੋਜਨਾਵਾਂ ਕਿਸਾਨਾਂ ਅਤੇ ਸ਼ਹਿਰੀ ਆਬਾਦੀ ਲਈ।
5. ਸਰਹੱਦ-ਪਾਰ ਦਰਿਆ ਪ੍ਰਬੰਧਨ ਲਈ ਅੰਤਰਰਾਸ਼ਟਰੀ ਸਹਿਯੋਗ।

ਹੜ੍ਹ ਕੁਦਰਤੀ ਵਰਤਾਰਿਆਂ ਅਨੁਸਾਰ ਵਾਪਰਣ ਵਾਲੀ ਘਟਨਾ ਹੈ, ਪਰ ਮਨੁੱਖੀ ਦਖਲਅੰਦਾਜ਼ੀ ਜਿਵੇਂ ਕਿ ਜੰਗਲਾਂ ਦੀ ਕਟਾਈ, ਅਨਿਯੰਤਰਿਤ ਸ਼ਹਿਰੀਕਰਨ ਅਤੇ ਪਾਣੀ ਦੇ ਗਲਤ ਪ੍ਰਬੰਧਨ ਕਾਰਨ ਇਸ ਦੀ ਵਿਨਾਸ਼ਕਾਰੀ ਸ਼ਕਤੀ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਬੰਨ੍ਹ ਇੱਕ ਪਾਸੇ ਹੜ੍ਹ ਨੂੰ ਰੋਕ ਸਕਦੇ ਹਨ ਪਰ ਗ਼ਲਤ ਪ੍ਰਬੰਧਨ ਕਾਰਨ ਇਨ੍ਹਾਂ ਨਾਲ ਹੜ੍ਹ ਹੋਰ ਘਾਤਕ ਵੀ ਬਣ ਸਕਦੇ ਹਨ। ਇਸ ਲਈ ਆਧੁਨਿਕ ਤਕਨੀਕ, ਟਿਕਾਊ ਬੁਨਿਆਦੀ ਢਾਂਚਾ ਅਤੇ ਲੋਕ-ਸਹਿਭਾਗ ਨਾਲ ਸੁਸ਼ੋਭਿਤ ਇਕ ਸੰਪੂਰਨ ਪ੍ਰਣਾਲੀ ਦੀ ਲੋੜ ਹੈ, ਜੋ ਹੜ੍ਹ ਦੇ ਖ਼ਤਰੇ ਨੂੰ ਘਟਾ ਸਕੇ ਅਤੇ ਪ੍ਰਕਿਰਤੀ ਨਾਲ ਸੰਤੁਲਨ ਬਣਾਈ ਰੱਖੇ।

# ਪੰਜਾਬ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ

ਡਾ. ਜਗਮੇਲ ਸਿੰਘ ਭਾਠੂਆਂ
ਏ- 68-ਏ, ਸੈਕੰਡ ਫਲੋਰ, ਫਤੇਹ ਨਗਰ, ਨਵੀਂ ਦਿੱਲੀ-18
ਸੰਪਰਕ : 88470-47554
ਪੰਜਾਬ ਮੇਲ USA

ਪੰਜਾਬ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਆਪਣੇ ਸਮੇਂ ਦੀਆਂ ਸ਼੍ਰੋਮਣੀ ਸ਼ਖ਼ਸੀਅਤਾਂ ਵਿਚੋਂ ਇੱਕ ਅਜਿਹੇ ਯੁੱਗ ਦ੍ਰਿਸ਼ਟਾ ਸਨ, ਜਿਨ੍ਹਾਂ ਆਪਣੇ ਬਚਪਨ ਤੋਂ ਲੈ ਕੇ ਬਿਰਧ ਅਵਸਥਾ ਤੱਕ ਆਪਣੀ ਚੇਤਨਾ ਨੂੰ ਉੱਚਾ ਉਠਾਉਣ ਤੇ ਵਿੱਦਿਅਕ ਯੋਗਤਾ ਵਧਾਉਣ ਦੇ ਮੰਤਵ ਨੂੰ ਹਮੇਸ਼ਾ ਸਾਹਮਣੇ ਰੱਖਿਆ। ਭਾਈ ਕਾਹਨ ਸਿੰਘ ਨਾਭਾ ਦਾ ਜਨਮ ਉਨਾਂ ਦੇ ਨਾਨਕੇ ਘਰ ਰਿਆਸਤ ਪਟਿਆਲਾ ਦੇ ਪਿੰਡ ਬਨੇਰਾ ਖੁਰਦ ਵਿਚ ਮਾਤਾ ਹਰਿ ਕੌਰ ਦੀ ਕੁੱਖੋਂ 30 ਅਗਸਤ 1861 ਈ. ਨੂੰ ਹੋਇਆ। ਆਪਣੇ ਵੱਡਮੁੱਲੇ ਯੋਗਦਾਨ ਸਦਕਾ ਭਾਈ ਸਾਹਿਬ ਇੱਕ ਯੁੱਗ ਪੁਰਸ਼ ਦਾ ਦਰਜਾ ਰੱਖਦੇ ਹਨ। ਯੁੱਗ ਪੁਰਸ਼ ਦੀ ਮੂਲ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਆਪਣੇ ਜੀਵਨ ਮਨੋਰਥ ਪ੍ਰਤੀ ਦ੍ਰਿੜ੍ਹ ਤੇ ਸਪੱਸ਼ਟ ਹੁੰਦਾ ਹੈ ਅਤੇ ਆਪਣੇ ਮੰਤਵ ਦੀ ਪੂਰਤੀ ਲਈ ਉਹ ਨਿਰੰਤਰ ਸਾਧਨਾਂ ਵਿਚ ਜੁਟਿਆ ਰਹਿੰਦਾ ਹੈ। ਭਾਈ ਸਾਹਿਬ ਦੇ ਬਜ਼ੁਰਗ ਬਾਬਾ ਨੌਧ ਸਿੰਘ ਪਿੰਡ ਪਿੱਥੋ (ਬਠਿੰਡਾ) ਦੇ ਪਤਵੰਤੇ ਪੁਰਸ਼ ਸਨ, ਜੋ ਕੁਝ ਸਮਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਮੁਸ਼ਾਹਬ ਵੀ ਰਹੇ ਸਨ। ਸਮਾਂ ਪਾ ਕੇ ਉਨ੍ਹਾਂ ਦੇ ਸਪੁੱਤਰ ਬਾਬਾ ਸਰੂਪ ਸਿੰਘ ਜੀ ਡੇਰਾ ਬਾਬਾ ਅਜਾਪਾਲ ਸਿੰਘ ਜੀ (ਨਾਭਾ) ਦੇ ਮੋਹਤਮਿਮ ਨੀਅਤ ਹੋਏ ਅਤੇ ਇਸ ਤੋਂ ਬਾਅਦ ਬਾਬਾ ਸਰੂਪ ਸਿੰਘ ਦੇ ਪੋਤਰੇ ਬਾਬਾ ਨਾਰਾਇਣ ਸਿੰਘ ਜੀ (1841-1916 ਈ.) ਨੇ ਇਸੇ ਅਸਥਾਨ 'ਤੇ ਸੇਵਾ ਨਿਭਾਈ, ਜੋ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਪਿਤਾ ਸਨ।



ਭਾਈ ਕਾਨ੍ਹ ਸਿੰਘ ਦੇ ਪਿਤਾ ਬਾਬਾ ਨਾਰਾਇਣ ਸਿੰਘ ਜੀ ਬੜੀ ਬਲਵਾਨ ਚੇਤਨਾ ਸ਼ਕਤੀ ਦੇ ਮਾਲਕ ਸਨ। ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਬਾਣੀ ਜ਼ੁਬਾਨੀ ਕੰਠ ਸੀ ਅਤੇ ਹਰੇਕ ਮਹੀਨੇ ਚਾਰ ਪਾਠ ਨੇਮ ਨਾਲ ਕਰਿਆ ਕਰਦੇ ਸਨ। ਕਈ ਬਜ਼ੁਰਗਾਂ ਤੇ ਵਿਦਵਾਨਾਂ ਪਾਸੋਂ ਇਹ ਗੱਲਾਂ ਸੁਣਨ ਨੂੰ ਮਿਲੀਆਂ ਹਨ ਕਿ ਬਾਬਾ ਨਾਰਾਇਣ ਸਿੰਘ ਜੀ ਨੇ ਆਪਣੀ ਉਮਰ ਵਿਚ ਇਕ ਆਸਨ 'ਤੇ ਬੈਠ ਕੇ ਤਿੰਨ ਵਾਰ ਅਤਿ-ਅਖੰਡ ਪਾਠ ਕੀਤੇ ਸਨ ਅਤੇ ਇਕ ਅਤਿ-ਅਖੰਡ ਪਾਠ ਆਪ ਤੋਂ ਖੁਦ ਮਹਾਰਾਜਾ ਹੀਰਾ ਸਿੰਘ ਨਾਭਾਪਤੀ ਨੇ ਜਿਸ ਪ੍ਰੇਮ ਨਾਲ ਸੁਣਿਆ, ਉਹ ਦੇਖਣ ਯੋਗ ਸੀ। ਜਦੋਂ ਉਸ ਪਾਠ ਦਾ ਭੋਗ ਪਿਆ ਤਾਂ ਮਹਾਰਾਜਾ ਸਾਹਿਬ ਨੇ ਕੁਝ ਜਾਗੀਰ ਭੇਟਾ ਕਰਨੀ ਚਾਹੀ ਪਰ ਬਾਬਾ ਜੀ ਨੇ ਪਾਠ ਭੇਟਾ ਲੈਣੀ ਨਾਵਾਜਬ ਸਮਝਕੇ ਇਨਕਾਰ ਕਰ ਦਿੱਤਾ। ਜਦ ਬਾਬਾ ਜੀ ਪਾਲਕੀ ਵਿਚ ਸਵਾਰ ਹੋ ਕੇ ਗੁਰਦੁਆਰੇ ਨੂੰ ਆਉਣ ਲੱਗੇ, ਤਾਂ ਮਹਾਰਾਜਾ ਸਾਹਿਬ ਨੇ ਇਕ ਕਹਾਰ ਨੂੰ ਹਟਾ ਕੇ ਉਨ੍ਹਾਂ ਦੀ ਪਾਲਕੀ ਮੋਢਿਆਂ 'ਤੇ ਉਠਾ ਲਈ ਅਤੇ ਇਸ ਤਰ੍ਹਾਂ ਉਨ੍ਹਾਂ ਨਾਲ ਬੜੀ ਸ਼ਰਧਾ ਤੇ ਅਕੀਦਤ ਦਾ ਇਜ਼ਹਾਰ ਕੀਤਾ।

ਇੱਥੇ ਹੀ (ਡੇਰਾ ਬਾਬਾ ਅਜਾਪਾਲ ਸਿੰਘ ਜੀ (ਨਾਭਾ) ਰਹਿੰਦਿਆਂ, ਪਿਤਾ ਜੀ ਦੇ ਆਸ਼ੀਰਵਾਦ ਨਾਲ ਭਾਈ ਕਾਹਨ ਸਿੰਘ ਨਾਭਾ ਨੇ ਉਸ ਮੌਕੇ ਦੇ ਪ੍ਰਸਿੱਧ ਵਿਦਵਾਨਾਂ ਭਾਈ ਭੂਪ ਸਿੰਘ, ਭਾਈ ਰਾਮ, ਭਾਈ ਭਗਵਾਨ ਸਿੰਘ ਦੁੱਗ, ਜਵਾਹਰ ਸਿੰਘ, ਪੰਡਿਤ ਸ਼੍ਰੀਧਰ, ਬੰਸੀਧਰ, ਭਾਈ ਵੀਰ ਸਿੰਘ ਜਲਾਲਕੇ, ਬਾਵਾ ਕਲਿਆਣ ਦਾਸ ਅਤੇ ਮਹੰਤ ਗੱਜਾ ਸਿੰਘ ਆਦਿ ਦੇਸੀ ਵਿਦਵਾਨਾਂ ਪਾਸੋਂ ਵੱਖ-ਵੱਖ ਵਿਸ਼ਿਆਂ 'ਚ ਬਹੁ-ਪੱਖੀ ਵਿਦਿਆ ਹਾਸਲ ਕੀਤੀ। ਦਿੱਲੀ ਅਤੇ ਲਖਨਊ ਦੇ ਵਿਦਵਾਨਾਂ ਪਾਸੋਂ ਫਾਰਸੀ ਦੀ ਸਿੱਖਿਆ ਗ੍ਰਹਿਣ ਕੀਤੀ। ਆਪ ਨੂੰ ਸੈਰ, ਬਾਗਬਾਨੀ ਅਤੇ ਸ਼ਿਕਾਰ ਤੋਂ ਇਲਾਵਾ ਸੰਗੀਤ ਦਾ ਵੀ ਬੇਹੱਦ ਸ਼ੌਕ ਸੀ।

ਭਾਈ ਸਾਹਿਬ ਦੀ ਸਮੁੱਚੀ ਸਾਹਿਤਕ ਘਾਲਣਾ ਦੀ ਜੇਕਰ ਵਰਗ ਵੰਡ ਕੀਤੀ ਜਾਵੇ, ਤਾਂ ਪਹਿਲੇ ਪੜਾਅ 1884 ਈ. ਤੋਂ 1897 ਈ. ਤੱਕ ਜੋ ਆਪ ਜੀ ਨੇ ਸਾਹਿਤ ਰਚਨਾ ਕੀਤੀ, ਉਹ ਪ੍ਰੰਪਰਾਵਾਦੀ ਰਿਵਾਜ਼ ਦੇ ਅਨੁਸਾਰ ਬ੍ਰਜ ਭਾਸ਼ਾ ਦੇ ਅਸਰ ਅਧੀਨ ਕੀਤੀ। ਉਨੀਂਵੀ ਸਦੀ ਦੇ ਅਖੀਰਲੇ ਦਹਾਕੇ 'ਚ ਲਿਖੇ ਗ੍ਰੰਥ 'ਰਾਜ ਧਰਮ' (1884 ਈ.) ਤੋਂ ਆਪ ਦਾ ਸਾਹਿਤਕ ਸਫ਼ਰ ਆਰੰਭ ਹੋਇਆ। ਟੀਕਾ ਜੈਮਨੀ ਅਸਵਮੇਧ, ਨਾਟਕ ਭਾਵਾਰਥ ਦੀਪਿਕਾ ਤੇ ਟੀਕਾ ਵਿਸ਼ਨੂੰ ਪੁਰਾਣ ਆਦਿ ਇਸੇ ਦੌਰ ਦੀਆਂ ਕੁਝ ਹੋਰ ਮਹੱਤਵਪੂਰਣ ਰਚਨਾਵਾਂ ਹਨ। ਦੂਜੇ ਪੜਾਅ 1907 ਈ. ਤੱਕ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਿੱਖ ਸਿਧਾਂਤਾਂ ਤੇ ਸਿੱਖੀ ਜੀਵਨ ਦੇ ਪ੍ਰਚਾਰ ਲਈ, ਆਪ ਨੇ 'ਹਮ ਹਿੰਦੂ ਨਹੀਂ', ਗੁਰੁਮਤ ਪ੍ਰਭਾਕਰ, ਗੁਰਮਤ ਸੁਧਾਕਰ, ਸੱਦ ਕਾ ਪਰਮਾਰਥ ਅਤੇ ਗੁਰੁ ਗਿਰਾ ਕਸੌਟੀ ਆਦਿ ਕਈ ਲਾਸਾਨੀ ਪੁਸਤਕਾਂ ਲਿਖ ਕੇ ਸਿੱਖ ਸੰਗਠਨ ਦੀ ਧਾਰਮਿਕ ਵਿਲੱਖਣਤਾ ਅਤੇ ਸਮਾਜਿਕ ਵੱਖਰੇਪਨ ਨੂੰ ਮਜ਼ਬੂਤ ਕੀਤਾ। ਤੀਜੇ ਦੌਰ ਦੀਆਂ ਦਰਜਨਾਂ ਪੁਸਤਕਾਂ ਵਿਚ ਸਭ ਤੋਂ ਮਹਾਨ ਸਾਹਿਤਕ ਗ੍ਰੰਥ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' (1930 ਈ.) ਭਾਈ ਸਾਹਿਬ ਦੀ ਪੂਰੀ ਜ਼ਿੰਦਗੀ ਦੇ ਪਰਿਸ਼ਰਮ ਦਾ ਸਿੱਟਾ ਕਿਹਾ ਜਾ ਸਕਦਾ ਹੈ। ਆਪ ਨੇ ਉਮਰ ਭਰ ਦਰਜਨਾਂ ਪੁਸਤਕਾਂ ਦੀ ਰਚਨਾ ਕੀਤੀ। ਭਾਈ ਸਾਹਿਬ ਵੱਲੋਂ ਸੰਪਾਦਿਤ ਕੋਸ਼ 'ਅਨੇਕਾਰਥ ਕੋਸ਼' ਤੇ 'ਨਾਮਮਾਲਾ ਕੋਸ਼' ਨਾਲ ਜਿਥੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਹਿੰਦੀ ਤੇ ਬ੍ਰਜ ਭਾਸ਼ਾ ਦੇ ਕਾਵਯ ਗ੍ਰੰਥਾਂ ਦੇ ਸ਼ਬਦਾਰਥ ਸਮਝਣ ਵਿਚ ਆਸਾਨੀ ਹੋਈ, ਉਥੇ 'ਗੁਰਛੰਦ ਦਿਵਾਕਰ' ਤੇ 'ਗੁਰੁਸ਼ਬਦਾਲੰਕਾਰ' ਵਰਗੀਆਂ ਪੁਸਤਕਾਂ ਦੀ ਰਚਨਾ ਨਾਲ ਆਪ ਮਹਾਨ ਛੰਦ ਸ਼ਾਸਤਰੀ ਅਤੇ ਅਲੰਕਾਰ ਸ਼ਾਸਤਰੀ ਵਜੋਂ ਸਥਾਪਿਤ ਹੋਏ।

ਭਾਈ ਕਾਨ੍ਹ ਸਿੰਘ ਪੰਜਾਬ ਦੇ ਉਨ੍ਹਾਂ ਚੋਣਵੇਂ ਲੇਖਕਾਂ ਵਿਚੋਂ ਸਨ, ਜੋ ਡਾਇਰੀ ਲਿਖਣ ਦੇ ਵੀ ਨਿਤਨੇਮੀ ਸਨ। ਇਨ੍ਹਾਂ ਡਾਇਰੀਆਂ ਵਿਚੋਂ ਬਹੁਤ ਸਾਰੀ ਇਤਿਹਾਸਿਕ ਤੇ ਪੰਜਾਬ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਸਾਹਮਣੇ ਆਉਂਦੀ ਹੈ। ਪੰਜਾਬ ਦੀਆਂ ਰਿਆਸਤਾਂ ਦੇ ਸੰਬੰਧ ਵਿਚ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਡਾ. ਰਛਪਾਲ ਕੌਰ ਨੇ ਇਨ੍ਹਾਂ ਡਾਇਰੀਆਂ ਨੂੰ ਭਾਈ ਸਾਹਿਬ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਵਿਚ ਸ਼ਾਮਲ ਕੀਤਾ ਸੀ। ਇਨ੍ਹਾਂ ਡਾਇਰੀਆਂ 'ਚ ਪੰਜਾਬ ਦਾ ਉਹ ਅਣਲਿਖਿਆ ਇਤਿਹਾਸ ਹੈ, ਜਿਸਦੇ ਖੁਦ ਭਾਈ ਕਾਨ੍ਹ ਸਿੰਘ ਨਾਭਾ ਸ਼ਾਖਸੀ ਰਹੇ ਹਨ।

ਭਾਈ ਕਾਨ੍ਹ ਸਿੰਘ ਜੀ ਦੇ ਪੜਪੋਤਰੇ ਮੇਜਰ ਆਦਰਸ਼ਪਾਲ ਸਿੰਘ ਅਨੁਸਾਰ, "ਮਿਸਟਰ ਮੈਕਸ ਆਰਥਰ ਮੈਕਾਲਿਫ ਵਰਗੇ ਅੰਗਰੇਜ਼ ਸੱਜਣ ਨੂੰ ਸਿੱਖ ਧਰਮ ਤੇ ਇਤਿਹਾਸ ਤੋਂ ਜਾਣੂ ਕਰਾਕੇ 'ਸਿਖ ਰਿਲੀਜਨ' ਜਿਹਾ ਪੁਸਤਕ ਲਿਖਾਉਣਾ ਆਪ ਜੀ ਦੀ ਸੁਯੋਗਤਾ ਸੀ। ਵਲੈਤ ਲੰਮਾ ਸਮਾਂ ਰਹਿ ਕੇ ਇਸ ਪੁਸਤਕ ਦੇ ਅੰਤਮ ਪਰੂਫ ਪੜ੍ਹਨ ਦੀ ਸੇਵਾ ਵੀ ਆਪ ਨੇ ਨਿਭਾਈ। ਇਸ ਲਗਨ ਤੇ ਪਿਆਰ ਦੇ ਵਸ ਹੋ ਕੇ ਮਿਸਟਰ ਮੈਕਾਲਿਫ ਨੇ ਆਪਣੀ ਪੁਸਤਕ ਦੇ ਸਾਰੇ ਅਧਿਕਾਰ ਭਾਈ ਕਾਨ੍ਹ ਸਿੰਘ ਦੇ ਨਾਮ ਹੀ ਲਿਖ ਦਿੱਤੇ, ਇਹ ਲਿਖਤ ਅਜੇ ਤੱਕ ਸਾਡੇ ਪਰਿਵਾਰ ਪਾਸ (ਵ੍ਰਿਜੇਸ਼ ਭਵਨ ਨਾਭਾ) ਮੌਜੂਦ ਹੈ। ਮਿਸਟਰ ਮੈਕਾਲਿਫ ਨੇ ਲੰਡਨ (ਯੂ.ਕੇ.) 'ਚ ਆਪਣਾ ਮਕਾਨ ਦੇਣ ਦੀ ਵੀ ਪੇਸ਼ਕਸ਼ ਕੀਤੀ ਸੀ, ਪਰ ਭਾਈ ਸਾਹਿਬ ਨੇ ਮਨ੍ਹਾ ਕਰ ਦਿੱਤਾ।"

ਸਰਵਪੱਖੀ ਵਿਦਵਾਨ ਅਤੇ ਸਰਬਾਂਗੀ ਸ਼ਖ਼ਸੀਅਤ ਕਰਕੇ ਸਿੱਖ ਕੌਮ ਵਿਚ 'ਪੰਥ ਰਤਨ', 'ਭਾਈ ਸਾਹਿਬ' ਅਤੇ 'ਸਰਦਾਰ ਬਹਾਦੁਰ' ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ। ਆਪ 23 ਨਵੰਬਰ 1938 ਈ. ਦੇ ਦਿਨ ਨਾਭੇ ਵਿਖੇ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਭਾਈ ਸਾਹਿਬ ਦੀ ਬਹੁਪੱਖੀ ਸ਼ਖ਼ਸੀਅਤ ਦੀ ਵਿਆਖਿਆ ਕਰਦਿਆਂ ਡਾ. ਦੇਵਿੰਦਰ ਸਿੰਘ ਵਿਦਿਆਰਥੀ ਦੱਸਦੇ ਹਨ ਕਿ ਭਾਈ ਸਾਹਿਬ ਇੱਕ ਪ੍ਰਭਾਵ ਪਾਉਣ ਵਾਲੇ ਬੁਲਾਰੇ, ਇੱਕ ਸਫਲ ਲੇਖਕ, ਸੁਜਾਨ ਨੀਤੀਵਾਨ, ਸੁਘੜ ਹਾਕਮ, ਸੁਚੱਜੇ ਉਸਤਾਦ; ਸੂਰਤਵਾਨ ਦਰਬਾਰੀ, ਸੁਲੱਖਣੇ ਗ੍ਰਹਿਸਥੀ, ਸਰਕਾਰੇ ਦਰਬਾਰੇ ਸਨਮਾਨੇ ਜਾਣ ਵਾਲੇ 'ਬਸੀਠ', ਬਹੁਤ ਦੇਸ਼ਾਂ ਵਿਚ ਭਵੇਂ ਯਾਤਰੂ, ਬਹੁਤ ਸਾਰੀਆਂ ਜ਼ੁਬਾਨਾਂ ਦੇ ਜਾਣੂ ਅਤੇ ਬਹੁਤ ਸਾਰੇ ਇਲਮਾਂ ਦੇ ਸਿਆਣੇ ਖੋਜੀ ਬਿਰਤੀ ਵਾਲੇ ਤਬੀਅਤ ਵਿਚ ਉਪਜ ਵਾਲੇ ਚੁਲਬੁਲੇ ਵਿਅੰਗਕਾਰ ਹਰ ਇੱਕ ਦੇ ਦੁਖ-ਸੁਖ ਦੇ ਭਾਈਵਾਲ ਅਤੇ ਖੁੱਲ੍ਹ-ਦਿਲੇ ਇਨਸਾਨ ਸਨ।

# ਮਨੁੱਖੀ ਅਣਗਹਿਲੀਆਂ ਦਾ ਨਤੀਜਾ

ਸੰਜੀਵ ਸਿੰਘ ਸੈਣੀ
ਮੋਹਾਲੀ,
78889-66168
ਪੰਜਾਬ ਮੇਲ USA



ਪਿਛਲੇ ਤਕਰੀਬਨ ਡੇਢ ਮਹੀਨੇ ਤੋਂ ਭਾਰੀ ਬਾਰਿਸ਼ ਨੇ ਸਿਰਫ਼ ਉੱਤਰਾਖੰਡ ਵਿਚ ਹੀ ਨਹੀਂ, ਸਗੋਂ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਵਿਚ ਭਾਰੀ ਤਬਾਹੀ ਮਚਾਈ। ਬੱਦਲ ਫਟਣ ਦੀਆਂ ਘਟਨਾਵਾਂ ਨਾਲ ਵੀ ਭਾਰੀ ਨੁਕਸਾਨ ਹੋਇਆ ਹੈ। ਉੱਤਰ ਕਾਸ਼ੀ ਵਿਖੇ ਭਾਗੀਰਥੀ ਨਦੀ ਦੇ ਕੰਡੇ ਵਸੇ ਧਰਾਲੀ ਪਿੰਡ ਦਾ ਇੱਕ ਹਿੱਸਾ ਹੜ੍ਹਾਂ ਵਿਚ ਵਹਿ ਗਿਆ। ਪੰਜਾਬ ਦੇ ਦਰਿਆਵਾਂ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਹੜ੍ਹਾਂ ਕਾਰਨ ਬਹੁਤ ਤਬਾਹੀ ਹੋਈ ਹੈ। ਅੱਧ ਭਾਦੋਂ ਨਿਕਲ ਗਿਆ, ਫਿਰ ਵੀ ਬਾਰਿਸ਼ਾਂ ਰੁੱਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਤਕਰੀਬਨ ਮਈ ਮਹੀਨੇ ਤੋਂ ਇਹ ਬਾਰਿਸ਼ਾਂ ਦਾ ਸਿਲਸਿਲਾ ਚੱਲ ਰਿਹਾ ਹੈ। ਸਤਲੁਜ, ਬਿਆਸ, ਰਾਵੀ ਪੰਜਾਬ ਵਿਚ ਵੱਗਣ ਵਾਲੇ ਦਰਿਆਵਾਂ ਨੇ ਬਰਬਾਦੀ ਕਰਕੇ ਰੱਖ ਦਿੱਤੀ ਹੈ। ਸੂਬੇ ਅੰਦਰ ਸੜਕਾਂ, ਪੂਲਾਂ, ਲੋਕਾਂ ਦੇ ਘਰਾਂ, ਫਸਲਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਕਈ ਦਹਾਕਿਆਂ ਤੋਂ ਪੰਜਾਬ ਨੂੰ ਵੀ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਸੰਨ 1988 ਵਿਚ ਜੋ ਹੜ੍ਹਾਂ ਨਾਲ ਪੰਜਾਬ ਵਿਚ ਨੁਕਸਾਨ ਹੋਇਆ ਲੋਕਾਂ ਨੂੰ ਨਹੀਂ ਭੁੱਲਿਆ ਹੈ। ਉਨ੍ਹਾਂ ਵੇਲੇ ਵੀ ਜਾਨ-ਮਾਲ ਦਾ ਬਹੁਤ ਨੁਕਸਾਨ ਹੋਇਆ ਸੀ। ਇਸੇ ਤਰ੍ਹਾਂ ਫ਼ਿਰ ਸਾਲ 2010, 2013, 2019 ਵਿਚ ਵੀ ਕਈ ਪੰਜਾਬ ਦੇ ਜ਼ਿਲ੍ਹੇ ਪ੍ਰਭਾਵਿਤ ਹੋਏ। ਹਜ਼ਾਰਾਂ ਏਕੜ ਫਸਲ ਪ੍ਰਭਾਵਿਤ ਹੋਈ। ਫਿਰ 2023 ਵਿਚ ਪੁਆਧ ਏਰੀਆ ਹੜ੍ਹਾਂ ਦੀ ਮਾਰ ਹੇਠ ਆ ਗਿਆ। ਖ਼ਾਸ ਕਰ ਪਟਿਆਲਾ, ਮੋਹਾਲੀ ਵਰਗੇ ਜ਼ਿਲ੍ਹਿਆਂ ਦਾ ਭਾਰੀ ਨੁਕਸਾਨ ਹੋਇਆ। ਅਸਮਾਨ ਨੂੰ ਛੂਹਣ ਵਾਲੀ ਇਮਾਰਤਾਂ ਪੁਆਧ ਖੇਤਰ ਵਿਚ ਉਸਾਰ ਦਿੱਤੀ ਗਈਆਂ। ਚੋਆ, ਨਦੀਆਂ, ਨਾਲਿਆਂ ਨੂੰ ਬੰਦ ਕਰਕੇ ਵੱਡੇ-ਵੱਡੇ ਫਲੈਟ ਬਣਾ ਦਿੱਤੇ ਗਏ। ਕੁਦਰਤ ਦਾ ਤਾਂ ਡਰ ਹੀ ਨਹੀਂ ਰਿਹਾ। ਅੱਜ ਫਿਰ ਇਹ ਤਬਾਹੀ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਵਸਨੀਕ ਦੇਖ ਰਹੇ ਹਨ। ਡੈਮਾਂ ਤੋਂ ਲਗਾਤਾਰ ਛੱਡਿਆ ਜਾ ਰਿਹਾ ਪਾਣੀ ਨਵੇਂ-ਨਵੇਂ ਖੇਤਰਾਂ ਨੂੰ ਆਪਣੀ ਲਪੇਟ ਵਿਚ ਲੈ ਰਹੇ ਹਨ। ਮਾਧੋਪੁਰ ਵਿਚ ਰਾਵੀ ਤੇ ਬਣੇ ਹੈੱਡਵਰਕਸ ਦੇ ਗੇਟ ਟੁੱਟ ਚੁੱਕੇ ਹਨ, ਜਿਸ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ ਕਈ ਇਲਾਕੇ ਹੜ੍ਹਾਂ ਦੀ ਮਾਰ ਹੇਠ ਆ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਵਿਚ ਵੀ ਬਹੁਤ ਪਿੰਡ ਪ੍ਰਭਾਵਿਤ ਹੋਏ ਹਨ। ਮਰਨ ਵਾਲਿਆਂ ਦੀ ਗਿਣਤੀ 20 ਤੋਂ ਵੱਧ ਹੋ ਚੁੱਕੀ ਹੈ।

ਅੱਜ ਵਾਤਾਵਰਨ ਨੂੰ ਤਹਿਸ-ਨਹਿਸ ਕਰਨ ਵਿਚ ਅਸੀਂ ਕੋਈ ਕਸਰ ਨਹੀਂ ਛੱਡੀ ਹੈ। ਵਾਤਾਵਰਣ ਨੂੰ ਨਜ਼ਰਅੰਦਾਜ਼ ਕਰਦੇ ਹੋਏ ਵਿਕਾਸ ਦੀ ਕੀਮਤ ਆਖ਼ਰ ਕਿਸ ਨੂੰ ਚੁਕਾਉਣੀ ਪਵੇਗੀ? ਪੈਸੇ ਦੀ ਹੋੜ ਲੱਗੀ ਹੋਈ ਹੈ। ਪਹਾੜੀ ਖੇਤਰਾਂ ਨੂੰ ਲਗਾਤਾਰ ਕੱਟ ਕੇ ਬਹੁ ਮੰਜ਼ਿਲਾਂ ਇਮਾਰਤਾਂ ਦਾ ਨਿਰਮਾਣ ਹੋ ਰਿਹਾ ਹੈ। ਪਿੱਛੇ ਜਿਹੇ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ, ਉੱਤਰਕਾਸ਼ੀ ਵਿਚ ਕਈ ਮਕਾਨਾਂ ਵਿਚ ਤਰੇੜਾਂ ਦੀਆਂ ਖਬਰਾਂ ਪੜ੍ਹੀਆਂ। ਪਹਾੜੀ ਖੇਤਰਾਂ ਨੂੰ ਕੱਟ ਕੇ, ਰੁੱਖਾਂ ਦਾ ਵਿਨਾਸ਼ ਕਰਕੇ ਵਿਕਾਸ ਕਰਨਾ ਗਲਤ ਧਾਰਨਾ ਹੈ। ਅੱਜ ਕੁਦਰਤ ਪੰਜਾਬੀਆਂ ਦਾ ਲਗਾਤਾਰ ਇਮਤਿਹਾਨ ਲੈ ਰਹੀ ਹੈ। ਇਨ੍ਹਾਂ ਹੜ੍ਹਾਂ ਕਾਰਨ ਸਮਾਜ ਦੇ ਹਰ ਵਰਗ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਪਸ਼ੂ ਹੜ੍ਹਾਂ ਵਿਚ ਰੁੜ ਚੁੱਕੇ ਹਨ। ਸਾਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਰਾਹਤ ਕਾਰਜਾਂ ਵਿਚ ਜੁੱਟੀਆਂ ਹੋਈਆਂ ਹਨ। ਪ੍ਰਸ਼ਾਸਨਿਕ ਅਧਿਕਾਰੀ ਦਿਨ-ਰਾਤ ਪਾਣੀ ਵਿਚ ਖੜ੍ਹੇ ਹਨ। ਅੰਮ੍ਰਿਤਸਰ ਦੇ ਡੀ.ਸੀ. ਸ਼੍ਰੀਮਤੀ ਸਾਕਸ਼ੀ ਸਾਹਨੀ ਹੜ੍ਹ ਪੀੜਤਾਂ ਦੀ ਸੰਭਵ ਮਦਦ ਕਰ ਰਹੇ ਹਨ। ਸੂਬੇ ਵਿਚ ਫਸਲਾਂ ਜਿਵੇਂ ਮੱਕੀ, ਝੋਨੇ ਦਾ ਬਹੁਤ ਨੁਕਸਾਨ ਹੋਇਆ ਹੈ। ਪਸ਼ੂਆਂ ਦਾ ਚਾਰਾ ਖਤਮ ਹੋ ਚੁੱਕਿਆ ਹੈਕਈ ਸੈਂਕੜੇ ਪਸ਼ੂ ਪਾਣੀ ਵਿਚ ਰੁੜ ਚੁੱਕੇ ਹਨ। ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਰਾਹਤ ਕੰਮਾਂ ਵਿਚ ਪੂਰਾ ਯੋਗਦਾਨ ਪਾਇਆ ਜਾ ਰਿਹਾ ਹੈ। ਗੁਆਂਢੀ ਸੂਬਿਆਂ ਤੋਂ ਵੀ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ। ਪੰਜਾਬੀਆਂ ਦੀ ਇੱਕ ਖ਼ਾਸੀਅਤ ਹੈ ਕਿ ਜਦੋਂ ਵੀ ਕਿਸੇ ਸੂਬੇ ਜਾਂ ਬਾਹਰ ਕਿਥੇ ਵੀ ਕੋਈ ਅਜਿਹੀ ਮੁਸੀਬਤ ਖੜ੍ਹੀ ਹੁੰਦੀ ਹੈ, ਤਾਂ ਸਭ ਤੋਂ ਪਹਿਲਾਂ ਮਦਦ ਲਈ ਪੁੱਜ ਜਾਂਦੇ ਹਨ। ਪੰਜਾਬੀਆਂ ਦੇ ਹੌਂਸਲੇ ਬਹੁਤ ਜ਼ਿਆਦਾ ਹਨ।

ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਕਈ ਜ਼ਿਲ੍ਹੇ ਗੁਰਦਾਸਪੁਰ, ਫਿਰੋਜ਼ਪੁਰ, ਤਰਨਤਾਰਨ ਆਦਿ ਹੜ੍ਹਾਂ ਨਾਲ ਪ੍ਰਭਾਵਿਤ ਹੋ ਰਹੇ ਹਨ। ਸੋਚ ਵਿਚਾਰ ਕਰਨ ਵਾਲੀ ਗੱਲ ਹੈ ਕਿ ਇਸ ਲਈ ਕੁਦਰਤ ਹੀ ਜ਼ਿੰਮੇਵਾਰ ਹੈ? ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਨਦੀਆਂ, ਨਾਲਿਆਂ ਦੀ ਸਫਾਈ ਕਿਉਂ ਨਹੀਂ ਕਰਵਾਈ ਜਾਂਦੀ। ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਡਰੇਨ ਸਿਸਟਮ ਸਾਫ ਕਰ ਲੈਣਾ ਚਾਹੀਦਾ ਹੈ। ਨਾਜਾਇਜ਼ ਮਾਈਨਿੰਗ ਤੇ ਹਰੇ-ਭਰੇ ਰੁੱਖਾਂ ਦੀ ਕਟਾਈ ਰੁੱਕਣ ਦਾ ਨਾਂ ਨਹੀਂ ਲੈ ਰਹੀ ਹੈ। ਦੋ ਕੁ ਸਾਲ ਪਹਿਲਾਂ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਤੇ ਉੱਤਰਕਾਸ਼ੀ ਦੇ ਕਈ ਮਕਾਨਾਂ ਵਿਚ ਤਰੇੜਾਂ ਆਉਣ ਦੀਆਂ ਖਬਰਾਂ ਸੁਣੀਆਂ ਸਨ। ਉੱਤਰਾਖੰਡ ’ਚ 2012 ਜੋ ਹੜ੍ਹਾਂ ਕਾਰਨ ਨੁਕਸਾਨ ਹੋਇਆ ਸੀ, ਪਾਣੀ ਵਿਚ ਗੱਡੀਆਂ ਰੂੜੀਆਂ ਸਨ, ਉਹ ਦਿਲ ਕੰਬਾਉਣ ਵਾਲੀ ਵੀਡੀਓਜ਼ ਅੱਜ ਵੀ ਰੌਂਗਟੇ ਖੜ੍ਹੇ ਕਰ ਦਿੰਦੀ ਹੈ। ਅਸੀਂ ਫਿਰ ਵੀ ਸਬਕ ਨਹੀਂ ਲਿਆ। ਅੱਜ ਪੰਜਾਬ ਵਿਚ ਸਤਲੁਜ, ਬਿਆਸ, ਰਾਵੀ ਦਰਿਆ ਤਬਾਹੀ ਮਚਾ ਰਹੇ ਹਨ। ਡੈਮਾਂ ਤੋਂ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ। ਲੋਕਾਂ ਨੂੰ ਰਾਹਤ ਕੈਂਪਾਂ ਵਿਚ ਰੱਖਣ ਦਾ ਪ੍ਰਸ਼ਾਸਨ ਪ੍ਰਬੰਧ ਕਰ ਰਿਹਾ ਹੈ। ਜੇਕਰ ਮਨੁੱਖ ਹਾਲੇ ਵੀ ਨਹੀਂ ਸੰਭਲਿਆ, ਤਾਂ ਕੁਦਰਤ ਭਵਿੱਖ ਵਿਚ ਹੋਰ ਵੀ ਭਿਆਨਕ ਰੁਖ਼ ਅਖ਼ਤਿਆਰ ਕਰ ਸਕਦੀ ਹੈ।

ਹਾਲ ਹੀ ਵਿਚ ਕੇਂਦਰ ਸਰਕਾਰ ਵੱਲੋਂ ਪੰਜਾਬ ਹਿਮਾਚਲ, ਉੱਤਰਾਖੰਡ, ਸਮੇਤ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰੀ ਟੀਮਾਂ ਦਾ ਗਠਨ ਕੀਤਾ ਹੈ। ਸੂਬੇ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਨੇ ਪ੍ਰਧਾਨ ਮੰਤਰੀ ਮੋਦੀ ਜੀ ਨੂੰ ਪੱਤਰ ਲਿਖ ਕੇ ਕੇਂਦਰ ਵੱਲੋਂ ਪੰਜਾਬ ਦੇ ਰੋਕੇ ਗਏ ਫੰਡਾ ਦਾ ਜ਼ਿਕਰ ਕੀਤਾ ਹੈ। ਕੇਂਦਰ ਸਰਕਾਰ ਨੂੰ ਸੂਬਿਆਂ ਵਿਚ ਹੋਏ ਨੁਕਸਾਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਜੀ ਨੂੰ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦਾ ਹੌਂਸਲਾ ਬਣਾਈ ਰੱਖਣ ਲਈ ਲੋਕਾਂ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਉਨ੍ਹਾਂ ਨਾਲ ਹੈ ਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰੇਗੀ। ਕਈ ਤਾਂ ਅਜਿਹੇ ਸੈਂਕੜੇ ਪਰਿਵਾਰ ਹਨ, ਜਿਨ੍ਹਾਂ ਦਾ ਸਾਰਾ ਕੁਝ ਰੁੜ ਚੁੱਕਿਆ ਹੈ। ਸਭ ਕੁਝ ਉਨ੍ਹਾਂ ਦਾ ਉੱਜੜ ਗਿਆ ਹੈ। ਜਿੰਨਾਂ ਵੀ ਸਾਡੇ ਕੋਲ ਹੈ, ਸਾਨੂੰ ਹੜ੍ਹ ਪੀੜਤ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਸਾਰੇ ਹੀ ਆਪਣੇ ਭੈਣ ਭਰਾ ਹਨ। ਨਾ ਮਾਲਕ ਕਿਸੇ ’ਤੇ ਅਜਿਹਾ ਮਾੜਾ ਸਮਾਂ ਲਿਆਏ ਕਿ ਉਸਨੂੰ ਇਹ ਦਿਨ ਵੀ ਦੇਖਣੇ ਪੈਣ।



# ਪਾਧਾ ਗੁਰਮੁਖਿ ਆਖੀਐ

## ਅਧਿਆਪਕ ਦਿਵਸ ’ਤੇ ਵਿਸ਼ੇਸ਼

ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲ USA





ਪ੍ਰਸਿੱਧ ਦਾਰਸ਼ਨੀਕ ਅਰਸਤੂ ਦੇ ਵਿਚਾਰਾਂ ਤੋਂ ਗੱਲ ਸ਼ੁਰੂ ਕਰਦੇ ਹਾਂ। ਉਹ ਲਿਖਦੇ ਹਨ ‘ਜਨਮ ਦੇਣ ਵਾਲੇ ਨਾਲੋਂ, ਚੰਗੀ ਸਿੱਖਿਆ ਦੇਣ ਵਾਲੇ ਨੂੰ ਜ਼ਿਆਦਾ ਸਨਮਾਨ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਨੇ ਤਾਂ ਕੇਵਲ ਜਨਮ ਦਿੱਤਾ ਹੈ, ਪਰ ਦੂਜੇ ਨੇ ਜਿਊਣਾ ਸਿਖਾਇਆ ਹੈ।’

ਜਪਾਨ ਦੀ ਮਸ਼ਹੂਰ ਕਹਾਵਤ ਹੈ ਕਿ, ‘ਮਹਾਨ ਅਧਿਆਪਕ ਦੇ ਚਰਨਾਂ ਵਿਚ ਗੁਜ਼ਾਰਿਆ ਇੱਕ ਦਿਨ ਪੋਥੀਆਂ ਪੜ੍ਹਨ ਵਿਚ ਗੁਜ਼ਾਰੇ ਹਜ਼ਾਰਾਂ ਦਿਨਾਂ ਨਾਲੋਂ ਕਿਤੇ ਬਿਹਤਰ ਹੈ।’ ਸੰਸਾਰ ਪੱਧਰ ’ਤੇ ਵਿਸ਼ਵ ਅਧਿਆਪਕ ਦਿਵਸ 5 ਅਕਤੂਬਰ 1994 ਤੋਂ ਮਨਾਇਆ ਜਾ ਰਿਹਾ ਹੈ, ਜਿਸ ਵਿਚ ਯੂਨੈਸਕੋ ਅਤੇ ਅੰਤਰਰਾਸ਼ਟਰੀ ਕਿਰਤ ਸੰਗਠਨ ਵੱਲੋਂ ਸਾਲ 1966 ਵਿਚ ਕੀਤੀ ਗਈ ਇੱਕ ਸਾਂਝੀ ਇਕੱਤਰਾ (ਜਿਸ ਵਿਚ ਅਧਿਆਪਕਾਂ ਦੀ ਸਥਿਤੀ ਬਾਰੇ ਚਰਚਾ ਹੋਈ ਸੀ) ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਕੁੱਝ ਹੋਰਾਂ ਦੇਸ਼ਾਂ ਵਿਚ ਇਸ ਦਿਵਸ ਨੂੰ ਮਨਾਉਣ ਦੀਆਂ ਤਰੀਕਾਂ ਵੱਖੋ-ਵੱਖ ਹਨ। ਕੁੱਝ ਦੇਸ਼ਾਂ ਵਿਚ ਉਸ ਦਿਨ ਦੀ ਛੁੱਟੀ ਹੁੰਦੀ ਹੈ, ਜਦੋਂ ਕਿ ਕੁੱਝ ਦੇਸ਼ ਇਸ ਦਿਨ ਨੂੰ ਕੰਮ-ਕਾਜ ਕਰਦੇ ਹੋਏ ਮਨਾਉਂਦੇ ਹਨ। ਭਾਰਤ ਵਿਚ ਇਹ ਦਿਵਸ 5 ਸਤੰਬਰ ਨੂੰ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਸੰਨ 1962 ਤੋਂ ਹੋਈ, ਜਦੋਂ ਸਾਲ 1962 ਵਿਚ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਭਾਰਤ ਦੇਸ਼ ਦੇ ਰਾਸ਼ਟਰਪਤੀ ਬਣੇ, ਤਾਂ ਉਨ੍ਹਾਂ ਦੇ ਕੁੱਝ ਵਿਦਿਆਰਥੀਆਂ ਅਤੇ ਦੋਸਤਾਂ ਨੇ ਸਾਂਝੇ ਤੌਰ ’ਤੇ 5 ਸਤੰਬਰ ਨੂੰ ਉਨ੍ਹਾਂ ਦਾ ਜਨਮ ਦਿਨ ਮਨਾਉਣ ਦੀ ਇੱਛਾ ਜ਼ਾਹਰ ਕੀਤੀ, ਤਾਂ ਡਾ. ਸਾਹਿਬ ਨੇ ਵਿਚਾਰ ਦਿੱਤਾ ਕਿ ਕਿਉਂ ਨਾ ਇਹ ਦਿਨ ਅਧਿਆਪਕਾਂ ਨੂੰ ਸਮਰਪਿਤ ਕੀਤਾ ਜਾਵੇ। ਕਿਉਂਕਿ ਬਤੌਰ ਅਧਿਆਪਕ ਡਾ. ਸਾਹਿਬ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਸਨ ਅਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਆਪਣੇ ਅਧਿਆਪਨ ਦੇ ਖੇਤਰ ਪ੍ਰਤੀ ਅਥਾਹ ਪਿਆਰ ਪ੍ਰਗਟ ਕੀਤਾ। ਫਿਰ ਸੰਨ 1967 ਤੋਂ ਹਰ ਸਾਲ 5 ਸਤੰਬਰ ਨੂੰ ਭਾਰਤ ਵਿਚ ਇਹ ਦਿਨ ‘ਅਧਿਆਪਕ ਦਿਵਸ’ ਵਜੋਂ ਪ੍ਰਵਾਨ ਕੀਤਾ ਗਿਆ। ਇਸ ਦਿਨ ਅਧਿਆਪਨ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਂਦਾ ਹੈ।

ਜਨਮ ਤੋਂ ਬਾਅਦ ਬੱਚੇ ਦਾ ਪਹਿਲਾ ਸਕੂਲ ਉਸਦਾ ਘਰ ਅਤੇ ਫਿਰ ਅਧਿਆਪਕ ਦੇ ਤੌਰ ’ਤੇ ਮਾਤਾ/ਪਿਤਾ ਦਾ ਨਾਂ ਆਉਂਦਾ ਹੈ। ਜਿੱਥੋਂ ਉਸਦੀ ਜ਼ਿੰਦਗੀ ਦਾ ਪਹੀਆ ਰਿੜਨਾ ਸ਼ੁਰੂ ਹੁੰਦਾ ਹੈ, ਪਰ ਇਸ ਪਹੀਏ ਨੂੰ ਸਹੀ ਦਿਸ਼ਾ ਨਿਰਦੇਸ਼ ਦੇ ਕੇ, ਸਹੀ ਰਸਤੇ ’ਤੇ ਲਿਜਾਉਣ ਦੇ ਅਹਿਮ ਕਾਰਜ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਸਕੂਲ ਵਿਚ ਦਾਖਲੇ ਤੋਂ ਬਾਅਦ ਬੱਚੇ ਦੇ ਅਧਿਆਪਕ ਦੀ। ਅਕਸਰ ਮਾਤਾ/ਪਿਤਾ ਵੱਲੋਂ ਬੱਚਿਆਂ ਦੇ ਅਧਿਆਪਕਾਂ ਨੂੰ ਇਹ ਕਹਿੰਦੇ ਸੁਣੀਂਦਾ ਹੈ ਕਿ ਤੁਸੀਂ ਜੇਕਰ ਕੁੱਝ ਕਹੋਗੇ, ਤਾਂ ਬੱਚਾ ਬਹੁਤ ਜਲਦੀ ਮਨ ਜਾਵੇਗਾ। ਕਿਉਂਕਿ ਬੱਚੇ ਅਧਿਆਪਕ ਦੀ ਗੱਲ ਨੂੰ ਪਹਿਲ ਦਿੰਦੇ ਹਨ। ਚੰਗੀ ਗੱਲ ਵੀ ਹੈ।

ਇੱਕ ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ਪੜ੍ਹਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਨ੍ਹਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿਚ ਖੜ੍ਹਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜਿੰਦਗੀ ਵਿਚਲੇ ਅਹਿਮ ਰਿਸ਼ਤਿਆਂ ਵਿਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ-ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਇਸ ਦੇ ਨਾਲ ਹੀ ਅਧਿਆਪਕ ਦੁਨਿਆਵੀ ਵਿਦਿਆ ਦੇ ਨਾਲ-ਨਾਲ ਬੱਚਿਆਂ ਨੂੰ ਕਾਦਰ ਅਤੇ ਕੁਦਰਤ ਦੀ ਭੂਮਿਕਾ ਬਾਰੇ ਵੀ ਜ਼ਰੂਰ ਦੱਸੇ, ਭਾਵ ਵਿਦਿਆਰਥੀਆਂ ਨੂੰ ਪ੍ਰਮਾਤਮਾ ਨਾਲ ਜੋੜਨ ਦਾ ਵੀ ਜਤਨ ਕਰੇ। ਜਿਵੇਂ ਗੁਰਬਾਣੀ ਅੰਦਰ ਗੁਰੂ ਨਾਨਕ ਪਾਤਸ਼ਾਹ ਦਾ ਫ਼ੁਰਮਾਣ ਹੈ, ‘ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥’ ਭਾਵ: ਉਹ ਪਾਂਧਾ ਗੁਰਮੁਖਿ ਆਖਣਾ ਚਾਹੀਦਾ ਹੈ, ਜੋ ਆਪਣੇ ਸ਼ਾਗਿਰਦਾਂ ਨੂੰ ਇਹ ਸਿੱਖਿਆ ਦਿੰਦਾ ਹੈ ਕਿ ਹੇ ਵਿਦਿਆਰਥੀਓ ਪ੍ਰਭੂ ਦਾ ਨਾਮ ਜਪੋ ਅਤੇ ਨਾਮ ਧਨ ਇਕੱਠਾ ਕਰੋ।

ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾਂ, ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ। ਮੈਨੂੰ ਯਾਦ ਹੈ ਕਿ ਕਾਲਜ ਵਿਚ ਪੜ੍ਹਦਿਆਂ ਮੇਰੇ ਸਤਿਕਾਰਯੋਗ ਅਧਿਆਪਕ ਅਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਜੀ ਨੇ ਮੇਰੀ ਪਹਿਲੀ ਲਿਖਤ ਨੂੰ ਬਹੁਤ ਸਲਾਹਿਆ ਸੀ ਅਤੇ ਜਦ ਮੈਂ ਪਹਿਲੀ ਵਾਰ ਸਟੇਜ ’ਤੇ ਜਾ ਕੇ ਬੋਲਿਆ, ਤਾਂ ਉਸ ਵੇਲੇ ਵੀ ਉਨ੍ਹਾਂ ਮੈਨੂੰ ਬਹੁਤ ਉਤਸ਼ਾਹਤ ਕੀਤਾ ਕਿ ਅੱਜ ਜਿੱਥੇ ਮੈਂ ਬਤੌਰ ਲੇਖਕ ਆਪਣੀ ਪਹਿਚਾਣ ਬਨਾਉਣ ਵਿਚ ਸਫਲ ਹੋਇਆ ਹਾਂ, ਉੱਥੇ ਐਂਕਰ ਵਜੋਂ ਮੈਂ ਟੀ.ਵੀ. ਚੈਨਲ ਅਤੇ ਰੇਡੀਉ ਲਈ ਕੰਮ ਕਰ ਰਿਹਾ ਹਾਂ। ਅਧਿਆਪਕ ਵੱਲੋਂ ਉਤਸ਼ਾਹਤ ਵਿਦਿਆਰਥੀ ਜ਼ਿੰਦਗੀ ਵਿਚ ਕਾਮਯਾਬ ਜ਼ਰੂਰ ਹੁੰਦਾ ਹੈ, ਬਸ਼ਰਤੇ ਉਹ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਦਾ ਰਹੇ।

ਮੌਜੂਦਾ ਦੌਰ ਵਿਚ ਸਾਡੇ ਵਿੱਦਿਅਕ ਢਾਂਚੇ ਵਿਚ ਵੱਡੇ ਬਦਲਾਅ ਆਏ ਹਨ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਕਿਤੇ ਨਾ ਕਿਤੇ ਟੁੱਟਦਾ ਨਜ਼ਰ ਆ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਖਾਮੀਆਂ ਸਾਹਮਣੇ ਆ ਰਹੀਆਂ ਹਨ। ਇਹ ਸਭ ਕੁੱਝ ਉਦੋਂ ਵਾਪਰਿਆ, ਜਦੋਂ ਅਧਿਆਪਕਾਂ ਨੇ ਇਸ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਉਹ ਆਪਣੇ ਵਿਦਿਆਰਥੀ ਨੂੰ ਆਪਣੇ ਗ੍ਰਾਹਕ ਵਜੋਂ ਦੇਖਣ ਲੱਗ ਪਏ। ਗੁਰਬਾਣੀ ਅੰਦਰ ਇੱਕ ਥਾਈਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਬਚਨ ਹੈ ਕਿ, ‘ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ। ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥’ ਭਗਤ ਕਬੀਰ ਜੀ ਦਾ ਸ਼ਬਦ ‘ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥’ ਅਜੋਕੇ ਦੌਰ ਵਿਚ ਪੂਰੀ ਤਰ੍ਹਾਂ ਢੁੱਕਵੇਂ ਲੱਗਦੇ ਹਨ, ਜਦੋਂ ਹਰ ਪਾਸੇ ਵਿਦਿਆ ਦਾ ਵਾਪਾਰ ਹੁੰਦਾ ਦਿੱਸਦਾ ਹੈ। ਸ਼ਾਇਦ ਇਹ ਵੀ ਇੱਕ ਕਾਰਣ ਹੈ ਕਿ ਵਿਦਿਆਰਥੀ ਮਨਾਂ ਅੰਦਰ ਅਧਿਆਪਕ ਪ੍ਰਤੀ ਸ਼ਰਧਾ, ਸਤਿਕਾਰ ਖ਼ਤਮ ਹੋ ਚੁੱਕਿਆ ਹੈ। ਜਦਕਿ ਵਿਦਿਆਰਥੀ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹਨ ਕਿਉਂ ਜੁ ਉਹ ਆਪਣੀ ਨਿੱਜਤਾ ਨੂੰ ਅਧਿਆਪਕ ਉੱਪਰ ਠੋਸਣਾ ਚਾਹੁੰਦੇ ਹਨ, ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬੱਚੇ ਘਰ ਵਿਚ ਆਪਣੇ ਮਾਤਾ-ਪਿਤਾ ਨਾਲ ਕਰਦੇ ਹਨ।

ਜੋ ਵੀ ਹੋਵੇ, ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ, ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ, ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀਆ ਜ਼ਿੰਦਗੀ ਵਿਚ ਕਾਮਯਾਬੀ ਹਾਸਲ ਕਰ ਸਕੇ। ਕਿਉਂਕਿ ਇਨ੍ਹਾਂ ਵਿਦਿਆਰਥੀਆਂ ਨੇ ਹੀ ਅੱਗੇ ਜਾ ਕੇ ਦੇਸ਼ ਦਾ ਭਵਿੱਖ ਬਣਨਾ ਹੁੰਦਾ ਹੈ ਅਤੇ ਦੇਸ਼ ਦੇ ਭਵਿੱਖ ਨੂੰ ਵਧੀਆ ਬਣਾਉਣ ਵਾਲੇ ਭਵਿੱਖ ਘਾੜੇ ਅਧਿਆਪਕ ਦੀ ਸਭ ਤੋਂ ਮਹੱਤਵਪੂਰਨ ਜ਼ਿੰਮੇਵਾਰੀ ਹੈ। ਇਸ ਲਈ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿਚ ਸਤਿਕਾਰ ਦੀ ਭਾਵਨਾ ਅਤੇ ਆਪਣੇ ਫ਼ਰਜ਼ ਪ੍ਰਤੀ ਚੇਤੰਨਤਾ ਬੇਅੰਤ ਜ਼ਰੂਰੀ ਹੈ। ਉਸਦੇ ਨਾਲ ਹੀ ਮਾਪਿਆਂ ਨੂੰ ਵੀ ਅਧਿਆਪਕ ਪ੍ਰਤੀ ਆਪਣੀ ਡਿਊਟੀ ਸਹੀ ਢੰਗ ਨਾਲ ਸਮਝਣੀ ਚਾਹੀਦੀ ਹੈ।

# 1993 ਵਿਚ ਮੈਂ ਵੀ ਰੁੜ੍ਹ ਚੱਲਿਆ ਸੀ ਹੜ੍ਹ ਦੇ ਪਾਣੀ ਵਿਚ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਇਸ ਵੇਲੇ ਲਗਭਗ ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ। ਪਟਿਆਲਾ, ਸੰਗਰੂਰ, ਮਾਨਸਾ ਅਤੇ ਹਰਿਆਣੇ ਦੇ ਸਿਰਸਾ ਆਦਿ ਜ਼ਿਲ੍ਹਿਆਂ ਲਈ ਸਰਾਪ ਬਣ ਚੁੱਕੇ ਘੱਗਰ ਦਾ ਪਾਣੀ ਵੀ ਲਗਾਤਾਰ ਵਧ ਰਿਹਾ ਹੈ। ਕਿਸੇ ਵੇਲੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਖੁਸ਼ਕ ਇਲਾਕੇ ਦੀ ਜੀਵਨ ਰੇਖਾ ਸਮਝਿਆ ਜਾਣ ਵਾਲਾ ਘੱਗਰ ਅੱਜ ਲੋਕਾਂ ਦੀ ਜਾਨ ਦਾ ਖੌਅ ਬਣ ਚੁੱਕਾ ਹੈ। ਬਰਸਾਤਾਂ ਦੌਰਾਨ ਇਸ ਵਿਚ ਹੜ੍ਹ ਆ ਜਾਂਦਾ ਹੈ ਤੇ ਖੁਸ਼ਕ ਮੌਸਮ ਵਿਚ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਵੱਗਦਾ ਹੈ, ਜੋ ਘਾਤਕ ਬਿਮਾਰੀਆਂ ਫੈਲਾਉਂਦਾ ਹੈ। ਬਰਸਾਤੀ ਨਦੀ ਘੱਗਰ ਦਾ ਉਦਗਮ 6322 ਫੁੱਟ ਦੀ ਉਚਾਈ 'ਤੇ ਡਗਸ਼ਈ (ਹਿਮਾਚਲ) ਦੀਆਂ ਪਹਾੜੀਆਂ ਵਿਚ ਹੁੰਦਾ ਹੈ ਤੇ ਇਹ ਪੰਜਾਬ ਤੇ ਹਰਿਆਣਾ ਵਿਚ ਵਗਦਾ ਹੋਇਆ ਰਾਜਸਥਾਨ ਦੇ ਰੇਤੀਥਲਿਆਂ ਵਿਚ ਅਲੋਪ ਹੋ ਜਾਂਦਾ ਹੈ। ਕੌਸ਼ਲਿਆ, ਮਾਰਕੰਡਾ, ਸਰਸੁਤੀ ਅਤੇ ਟਾਂਗਰੀ ਇਸ ਦੀਆਂ ਸਹਾਇਕ ਨਦੀਆਂ ਹਨ। ਇਸ 'ਤੇ ਹਰਿਆਣੇ ਵਿਚ ਕੌਸ਼ਲਿਆ (ਪਿੰਜੌਰ) ਅਤੇ ਉਟੂ (ਸਿਰਸਾ) ਡੈਮ ਬਣੇ ਹੋਏ ਹਨ। ਇਸ ਦੇ ਕੰਢੇ ਮਜ਼ਬੂਤ ਕਰਨ ਲਈ ਖਨੌਰੀ ਤੋਂ ਲੈ ਕੇ ਮਕਰੌੜ ਸਾਹਿਬ ਪਿੰਡ ਤੱਕ ਸਰਕਾਰੀ ਤੌਰ 'ਤੇ ਬੰਨ੍ਹ ਬਣਾਏ ਗਏ ਸਨ, ਜੋ ਇਲਾਕੇ ਦਾ ਤਾਂ ਕੁਝ ਵੀ ਨਹੀਂ ਸੰਵਾਰ ਸਕੇ ਪਰ ਕਈ ਨੇਤਾ ਅਤੇ ਅਫਸਰ ਜ਼ਰੂਰ ਕਰੋੜਪਤੀ ਬਣ ਗਏ ਸਨ।

ਅਜ਼ਾਦੀ ਤੋਂ ਪਹਿਲਾਂ ਜਦੋਂ ਪੰਜਾਬ ਵਿਚ ਝੋਨੇ ਦਾ ਰਿਵਾਜ਼ ਨਹੀਂ ਸੀ, ਤਾਂ ਲੋਕ ਘੱਗਰ ਦੇ ਹੜ੍ਹਾਂ ਨੂੰ ਉਡੀਕਦੇ ਰਹਿੰਦੇ ਸਨ, ਕਿਉਂਕਿ ਗਰਮੀਆਂ ਵਿਚ ਜ਼ਮੀਨਾਂ ਖਾਲੀ ਹੁੰਦੀਆਂ ਸਨ। ਜਿੱਥੇ-ਜਿੱਥੇ ਘੱਗਰ ਦਾ ਪਾਣੀ ਫਿਰ ਜਾਂਦਾ ਸੀ, ਮਿੱਟੀ ਸੋਨਾ ਹੋ ਜਾਂਦੀ ਸੀ, ਭਰਪੂਰ ਕਣਕ ਅਤੇ ਛੋਲੇ ਪੈਦਾ ਹੁੰਦੇ ਸਨ। ਪਰ ਹੁਣ ਗਰਮੀਆਂ ਵਿਚ ਝੋਨਾ ਲੱਗਾ ਹੋਣ ਕਰਕੇ ਹਰ ਦੋ-ਤਿੰਨ ਸਾਲ ਬਾਅਦ ਕਿਸਾਨਾਂ ਦਾ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਜਦੋਂ ਵੀ ਸਾਵਣ ਦੇ ਮਹੀਨੇ



ਕਾਲੀਆਂ ਘਟਾਵਾਂ ਚੜ੍ਹਦੀਆਂ ਹਨ, ਤਾਂ ਘੱਗਰ ਕੰਢੇ ਵੱਸਦੇ ਪਿੰਡਾਂ ਦੇ ਲੋਕਾਂ ਦੇ ਕਲੇਜੇ ਮੂੰਹ ਨੂੰ ਆ ਜਾਂਦੇ ਹਨ। ਘੱਗਰ ਵਿਚ ਹੁਣ ਤੱਕ ਸੈਂਕੜੇ ਹੜ੍ਹ ਆ ਚੁੱਕੇ ਹਨ ਪਰ ਜੁਲਾਈ 1993 ਵਾਲਾ ਹੜ੍ਹ ਸਭ ਤੋਂ ਭਿਆਨਕ ਸੀ। ਮੈਂ ਉਨ੍ਹੀਂ ਦਿਨੀਂ ਸੰਗਰੂਰ ਜ਼ਿਲ੍ਹੇ ਦੇ ਥਾਣੇ ਮੂਨਕ ਦਾ ਐੱਸ.ਐੱਚ.ਉ. ਲੱਗਾ ਹੋਇਆ ਸੀ। ਸੰਗਰੂਰ ਜ਼ਿਲ੍ਹੇ ਦੇ ਥਾਣੇ ਖਨੌਰੀ ਅਤੇ ਮੂਨਕ ਘੱਗਰ ਦੀ ਮਾਰ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। 15 ਜੁਲਾਈ ਤੋਂ ਸ਼ੁਰੂ ਹੋ ਕੇ ਸਾਰੇ ਪੰਜਾਬ ਵਿਚ ਕਈ ਦਿਨ ਲਗਾਤਾਰ ਮੀਂਹ ਪੈਂਦਾ ਰਿਹਾ। 18 ਜੁਲਾਈ ਨੂੰ ਰਾਤੋ-ਰਾਤ ਪਟਿਆਲੇ ਵੱਲੋਂ ਘੱਗਰ ਮੌਤ ਬਣ ਕੇ ਇਲਾਕੇ 'ਤੇ ਟੁੱਟ ਪਿਆ। ਸਾਰੇ ਪਾਸੇ ਹਾਹਾਕਾਰ ਮੱਚ ਗਈ ਤੇ ਦਿਨ ਚੜ੍ਹਦੇ ਨੂੰ ਹੋਈ ਭਿਆਨਕ ਤਬਾਹੀ ਦਾ ਦ੍ਰਿਸ਼ ਵਿਖਾਈ ਦੇਣ ਲੱਗਾ। ਅਨੇਕਾਂ ਇਨਸਾਨ ਸੁੱਤੇ ਪਏ ਹੀ ਮੌਤ ਦੇ ਮੂੰਹ ਵਿਚ ਜਾ ਪਏ। ਸੈਂਕੜੇ ਮਕਾਨ, ਦੁਧਾਰੂ ਪਸ਼ੂ ਤੇ ਕਰੋੜਾਂ ਦਾ ਘਰੇਲੂ ਸਮਾਨ ਪਾਣੀ ਵਿਚ ਰੁੜ੍ਹ ਗਿਆ। ਅਚਾਨਕ ਆਏ ਇਸ ਹੜ੍ਹ ਨਾਲ ਪਟਿਆਲੇ ਜ਼ਿਲ੍ਹੇ ਦੀ ਸ਼ੁਤਰਾਣਾ ਚੌਂਕੀ ਪਾਣੀ ਵਿਚ ਡੁੱਬ ਗਈ, ਜਿਸ ਕਾਰਨ ਚੌਂਕੀ ਇੰਚਾਰਜ ਦੀ ਮੌਤ ਹੋ ਗਈ ਸੀ। ਬਾਕੀ ਮੁਲਾਜ਼ਮਾਂ ਨੇ ਦਰੱਖਤਾਂ 'ਤੇ ਚੜ੍ਹ ਕੇ ਬਹੁਤ ਮੁਸ਼ਕਿਲ ਆਪਣੀ ਜਾਨ ਬਚਾਈ ਸੀ।

ਮੂਨਕ-ਟੋਹਾਣਾ ਸੜਕ ਰੁੜ੍ਹ ਜਾਣ ਕਾਰਨ ਰਾਮਪੁਰਾ, ਕੁਦਨੀ ਅਤੇ ਹਾਂਡਾ ਪਿੰਡ ਬਾਕੀ ਇਲਾਕੇ ਤੋਂ ਕੱਟੇ ਗਏ ਸਨ ਤੇ ਉਥੇ ਖਾਣ-ਪੀਣ ਦੇ ਸਮਾਨ ਅਤੇ ਦਵਾਈਆਂ ਆਦਿ ਦੀ ਸਖਤ ਕਿੱਲਤ ਹੋ ਗਈ ਸੀ। ਉਸ ਵੇਲੇ ਮੂਨਕ ਤਹਿਸੀਲ ਵਿਚ ਦੋ ਸਰਕਾਰੀ ਮੋਟਰ ਬੋਟਾਂ ਤਾਇਨਾਤ ਸਨ। ਜਦੋਂ ਉਨ੍ਹਾਂ ਦੇ ਇੰਜਣ ਚੈੱਕ ਕੀਤੇ, ਤਾਂ ਕਈ ਮਹੀਨਿਆਂ ਤੋਂ ਬੰਦ ਰਹਿਣ ਕਾਰਨ ਇੱਕ ਤਾਂ ਸਟਾਰਟ ਹੀ ਨਾ ਹੋਇਆ, ਪਰ ਦੂਸਰੇ ਨੂੰ ਅਸੀਂ ਇੱਕ ਜੁਗਾੜੀ ਸਕੂਟਰ ਮਕੈਨਿਕ ਦੀ ਸਹਾਇਤਾ ਨਾਲ ਚਾਲੂ ਕਰ ਲਿਆ। ਜਦੋਂ ਅਸੀਂ ਮੋਟਰ ਬੋਟ ਪਾਣੀ ਵਿਚ ਸੁੱਟੀ, ਤਾਂ ਹੜ੍ਹ ਦੇ ਪਾਣੀ ਦੀ ਵਿਸ਼ਾਲਤਾ ਵੇਖ ਕੇ ਮੇਰੀਆਂ ਅੱਖਾਂ ਪਾਟ ਗਈਆਂ, ਮੀਲਾਂ ਤੱਕ ਪਾਣੀ ਹੀ ਪਾਣੀ ਜੋ ਬਿਜਲੀ ਦੀਆਂ ਤਾਰਾਂ ਤੱਕ ਪਹੁੰਚ ਚੁੱਕਾ ਸੀ। ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਹੜ੍ਹ ਦਾ ਨਜ਼ਾਰਾ ਤੱਕਿਆ ਸੀ। ਕਿਸ਼ਤੀ ਵਿਚ ਇੱਕ ਡਰਾਈਵਰ, ਦੋ ਪੁਲਿਸ ਵਾਲੇ ਅਤੇ ਇੱਕ ਸਕੂਟਰ ਮਕੈਨਿਕ ਸੀ, ਜਿਸ ਨੂੰ ਅਸੀਂ ਐਮਰਜੈਂਸੀ ਵਾਸਤੇ ਨਾਲ ਹੀ ਰੱਖਿਆ ਸੀ। ਜਿੰਨਾ ਕੁ ਸਮਾਨ ਅਸੀਂ ਉਸ ਖਟਾਰਾ ਕਿਸ਼ਤੀ ਵਿਚ ਰੱਖ ਸਕਦੇ ਸੀ, ਰੱਖ ਕੇ ਹਾਂਡੇ ਪਿੰਡ ਵੱਲ ਠਿੱਲ ਪਏ। ਸਾਰਿਆਂ ਨੇ ਪਾਟੀਆਂ ਜਿਹੀਆਂ ਸਰਕਾਰੀ ਲਾਈਫ ਜੈਕਟਾਂ ਪਾਈਆਂ ਹੋਈਆਂ ਸਨ। ਹੜ੍ਹ ਦੇ ਪਾਣੀ ਵਿਚ ਮੋਟਰ ਬੋਟ ਚਲਾਉਣੀ ਬਿਲਕੁਲ ਅਲੱਗ ਤਜ਼ਰਬਾ ਹੁੰਦਾ ਹੈ ਕਿਉਂਕਿ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਕਿਸ਼ਤੀ ਰੋਕ ਕੇ ਰੋਟਰ 'ਚ ਫਸਿਆ ਘਾਹ-ਫੂਸ ਕੱਢਣਾ ਪੈਂਦਾ ਹੈ। ਹੜ੍ਹ ਦਾ ਪਾਣੀ ਕਿਸ਼ਤੀ ਨੂੰ ਉਲਟ ਦਿਸ਼ਾ ਵੱਲ ਧੱਕ ਕੇ ਲਿਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਕਾਰਨ ਉਵਰ ਲੋਡ ਇੰਜਣ ਦੇ ਅੜਾਟ ਪੈ ਰਹੇ ਸਨ।

ਸਾਡੇ ਤਿੰਨ-ਚਾਰ ਗੇੜੇ ਤਾਂ ਠੀਕ-ਠਾਕ ਲੱਗ ਗਏ ਪਰ ਪੰਜਵੇਂ ਗੇੜੇ ਨੂੰ ਕਿਸ਼ਤੀ ਦਰਿਆ ਦੇ ਤੇਜ਼ ਵਹਿਣ ਵਿਚ ਫਸ ਗਈ ਤੇ ਇੰਜਣ ਦਮ ਤੋੜ ਗਿਆ। ਘਾਤ ਲਗਾਈ ਬੈਠੇ ਪਾਣੀ ਨੇ ਇੱਕ ਦਮ ਕਿਸ਼ਤੀ ਨੂੰ ਆਪਣੀ ਲਪੇਟ ਵਿਚ ਲੈ ਲਿਆ ਤੇ ਉਹ ਤੇਜ਼ੀ ਨਾਲ ਜਾਖਲ ਵੱਲ ਨੂੰ ਰੁੜਨ ਲੱਗੀ। ਅੱਗੇ ਸਾਰਾ ਪਾਣੀ ਇਕੱਠਾ ਹੋ ਕੇ ਜਾਖਲ-ਟੋਹਾਣਾ ਰੋਡ 'ਤੇ ਬਣੇ ਪੁਲ ਨਾਲ ਵੱਜ ਕੇ ਲੰਘ ਰਿਹਾ ਸੀ। ਵੱਡੇ-ਵੱਡੇ ਦਰੱਖਤ, ਸ਼ਤੀਰੀਆਂ ਅਤੇ ਜਾਨਵਰਾਂ ਦੀਆਂ ਲਾਸ਼ਾਂ ਆਪਸ ਵਿਚ ਟਕਰਾ ਰਹੀਆਂ ਸਨ। ਕਿਸ਼ਤੀ ਦੀ ਪੁਲ ਨਾਲ ਟੱਕਰ ਹੋਣੀ ਲਾਜ਼ਮੀ ਸੀ, ਬਚਣ ਦਾ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ। ਅਸੀਂ ਸਾਰੇ ਜਾਣੇ ਰੱਬ ਨੂੰ ਧਿਆਉਂਦੇ ਹੋਏ ਨਿਸ਼ਚਿਤ ਮੌਤ ਵੱਲ ਵਧ ਰਹੇ ਸੀ। ਅਜਿਹੇ ਮੌਕੇ ਮੇਰੇ ਇੱਕ ਗੰਨਮੈਨ ਨੇ ਹਿੰਮਤ ਕੀਤੀ ਤੇ ਕਿਸ਼ਤੀ ਨਾਲ ਬੱਝੇ ਰੱਸੇ ਦਾ ਸਿਰਾ ਪਕੜ ਕੇ ਪਾਣੀ ਵਿਚ ਛਾਲ ਮਾਰ ਦਿੱਤੀ। ਉਹ ਤੇਜ਼ੀ ਨਾਲ ਤੈਰਦਾ ਹੋਇਆ ਇੱਕ ਬਿਜਲੀ ਦੇ ਖੰਭੇ ਵੱਲ ਵਧਿਆ ਤੇ ਆਨਨ-ਫਾਨਨ ਵਿਚ ਰੱਸੀ ਤਾਰਾਂ ਨਾਲ ਬੰਨ੍ਹ ਦਿੱਤੀ, ਕਿਸ਼ਤੀ ਇੱਕ ਦਮ ਰੁਕ ਗਈ ਤੇ ਸਾਰਿਆਂ ਦੇ ਸਾਹ ਵਿਚ ਸਾਹ ਆਇਆ। ਸਕੂਟਰ ਮਕੈਨਿਕ ਉੱਚੀ-ਉੱਚੀ ਰੋ ਰਿਹਾ ਸੀ, ਉਸ ਨੂੰ ਬਹੁਤ ਮੁਸ਼ਕਿਲ ਨਾਲ ਚੁੱਪ ਕਰਵਾ ਕੇ ਇੰਜਣ ਠੀਕ ਕਰਨ ਲਈ ਲਗਾਇਆ। ਰੱਬ-ਰੱਬ ਕਰਦਿਆਂ ਘੰਟੇ-ਡੇਢ ਘੰਟੇ ਵਿਚ ਇੰਜਣ ਚਾਲੂ ਹੋਇਆ ਤੇ ਅਸੀਂ ਮੂਨਕ ਵੱਲ ਸ਼ੂਟ ਵੱਟ ਦਿੱਤੀ।


ਅਗਲੇ ਦਿਨ ਪਾਤੜਾਂ ਤੋਂ ਫੌਜ ਆਪਣੀਆਂ ਆਧੁਨਿਕ ਕਿਸ਼ਤੀਆਂ ਲੈ ਕੇ ਪਹੁੰਚ ਗਈ ਤੇ ਬਚਾਉ ਦਾ ਕੰਮ ਸੰਭਾਲ ਲਿਆ। ਮੈਂ ਫੌਜ ਦੀਆਂ ਕਿਸ਼ਤੀਆਂ ਵਿਚ ਬੈਠ ਕੇ ਫਿਰ ਅਨੇਕਾਂ ਚੱਕਰ ਦਰਿਆ ਵਿਚ ਲਗਾਏ ਕਿਉਂਕਿ ਫੌਜੀਆਂ ਨੂੰ ਇਲਾਕੇ ਬਾਰੇ ਬਹੁਤਾ ਪਤਾ ਨਹੀਂ ਸੀ। ਫੌਜ ਦੀਆਂ ਕਿਸ਼ਤੀਆਂ ਤੇ ਪ੍ਰਸ਼ਾਸਨ ਦੀ ਕਬਾੜਾ ਕਿਸ਼ਤੀਆਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਸੀ। ਪ੍ਰਸ਼ਾਸਨ ਦੀਆਂ ਕਿਸ਼ਤੀਆਂ ਵਿਚ ਤਾਂ ਚੱਪੂ ਤੱਕ ਨਹੀਂ ਸਨ। ਮੈਂ ਕੰਨਾਂ ਨੂੰ ਹੱਥ ਲਗਾਏ ਕਿ ਕਦੇ ਭੁੱਲ ਕੇ ਵੀ ਸਿਵਲ ਪ੍ਰਸ਼ਾਸਨ ਦੀ ਕਿਸ਼ਤੀ ਵਿਚ ਬੈਠਣ ਦਾ ਪੰਗਾ ਨਹੀਂ ਲੈਣਾ, ਖਾਸ ਤੌਰ 'ਤੇ ਹੜ੍ਹਾਂ ਵੇਲੇ।

# ਸੁਪਨਾ

ਅੰਗਰੇਜ ਸਿੰਘ ਵਿਰਦੀ
63, ਗੰਡਾ ਸਿੰਘ ਕਲੋਨੀ,
ਤਰਨਤਾਰਨ ਰੋਡ, ਅੰਮ੍ਰਿਤਸਰ
ਮੋਬਾਇਲ : 9464628857
ਪੰਜਾਬ ਮੇਲ USA




ਅੱਜ ਮੈਨੂੰ ਫਿਰ ਉਹੋ ਸੁਫ਼ਨਾ ਆਇਆ, ਜੋ ਨਿੱਕੇ ਹੁੰਦਿਆਂ ਮੈਂ ਕਈ ਵਾਰ ਵੇਖਿਆ ਸੀ। ਸਵੇਰੇ ਉਠਦਿਆਂ ਹੀ ਮੇਰੇ ਜ਼ਿਹਨ ਵਿਚ ਰਾਤ ਵਾਲਾ ਈ ਸੁਫ਼ਨਾ ਘੁੰਮਦਾ ਰਿਹਾ। ਨਹਾਉਣ ਲੱਗਿਆਂ ਵੀ ਤੇ ਫਿਰ ਤਿਆਰ ਹੋ ਕੇ ਸਕੂਲ ਜਾਂਦਿਆਂ ਵੀ, ਬਸ ਮੈਂ ਉਸੇ ਸੁਫ਼ਨੇ ਬਾਰੇ ਸੋਚਦਾ ਜਾ ਰਿਹਾ ਸਾਂ। ਕਾਰ ਵਿਚ ਨਾਲ ਵਾਲੀ ਸੀਟ 'ਤੇ ਬੈਠੀ ਮੇਰੀ ਪਤਨੀ ਭਾਵੇਂ ਮੇਰੇ ਨਾਲ ਗੱਲਾਂ ਕਰਦੀ ਜਾ ਰਹੀ ਸੀ ਤੇ ਮੈਂ ਉਹਦੀਆਂ ਗੱਲਾਂ ਦਾ ਹੁੰਗਾਰੇ ਵੀ ਭਰਦਾ ਰਿਹਾ ਪਰ ਮੇਰੀ ਤਾਂ ਸੁਰਤੀ ਹੀ ਕਿਤੇ ਹੋਰ ਲੱਗੀ ਸੀ। ਆਖਿਰ ਇਹ ਸੁਫ਼ਨਾ ਮੈਨੂੰ ਆਉਂਦਾ ਈ ਕਿਉਂ ਆਂ ਤੇ ਕੀ ਹੈ ਸਰਹੱਦ ਦੇ ਉਸ ਪਾਰ ਮੇਰਾ, ਜੋ ਮੈਨੂੰ ਬਾਰ-ਬਾਰ ਸੁਫ਼ਨੇ ਵਿਚ ਖੁੱਲ੍ਹੀਆਂ ਫ਼ਿਜ਼ਾਵਾਂ ਵਿਚ ਮਸਤ ਮੌਲਾ ਇੱਕ ਸਾਧਾਰਨ ਪਰ ਆਕਰਸ਼ਿਤ ਅਤੇ ਖੂਬਸੂਰਤ ਅੱਖਾਂ ਵਾਲਾ ਗੱਭਰੂ ਜਿਸ ਦੇ ਅੰਦਰ ਜ਼ਿੰਦਗੀ ਜਿਊਣ ਦਾ ਵਲਵਲਾ ਤੇ ਮਸਤੀ ਹੈ, ਦਿਖਾਈ ਦਿੰਦਾ ਹੈ। ਸੁਫ਼ਨੇ ਵਿਚ ਮੈਂ ਉਸਦੇ ਨਾਲ-ਨਾਲ ਉਸ ਦਾ ਪਰਛਾਵਾਂ ਬਣ ਕੇ ਤੁਰਦਾ ਹਾਂ, ਖੌਰੇ ਉਹ ਲਾਹੌਰ ਸ਼ਹਿਰ ਦੇ ਨੇੜੇ ਦੇ ਹੀ ਕਿਸੇ ਪਿੰਡ ਦਾ ਰਹਿਣ ਵਾਲਾ ਹੋਵੇਗਾ ਤੇ ਅਕਸਰ ਈ ਲਾਹੌਰ ਸ਼ਹਿਰ ਵਿਚ ਆਪਣੇ ਕੰਮਕਾਰ ਲਈ ਜਾਂਦਾ ਹੋਵੇਗਾ। ਉਸ ਨੂੰ ਖੁਸ਼ੀ ਵਿਚ ਝੂਮਦੇ, ਨੱਚਦੇ, ਗੀਤ ਗਾਉਂਦੇ ਵੇਖ ਕੇ ਮੇਰੇ ਮਨ ਨੂੰ ਅਥਾਹ ਖੁਸ਼ੀ ਹੁੰਦੀ ਸੀ। ਪਰ ਮੇਰੇ ਲਈ ਇਹ ਅਚੰਬਾ ਸੀ ਕਿ ਉਸ ਦਾ ਸੁਫ਼ਨਾ ਮੈਨੂੰ ਈ ਕਿਉਂ ਆਉਂਦਾ ਏ। ਉਸ ਦਾ ਤਾਂ ਚਿਹਰਾ ਵੀ ਮੇਰੇ ਵਰਗਾ ਈ ਲੱਗਦਾ, ਮਾਨੋ ਉਹ ਮੇਰੀ ਈ ਪਰਛਾਈਂ ਹੋਵੇ। ਮੈਂ ਰਾਤ ਵਾਲੇ ਸੁਫ਼ਨੇ ਬਾਰੇ ਸਾਰਾ ਦਿਨ ਸੋਚਦਾ ਰਿਹਾ। ਮੈਨੂੰ ਯਾਦ ਹੈ ਇਕ ਦਿਨ ਮੈਨੂੰ ਸੁਫ਼ਨਾ ਆਇਆ ਸੀ ਕਿ ਉਹ ਨੌਜਵਾਨ ਲਾਹੌਰ ਸ਼ਹਿਰ ਦੀਆਂ ਖੂਬਸੂਰਤ ਗਲੀਆਂ ਵਿਚ ਘੁੰਮ ਰਿਹਾ ਹੈ ਤੇ ਮੈਂ ਉਸ ਦਾ ਪਰਛਾਵਾਂ ਬਣ ਉਹਦੇ ਨਾਲ-ਨਾਲ ਤੁਰਦਾ ਜਾ ਰਿਹਾ ਹਾਂ। ਇਹ ਉਹੋ ਗਲੀਆਂ ਹਨ, ਜਿੱਥੇ ਕਦੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਘੋੜਿਆਂ ਦੀਆਂ ਟਾਪਾਂ ਸੁਣਾਈ ਦਿੰਦੀਆਂ



ਹੋਣਗੀਆਂ। ਉਹ ਨੌਜਵਾਨ ਹੌਲੀ-ਹੌਲੀ ਸ਼ਾਂਤ ਗਲੀ ਵਿਚੋਂ ਦੀ ਲੰਘਦਾ ਤੇ ਉਨ੍ਹਾਂ ਸੋਹਣੀਆਂ ਪੱਕੀ ਇੱਟ ਦੀਆਂ ਬਣੀਆਂ ਗਲੀਆਂ ਨੂੰ ਕਾਫੀ ਦੇਰ ਤੱਕ ਨਿਹਾਰਦਾ ਹੈ। ਮੇਰੇ ਲਈ ਉਸ ਨੌਜਵਾਨ ਨਾਲ ਗੁਜ਼ਾਰੇ ਉਹ ਪਲ ਖੁਸ਼ੀ ਦੇ ਐਸੇ ਪਲ ਸਨ, ਜੋ ਮੈਂ ਆਪਣੀ ਹਕੀਕੀ ਜ਼ਿੰਦਗੀ ਵਿਚ ਕਦੀ ਨਹੀਂ ਮਾਣੇ। ਉਹ ਇੱਕ ਵੱਖਰੀ ਈ ਦੁਨੀਆਂ ਸੀ, ਜੋ ਮੈਨੂੰ ਸੁਫ਼ਨੇ ਵਿਚ ਹਰ ਵਾਰ ਵਿਖਾਈ ਦਿੰਦੀ। ਸ਼ਾਇਦ ਉਹ 47 ਤੋਂ ਪਹਿਲਾਂ ਦਾ ਜ਼ਮਾਨਾ ਸੀ ਤੇ ਉਸ ਜ਼ਮਾਨੇ ਦੇ ਕਿਸੇ ਸ਼ਕਸ ਦਾ ਹੀ ਮੈਨੂੰ ਸੁਫ਼ਨਾ ਆਉਂਦਾ ਹੈ। ਉਹ ਸ਼ਕਸ਼ ਜੋ ਹੂ-ਬ-ਹੂ ਮੇਰੇ ਵਰਗਾ ਹੀ ਨਜ਼ਰ ਆਉਂਦਾ ਹੈ। ਸੁਫ਼ਨੇ ਵਿਚ ਮੇਰੀਆਂ ਅੱਖਾਂ ਅੱਗੇ ਐਸੇ-ਐਸੇ ਦ੍ਰਿਸ਼ ਘੁੰਮਦੇ ਸਨ, ਜੋ ਕਿਸੇ ਪੀਰੀਅਡ ਪੰਜਾਬੀ ਫ਼ਿਲਮ ਵਿਚ ਵਿਖਾਏ ਦ੍ਰਿਸ਼ਾਂ ਤੋਂ ਵੀ ਬਿਲਕੁਲ ਵੱਖਰੇ ਨਜ਼ਰ ਆਉਂਦੇ ਸਨ। ਪਰ ਅੱਜ ਰਾਤ ਦਾ ਸੁਫ਼ਨਾ ਪਹਿਲਾਂ ਵਰਗਾ ਨਹੀਂ ਸੀ। ਇਸ ਸੁਫ਼ਨੇ ਵਿਚ ਉਹ ਨੌਜਵਾਨ ਖੁਸ਼ੀ ਵਿਚ ਝੂਮ ਨਹੀਂ ਰਿਹਾ ਸੀ ਤੇ ਨਾ ਹੀ ਉਹ ਲਾਹੌਰ ਦੀਆਂ ਗਲੀਆਂ ਵਿਚ ਗੀਤ ਗਾਉਂਦਾ, ਮਸਤੀ ਵਿਚ ਮਸਤਾਨੀ ਚਾਲ ਨਾਲ ਲੰਘਦਾ ਦਿਖਾਈ ਦਿੱਤਾ ਸੀ। ਰਾਤ ਵਾਲਾ ਸੁਫ਼ਨਾ ਤਾਂ ਬੜਾ ਭਿਆਨਕ ਸੀ, ਜਿਸ ਵਿਚ ਮੈਂ ਵੇਖਿਆ ਕਿ ਕਾਲੇ ਕੱਪੜੇ ਪਹਿਨੀ ਲਾਲ ਅੱਖਾਂ ਤੇ ਕਰੂਪ ਚਿਹਰਿਆਂ ਵਾਲੇ ਲੋਕ ਉਸ ਨੌਜਵਾਨ ਨੂੰ ਉਸੇ ਗਲੀ ਵਿਚ ਘੇਰਾ ਪਾਈ ਖਲੋਤੇ ਹਨ, ਜਿਨ੍ਹਾਂ ਵਿਚੋਂ ਦੀ ਉਹ ਅਕਸਰ ਲੰਘਦਾ ਸੀ। ਉਨ੍ਹਾਂ ਕੋਲ ਲਿਸ਼ਕਦੀਆਂ ਤਲਵਾਰਾਂ, ਨੇਜ਼ੇ, ਬਰਛੇ ਤੇ ਬੰਦੂਕਾਂ ਸਨ। ਨੌਜਵਾਨ ਉਨ੍ਹਾਂ ਅੱਗੇ ਆਪਣੀ ਜਾਨ ਬਖਸ਼ ਦੇਣ ਦੀ ਅਰਜੋਈ ਕਰਦਾ ਹੈ ਪਰ ਇਹ ਕੀ ਉਨ੍ਹਾਂ ਕਰੂਪ ਚਿਹਰਿਆ ਵਿਚੋਂ ਇਕ ਨੇ ਤਲਵਾਰ ਦੇ ਇੱਕੋ ਵਾਰ ਨਾਲ ਉਸ ਨੌਜਵਾਨ ਦੀ ਧੌਣ ਧੜ ਤੋਂ ਵੱਖ ਕਰ ਦਿੱਤੀ ਹੈ। ਮੈਨੂੰ ਲੱਗਿਆ, ਜਿਵੇਂ ਕਿਸੇ ਨੇ ਮੇਰੀ ਧੌਣ 'ਤੇ ਵਾਰ ਕਰਕੇ ਮੇਰੀ ਧੌਣ ਗਰਦਨ ਨਾਲੋਂ ਵੱਖ ਕਰ ਦਿੱਤੀ ਹੋਵੇ। ਨੌਜਵਾਨ ਦੀ ਰੂਹ ਉਸ ਦੇ ਸਰੀਰ ਵਿਚੋਂ ਬਾਹਰ ਆ ਕੇ ਆਪਣੇ ਆਪ ਨੂੰ ਵੇਖਦੀ ਹੈ, ਉਹ ਰੋਂਦੀ ਹੈ, ਅੱਥਰੂ ਕੇਰਦੀ ਹੈ, ਉਸ ਨੂੰ ਵੇਖ ਕੇ ਮੈਂ ਵੀ ਰੋ ਰਿਹਾ ਹਾਂ ਪਰ ਮੇਰੀ ਆਵਾਜ਼ ਨਹੀਂ ਨਿਕਲ ਰਹੀ, ਮੈਂ ਬਹੁਤ ਜ਼ੋਰ ਲਾ ਕੇ ਰੋਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਰੋ ਨਹੀਂ ਪਾ ਰਿਹਾ। ਅਚਾਨਕ ਮੇਰੀ ਪਤਨੀ ਮੇਰੀ ਹੂਕ ਸੁਣ ਕੇ ਮੈਨੂੰ ਹਲੂਣਦੀ ਹੈ ਤੇ ਜਾਗਣ ਤੇ ਮੈਨੂੰ ਪੁੱਛਦੀ ਹੈ ਕਿ ਤੁਹਾਨੂੰ ਕੀ ਹੋਇਆ, ਜੋ ਤੁਸੀਂ ਨੀਂਦ ਵਿਚ ਬੁੜਬੁੜਾ ਰਹੇ ਸੀ। ਨੀਂਦ ਤੋਂ ਜਾਗ ਕੇ ਪਾਣੀ ਪੀ ਕੇ ਮੈਂ ਦੁਬਾਰਾ ਬੈੱਡ 'ਤੇ ਲੇਟ ਗਿਆ ਤੇ ਸੌਣ ਦੀ ਕੋਸ਼ਿਸ਼ ਕੀਤੀ ਪਰ ਹੁਣ ਨੀਂਦ ਕਿੱਥੋਂ। ਸਾਰੀ ਰਾਤ ਮੈਂ ਉਸ ਸੁਫ਼ਨੇ ਬਾਰੇ ਸੋਚਦਾ ਰਿਹਾ। ਆਖਿਰ ਉਸ ਸੁਫ਼ਨੇ ਦਾ ਮੇਰੇ ਨਾਲ ਕੀ ਸੰਬੰਧ ਹੈ। ਕਿਤੇ ਮੈਂ ਈ ਉਹ ਨੌਜਵਾਨ ਤਾਂ ਨਹੀਂ। ਫਿਰ ਮੈਂ ਆਪਣੀ ਸੋਚ 'ਤੇ ਖੁਦ ਹੀ ਹੱਸਦਾ ਹਾਂ ਕਿ ਇਹ ਕਿਵੇਂ ਹੋ ਸਕਦਾ ਹੈ। ਇਕ ਫ਼ਿਜ਼ਿਕਸ ਲੈਕਚਰਾਰ ਜਿਸ ਨੇ ਸਾਇੰਸ ਦੇ ਸਾਰੇ ਨਿਯਮ ਪੜ੍ਹੇ ਹਨ, ਉਹ ਇੰਝ ਕਿਵੇਂ ਸੋਚ ਸਕਦਾ ਹੈ। ਮੇਰੇ ਅਚੇਤ ਤੇ ਸੁਚੇਤ ਮਨ ਦੀ ਜੰਗ ਚਲਦੀ ਰਹਿੰਦੀ ਹੈ। ਜੋ ਵੀ ਹੈ, ਭਾਵੇਂ ਇਹ ਮੇਰੀ ਸੋਚ ਹੀ ਹੈ ਤੇ ਸਿਰਫ਼ ਮੇਰੇ ਮਨ ਦੇ ਖਿਆਲ ਹਨ, ਜੋ ਅਚੇਤ ਮਨ ਵਿਚ ਆ ਕੇ ਸੁਫ਼ਨਾ ਬਣ ਮੈਨੂੰ ਦਿੱਸਦੇ ਹਨ, ਪਰ ਹੈ ਤਾਂ ਹਕੀਕਤ ਦੇ ਨੇੜੇ ਈ, ਜੋ ਮੈਨੂੰ ਉਨ੍ਹਾਂ ਥਾਂਵਾਂ 'ਤੇ ਲੈ ਕੇ ਜਾਂਦੇ ਹਨ, ਜਿੱਥੇ ਮੈਨੂੰ ਖੁਸ਼ੀ ਮਿਲਦੀ ਹੈ। ਉਸ ਧਰਤੀ 'ਤੇ ਜਾ ਕੇ ਕੌਣ ਖੁਸ਼ ਨਹੀਂ ਹੋਵੇਗਾ, ਜਿੱਥੇ ਕਦੀ ਸਾਡੇ ਪੁਰਖਿਆਂ ਨੇ ਰਾਜ ਕੀਤਾ ਸੀ ਤੇ ਜਿੱਥੇ ਸਿੱਖੀ ਦਾ ਬੂਟਾ ਲੱਗਾ ਤੇ ਫ਼ਿਰ ਕੁਲ ਦੁਨੀਆਂ ਵਿਚ ਫੈਲ ਗਿਆ। ਉਹ ਸੋਹਣੀ ਧਰਤੀ ਅੱਜ ਸਰਹੱਦ ਤੋਂ ਉਸ ਪਾਰ ਹੈ, ਜੋ 47 ਦੀ ਵੰਡ ਨੇ ਸਾਥੋਂ ਵੱਖ ਕਰ ਦਿੱਤੀ। ਜਿਸ ਦਾ ਮੈਨੂੰ ਬਾਰ-ਬਾਰ ਸੁਫ਼ਨਾ ਆਉਂਦਾ ਹੈ। ਜਦੋਂ ਵੀ ਸਰਹੱਦ 'ਤੇ ਤਨਾਅ ਹੁੰਦਾ ਹੈ, ਤਾਂ ਮੈਨੂੰ ਚੰਗਾ ਨਹੀਂ ਲੱਗਦਾ। ਪਿਛਲੇ 78 ਸਾਲ ਤੋਂ ਦੋਵੇਂ ਮੁਲਕ ਦੁਸ਼ਮਨੀ ਦਾ ਉਹ ਭਾਰ ਢੋਅ ਰਹੇ ਹਨ, ਜੋ ਇਨ੍ਹਾਂ ਮੁਲਕਾਂ ਵਿਚ ਵਸਦੀ ਅਵਾਮ ਨੂੰ ਸੁੱਖ ਦਾ ਸਾਹ ਨਹੀਂ ਲੈਣ ਦੇ ਰਿਹਾ। 47 ਦੀ ਵੰਡ ਵਿਚ ਦੇਸ਼ ਨੂੰ ਵੰਡਣ ਵਾਲੇ ਹੁਕਮਰਾਨਾਂ ਦਾ ਤਾਂ ਕੋਈ ਸਾਕ-ਸੰਬੰਧੀ, ਧੀ-ਪੁੱਤ ਨਹੀਂ ਮਰਿਆ। ਉਸ ਵੰਡ ਵਿਚ ਮਰੇ ਤਾਂ ਆਮ ਪੰਜਾਬੀ ਹੀ ਸਨ, ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸੀ, ਜੋ ਬੇਗੁਨਾਹ ਸਨ ਤੇ ਜੋ ਮੇਰੇ ਸੁਫ਼ਨੇ ਦੇ ਉਸ ਨੌਜਵਾਨ ਦੇ ਵਾਂਗ ਆਪਣੀ ਜ਼ਿੰਦਗੀ ਦੀ ਬਹਾਰ ਨੂੰ ਮਾਨਣਾ ਚਾਹੁੰਦੇ ਸਨ ਤੇ ਨਿਹੱਕ ਹੀ ਮਾਰੇ ਗਏ। ਅੱਜ ਵੀ ਦੁਨੀਆਂ ਦੇ ਕਈ ਦੇਸ਼ਾਂ ਦੇ ਹੁਕਮਰਾਨਾਂ ਦੀਆਂ ਨਿੱਜੀ ਰੰਜਿਸ਼ਾਂ ਤੇ ਦੁਸ਼ਮਣੀਆਂ ਵਿਚ ਲੱਖਾਂ ਲੋਕ ਜੰਗ ਦੀ ਭੇਟ ਚੜ੍ਹ ਰਹੇ ਹਨ, ਜੋ ਮਨੁੱਖਤਾ ਦੇ ਮੱਥੇ 'ਤੇ ਇਕ ਬਦਨੁਮਾ ਦਾਗ਼ ਹਨ। ਮੈਨੂੰ ਲੱਗਦਾ ਕਿ ਮੈਂ ਉਸ ਨੌਜਵਾਨ ਦੀ ਹੀ ਰੂਹ ਨੂੰ ਆਪਣੇ ਅੰਦਰ ਸਮੋਈ ਬੈਠਾ ਹਾਂ। ਉਹ ਮੈਨੂੰ ਮੇਰੀ ਪਿਆਰੀ ਪੰਜਾਬ ਦੀ ਧਰਤੀ ਨਾਲ ਜੋੜ ਕੇ ਰੱਖਦੀ ਹੈ। ਮੈਂ ਉਸ ਪਾਕ ਰੂਹ ਨੂੰ ਪਿਆਰੀ ਲੱਗਣ ਵਾਲੀ ਪੰਜਾਬ ਦੀ ਧਰਤੀ ਦੀ ਬਾਤ ਪਾਉਂਦਾ ਹਾਂ। ਮੈਨੂੰ ਪੰਜਾਬੀ ਸੰਗੀਤ ਦੀ ਮਲਿਕਾ-ਏ-ਤਰੰਨੁਮ ਮੈਡਮ ਨੂਰਜਹਾਂ ਦੇ ਪੰਜਾਬੀ ਗੀਤ ਬੇਹੱਦ ਪਸੰਦ ਹਨ। ਮੈਨੂੰ ਲਹਿੰਦੇ ਪੰਜਾਬ ਦੇ ਅਸਲ ਪੰਜਾਬੀ ਫ਼ਨਕਾਰਾਂ ਦੇ ਗੀਤ ਤੇ ਉਨ੍ਹਾਂ ਦੀਆਂ ਫ਼ਿਲਮਾਂ ਚੰਗੀਆਂ ਲੱਗਦੀਆਂ ਹਨ। ਅਕਸਰ ਮੇਰੀਆਂ ਲਿਖਤਾਂ ਵਿਚ ਓਧਰਲੇ ਪੰਜਾਬ ਦਾ ਜ਼ਿਕਰ ਜ਼ਿਆਦਾ ਮਿਲਦਾ ਹੈ। ਮੈਨੂੰ ਕੁਦਰਤ ਨੇ ਲਿਖਣ ਦਾ ਜੋ ਹੁਨਰ ਬਖਸ਼ਿਆ ਹੈ, ਉਸ ਰਾਹੀਂ ਮੈਂ ਉਨ੍ਹਾਂ ਰਾਹਾਂ ਨੂੰ ਬਿਆਨ ਕਰਨਾ ਚਾਹੁੰਦਾ ਹਾਂ, ਜੋ ਖੂਬਸੂਰਤ ਹਨ, ਜੋ ਸਾਡੇ ਕੋਲੋਂ ਵਿਛੜ ਗਏ ਹਨ ਤੇ ਜਿਨ੍ਹਾਂ ਨੂੰ ਯਾਦ ਕਰ-ਕਰ ਕੇ ਅਨੇਕਾਂ ਸਾਡੇ ਬਜ਼ੁਰਗ ਜੋ ਹਿਜ਼ਰਤ ਕਰ ਓਧਰੋਂ ਏਧਰ ਆਏ ਸਨ, ਅੱਥਰੂ ਕੇਰਦੇ ਇਸ ਜਹਾਨ ਤੋਂ ਰੁਖ਼ਸਤ ਹੋ ਗਏ ਹਨ। ਮੈਂ ਉਨ੍ਹਾਂ ਰਾਹਾਂ ਦੀ ਗੱਲ ਕਰਨਾ ਚਾਹੁੰਦਾ ਹਾਂ, ਜਿੱਥੋਂ ਲੰਘ ਕੇ ਹਰ ਪੰਜਾਬੀ ਆਪਣੀਆਂ ਜੜ੍ਹਾਂ ਨਾਲ ਜੁੜ ਸਕੇ ਤੇ ਜਿੱਥੋਂ ਦੀਆਂ ਫ਼ਿਜ਼ਾਵਾਂ ਦੀ ਖੁਸ਼ਬੂ ਉਨ੍ਹਾਂ ਨੂੰ ਆਪਣੀ ਇਸ ਧਰਤੀ ਤੋਂ ਦੂਰ ਨਾ ਹੋਣ ਦੇਵੇ।

# ਖਾਨਦਾਨੀ ਇਤਿਹਾਸਕਾਰ ਦਾ ਕੈਲੰਡਰ ਵਿਗਿਆਨ

## ਖੋਦਿਆ ਪਹਾੜ ਨਿਕਲਿਆ ਚੂਹਾ !






-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
ਪੰਜਾਬ ਮੇਲ USA

ਨਾਨਕਸ਼ਾਹੀ ਕੈਲੰਡਰ ਸਬੰਧੀ ਸਿਆਟਲ ਵਿਖੇ ਹੋਏ ਸੈਮੀਨਾਰ (15 ਜੁਲਾਈ 2015 ਈ:) ਤੋਂ ਪਿਛੋਂ, ਅਨੁਰਾਗ ਸਿੰਘ (ਖਾਨਦਾਨੀ ਇਤਿਹਾਸਕਾਰ, ਤਜ਼ਰਬਾ 105 ਸਾਲ) ਨਾਲ ਮੇਰਾ ਸਿੱਧਾ ਵਾਹ ਪਿਆ। ਪਰ ਛੇਤੀ ਹੀ ਇਸ ਨੇ ਮੈਨੂੰ ਬਲੌਕ ਕਰ ਦਿੱਤਾ ਸੀ। ਸਾਂਝੇ ਸੱਜਣਾਂ ਰਾਹੀਂ ਇਸ ਦੀ ਪੋਸਟਾਂ ਮਿਲਦੀਆਂ ਰਹੀਆਂ। ਇਸ ਦੇ ਹਰ ਸਵਾਲ ਦਾ ਜਵਾਬ, ਦਲੀਲ/ਸਬੂਤਾਂ ਨਾਲ ਦੇ ਕੇ ਜਦੋਂ ਮੈਂ ਸਵਾਲ ਕਰਨਾ, ਤਾਂ ਖਾਨਦਾਨੀ ਇਤਿਹਾਸਕਾਰ ਨੇ ਜਵਾਬ ਦੇਣ ਦੀ ਬਜਾਏ 5-7 ਸਵਾਲ ਹੋਰ ਲਿਖ ਭੇਜਣੇ। ਇਸ ਦੀਆਂ 80-85 ਪੋਸਟਾਂ ਦੇ, ਲਗਭਗ 20 ਪੋਸਟਾਂ ਰਾਹੀ ਜਵਾਬ ਦੇਣ ਪਿਛੋਂ, ਮੈਂ ਵੀ ਨੀਤੀ ਬਦਲ ਲਈ, ਭਾਵ ਇਕ ਸਵਾਲ ਤੁਹਾਡਾ ਇਕ ਮੇਰਾ, ਤਾਂ ਖਾਨਦਾਨੀ ਇਤਿਹਾਸਕਾਰ ਮੁੱਖ ਮੋੜ ਗਿਆ। ਕਾਫੀ ਸਮਾਂ ਸ਼ਾਂਤ ਰਹਿਣ ਪਿਛੋਂ ਹੁਣ ਫੇਰ, ਕਦੇ-ਕਦਾਈ ਵਿਸ ਘੋਲ ਕੇ ਹਾਜ਼ਰੀ ਲਵਾ ਲੈਂਦਾ ਹੈ, ਤਾਂ ਜੋ ਕਿਤੇ ਰਿਜਕਦਾਤੇ ਨਾਮ ਹੀ ਨਾ ਕੱਟ ਦੇਣ।

ਪਿਛਲੇ ਕਈ ਸਾਲਾਂ ਤੋਂ ਇਹ ਪੜ੍ਹ-ਸੁਣ ਰਿਹਾ ਸੀ ਕਿ ਗੁਰੂ ਸਾਹਿਬ ਨੇ ਪ੍ਰਚੱਲਤ ਕੈਲੰਡਰ ਵਿਚ ਸੋਧ ਕਰਕੇ ਇਕ ਕੈਲੰਡਰ ਲਾਗੂ ਕੀਤਾ ਸੀ, ਜਿਸ ਨੂੰ 'ਮੂਲ ਸਿੱਖ ਕੈਲੰਡਰ' ਦਾ ਨਾਮ ਦਿੱਤਾ ਗਿਆ। ਕਈ ਵਾਰ ਮੰਗ ਕਰਨ 'ਤੇ ਵੀ ਇਸ ਨੇ, ਉਸ ਕੈਲੰਡਰ ਸਬੰਧੀ ਕੋਈ ਜਾਣਕਾਰੀ ਸਾਂਝੀ ਕੀਤੀ। ਫੇਰ ਕਿਤਾਬ ਲਿਖਣ/ਛੱਪਣ ਦਾ ਜ਼ਿਕਰ ਚਲਦਾ ਰਿਹਾ, ਤਾਂ ਮੈਂ ਸੋਚਿਆ ਕਿ ਅਨੁਰਾਗ ਸਿੰਘ ਇਸੇ ਲਈ 'ਮੂਲ ਸਿੱਖ ਕੈਲੰਡਰ' ਸਾਂਝਾ ਨਹੀਂ ਕਰਦਾ ਕਿ ਕਿਤਾਬ ਵਿਚ ਹੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਅਖੀਰ ਅਕਤੂਬਰ 2023 ਵਿਚ ਇਨ੍ਹਾਂ ਦੀ ਕਿਤਾਬ ਵੀ ਆ ਗਈ। ਕਿਤਾਬ ਦੇ ਨਾਮ "ਗੁਰੂ ਸਾਹਿਬ ਜੀ ਵੱਲੋਂ ਸਥਾਪਤ ਮੂਲ ਸਿੱਖ ਕੈਲੰਡਰ" ਤੋਂ ਇਹ ਆਸ ਬੱਝੀ ਕਿ ਹੁਣ ਤਾਂ 'ਮੂਲ ਸਿੱਖ ਕੈਲੰਡਰ' ਦੇ ਦਰਸ਼ਨ ਜ਼ਰੂਰ ਹੋ ਜਾਣਗੇ। ਪਰ ਕਿਤਾਬ ਪੜ੍ਹ ਕੇ ਵੀ ਨਿਰਾਸ਼ਾ ਹੀ ਪੱਲੇ ਪਈ। ਸ਼ਾਇਦ ਇਹ ਦੁਨੀਆਂ ਦੀ ਪਹਿਲੀ ਕਿਤਾਬ ਹੋਵੇਗੀ, ਜਿਸ ਦੇ ਨਾਮ (ਸਿਰਲੇਖ) ਵਾਲਾ ਅਧਿਆਏ ਹੀ ਕਿਤਾਬ ਵਿਚ ਨਾ ਹੋਵੇ। ਇਸ ਸਬੰਧੀ 4 ਦਸੰਬਰ 2023 ਈ: ਨੂੰ ਇਕ ਪੱਤਰ ਲਿਖਿਆ ਸੀ, ਜਿਸ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

ਇਸੇ ਦੌਰਾਨ ਅਨੁਰਾਗ ਸਿੰਘ ਨੇ ਇਕ ਪੱਤਰ ਸਾਝਾਂ ਕੀਤਾ, ਜਿਹੜਾ ਇਸ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ (12 ਅਕਤੂਬਰ 2009) ਲਿਖਿਆ ਸੀ। ਉਸ ਪੱਤਰ ਨਾਲ ਅਨੁਰਾਗ ਸਿੰਘ ਦੇ ਘਰ (23 ਮਾਰਚ 2003) ਹੋਈ ਮੀਟਿੰਗ ਵਿਚ ਸਿੱਖ ਇਤਿਹਾਸ ਦੀਆਂ ਨਿਰਧਾਰਤ ਕੀਤੀਆਂ ਗਈਆਂ ਸ਼ੁੱਧ ਤਾਰੀਖਾਂ ਦੀ ਸੂਚੀ (7 ਪੰਨੇ) ਵੀ ਨੱਥੀ ਕੀਤੀ ਗਈ ਸੀ। ਜਿਸ ਬਾਰੇ ਅਨੁਰਾਗ ਸਿੰਘ ਦਾ ਦਾਅਵਾ ਹੈ ਕਿ ਕੈਲੰਡਰ ਕਮੇਟੀ ਨੇ ਅਗਲੇ ਦਿਨ ਹੀ ਉਹ ਤਾਰੀਖਾਂ ਬਦਲ ਦਿੱਤੀਆਂ ਸਨ। ਕਈ ਵਾਰ ਬੇਨਤੀ ਕਰਨ 'ਤੇ ਵੀ ਖਾਨਦਾਨੀ ਇਤਹਾਸਕਾਰ ਨੇ ਉਹ ਸੂਚੀ ਸਾਂਝੀ ਨਹੀਂ ਕੀਤੀ। ਮੈਂ ਇਕ ਵਾਰ ਇਹ ਵੀ ਲਿਖਿਆ ਸੀ ਕਿ ਜੇ ਇਹ ਸੱਚ ਹੈ ਕਿ ਤੁਹਾਡੇ ਘਰ ਹੋਈ ਮੀਟਿੰਗ ਵਿਚ ਨਿਰਧਾਰਤ ਕੀਤੀਆਂ ਤਾਰੀਖਾਂ ਬਦਲ ਦਿੱਤੀਆਂ ਗਈਆਂ ਸਨ, ਤੁਹਾਨੂੰ ਤਾਂ ਕੋਠੇ ਚੜ੍ਹ ਕੇ ਢੋਲ ਵਜਾਉਣਾ ਚਾਹੀਦਾ ਸੀ, ਪਰ ਤੁਸੀਂ ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਉਹ ਸੂਚੀ ਸਾਂਝੀ ਕਰਨ ਲਈ ਤਿਆਰ ਨਹੀਂ, ਅਜਿਹਾ ਕਿਉਂ ? ਖਾਨਦਾਨੀ ਇਤਿਹਾਸਕਾਰ ਨੇ ਦੜ ਵੱਟਣ ਵਿਚ ਹੀ ਭਲਾਈ ਸਮਝੀ!

ਆਪਣੀ ਹਰ ਦੂਜੀ-ਤੀਜੀ ਪੋਸਟ ਵਿਚ ਅਨੁਰਾਗ ਸਿੰਘ ਇਹ ਪੰਗਤੀਆਂ, "ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ, ਜਿਸ ਦਾ ਜ਼ਿਕਰ **John Bowker** ਇਸ ਤਰ੍ਹਾਂ ਕਰਦੇ ਹਨ: **"The Sikh Religious Calendar is a modified form of the Bikarami Calendar"**, ਪੇਸਟ ਕਰਦਾ ਰਿਹਾ ਹੈ। ਆਪਣੀ ਕਿਤਾਬ "ਮੂਲ ਸਿੱਖ ਕੈਲੰਡਰ" ਵਿਚ ਵੀ ਇਹ ਪੰਗਤੀ ਦਰਜ ਕਰਨਾ ਨਹੀਂ ਭੁਲੇ (ਪੰਨਾ 19)। ਪਰ ਜਦੋਂ, **'Oxford Dictionary of World Religions'** ਦਾ ਹਵਾਲਾ, "Sikhism The Sikhs' religious calendar is a modified form of the Bikrami calendar. The year is solar (23 minutes 44 seconds shorter than the Christian year) and the months are lunar. Lunar month dates, varying within fifteen days, are used for *gurpurbs. So in 1984 Guru *Gobind Singh's birthday fell on both 10 Jan. and 29 Dec. Solar months, based on the twelve zodiac signs, are also used, e.g. for *sangrands, *BaisakhI, and LohrI. The anniversaries of the battle of Chamkaur, martyrdom of the younger *sahibzade, and battle of *Muktsar are solar dates. Because of the discrepancy between the BikramI and Christian solar year these dates advance one day in sixty-seven years. (Page 188) ਦੇ ਕੇ ਸਵਾਲ ਕੀਤੇ, ਤਾਂ ਖਾਨਦਾਨੀ ਇਤਿਹਾਸਕਾਰ ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ 'ਤੇ ਅਮਲ ਕਰਨ ਵਿਚ ਹੀ ਭਲਾਈ ਸਮਝੀ। ਖੈਰ; ਇਹ ਤਾਂ ਸੀ ਭੂਤਕਾਲ ਦੀ ਗੱਲਾਂ, ਆਓ ਹੁਣ ਵਰਤਮਾਨ ਦੀ ਗੱਲ ਕਰੀਏ।

ਸਾਂਝੇ ਸੱਜਣਾ ਰਾਹੀਂ, ਅਨੁਰਾਗ ਸਿੰਘ ਦੀ ਇਕ ਨਵੀਂ ਪੋਸਟ ਪ੍ਰਾਪਤ ਹੋਈ ਹੈ। ਜਿਹੜੀ ਭਾਈ ਬਲਜਿੰਦਰ ਸਿੰਘ (ਰਾੜੇਵਾਲਾ) ਦੇ ਅਕਾਲ ਚਲਾਣੇ ਦੇ ਸਬੰਧ ਵਿਚ ਹੈ। ਇਸ ਵਿਚ ਅਨੁਰਾਗ ਸਿੰਘ ਲਿਖਦਾ ਹੈ:-

"ਫੇਰ 2009-2010 ਵਿਚ ਗੁਰ-ਪੰਥ ਵਿਚ ਕੈਲਡੰਰ ਵਿਵਾਦ ਨਾਲ ਘੁਸਪੈਠ ਕਰਨ ਵਾਲ਼ੀਆਂ ਨਾਸਤਕ ਸ਼ਕਤੀਆਂ ਦੇ ਵਿਰੁੱਧ ਜਦੋਂ ਖੜ੍ਹੇ ਹੋਣ ਦੀ ਘੜੀ ਆਈ, ਤਾਂ ਬਾਬਾ ਬਲਜਿੰਦਰ ਸਿੰਘ ਜੀ ਨੇ ਸਾਡੇ ਨਾਲ ਮਿਲਕੇ ਜੋ ਜਵਾਬ ਤਿਆਰ ਕੀਤਾ: 'ਪਾਲ ਸਿੰਘ ਪੁਰੇਵਾਲ ਦਾ ਘੜ੍ਹਕਾ ਕੈਲੰਡਰ", ਉਸ ਨੇ ਪਾਲ ਸਿੰਘ ਪੁਰੇਵਾਲ ਦੇ ਮੁੱਖ ਖਰੀਦੇ ਭਗਤਾਂ ਦੀਆ ਨਾਪਾਕ ਕੋਸ਼ਿਸ਼ਾਂ ਨੂੰ ਦੱਫਣ ਕਰਨ ਵਿਚ ਜੋ ਯੋਗਦਾਨ ਪਾਇਆ, ਉਹ ਹਮੇਸਾਂ ਯਾਦਗਾਰੀ ਮੀਲ ਪੱਥਰ ਦੀ ਤਰ੍ਹਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਅੰਕਿਤ ਰਹੇਗਾ। ਨਾਨਕਸਾਹੀ ਬਨਾਮ ਧੱਕੇਸ਼ਾਹੀ ਫਰਜੀ ਕੈਲੰਡਰ ਅਤੇ ਜੰਤਰੀ ਦਾ ਭੋਗ ਪਾਉਣ ਦੀ ਪੱਕੀ ਨੀਂਹ ਤਿਆਰ ਹੋਈ, ਜਿਸ ਨਾਲ 2010 ਵਿਚ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਵੱਲੋਂ ਮਨਜ਼ੂਰ ਕੀਤਾ ਘੜ੍ਹਕਾ ਕੈਲੰਡਰ ਦੱਫਣ ਕਰਕੇ ਸ਼੍ਰੋਮਣੀ ਕਮੇਟੀ ਨੇ 3 ਮੀਟਿੰਗਾਂ ਕਰਕੇ ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ "ਸਿੱਖ ਕੈਲੰਡਰ ਮੁੜ ਸੁਰਜੀਤ ਕੀਤਾ ਗਿਆ, ਜਿਸ ਵਿਚ ਸੁੱਦੀ-ਵੱਦੀ ਦੀ ਘਾਟ ਬਾਅਦ ਵਿਚ ਪੂਰੀ ਕੀਤੀ ਗਈ"।

ਇਥੇ ਖਾਸ ਧਿਆਨ ਦੇਣ ਵਾਲੀ ਵਾਲੀ ਗੱਲ ਇਹ ਹੈ ਕਿ, "ਜਿਸ ਨਾਲ 2010 ਵਿਚ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਵੱਲੋਂ ਮਨਜ਼ੂਰ ਕੀਤਾ ਘੜ੍ਹਕਾ ਕੈਲੰਡਰ ਦੱਫਣ ਕਰਕੇ ਸ਼੍ਰੋਮਣੀ ਕਮੇਟੀ ਨੇ 3 ਮੀਟਿੰਗਾਂ ਕਰਕੇ ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਸਿੱਖ ਕੈਲੰਡਰ ਮੁੜ ਸੁਰਜੀਤ ਕੀਤਾ ਗਿਆ"। ਇਸ ਪੰਗਤੀ ਦਾ ਭਾਵ ਜੋ ਮੈਂ ਸਮਝਿਆ ਹਾਂ, ਉਹ ਇਹ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ 14 ਮਾਰਚ 2010 ਈ: ਵਿਚ ਲਾਗੂ ਕੀਤਾ ਗਿਆ ਕੈਲੰਡਰ ਹੀ 'ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਹੈ। ਜਿਹੜੇ ਸਵਾਲ ਦਾ ਜਵਾਬ ਲੈਣ ਲਈ ਪਿਛਲੇ 9 ਸਾਲਾਂ ਤੋਂ ਵਾਰ-ਵਾਰ ਬੇਨਤੀਆਂ ਕਰ ਰਿਹਾ ਸੀ, ਉਸ ਸਵਾਲ ਦਾ ਜਵਾਬ ਇਸ ਪੋਸਟ ਵਿਚੋਂ ਮਿਲ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਇਹ ਪ੍ਰਚਾਰ ਕਰਕੇ, ਸੰਗਤਾਂ ਨੂੰ ਗੁਮਰਾਹ ਕਰਨ ਦੀ ਅਸਫਲ ਕੋਸਿਸ਼ ਕੀਤੀ ਜਾ ਰਹੀ ਹੈ ਕਿ ਪੁਰੇਵਾਲ ਨੇ ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤੇ 'ਮੂਲ ਸਿੱਖ ਕੈਲੰਡਰ' ਨੂੰ ਰੱਦ ਕਰਕੇ ਆਪਣਾ ਕੈਲੰਡਰ (ਘੜ੍ਹਕਾ ਕੈਲੰਡਰ) ਲਾਗੂ ਕਰਕੇ ਕੌਮ ਨੂੰ ਦੋਫਾੜ ਕਰ ਦਿੱਤਾ ਹੈ।

ਖਾਨਦਾਨੀ ਇਤਿਹਾਸਕਾਰ ਦੇ ਬਚਨ, "ਪਾਲ ਸਿੰਘ ਪੁਰੇਵਾਲ ਦੇ **Indian National Saka Calendar** ਨੂੰ ਨਾਨਕਸ਼ਾਹੀ ਦੇ ਨਾਮ ਨਾਲ ਪ੍ਰਚੱਲਤ ਕਰਕੇ ਮੂਲ ਨਾਨਕਸ਼ਾਹੀ ਕਹਿਣਾ ਅਤੇ ਗੁਰੂ ਸਾਹਿਬਾਂ ਵੱਲੋਂ ਆਪਣੇ ਹੱਥੀ ਵਰਤੇ ਬਿਕ੍ਰਮੀ ਕੈਲੰਡਰ ਦੇ ਸੋਧੇ ਰੂਪ ਨੂੰ ਹਿੰਦੂਵਾਦ ਕਹਿਕੇ ਬਦਨਾਮ ਕਰਨ ਵਾਲੇ ਚਿੱਕੜ ਚੁੱਕ ਭੇਖੀ ਸਿੱਖ ਕਾਮਰੇਡੀ ਸੋਚ ਦੇ ਭਗਤ ਬੰਨਕੇ ਗੁਰੂ ਨਾਲੋਂ ਟੁੱਟ ਕੇ ਖੁਆਰੀ ਦਾ ਸੰਤਾਪ ਭੋਗ ਰਹੇ ਹਨ"

ਅਸੀਂ ਬੜੀ ਮਗਜ਼ ਖਪਾਈ ਕੀਤੀ ਕਿ 'ਮੂਲ ਸਿੱਖ ਕੈਲੰਡਰ' ਬਾਰੇ ਕਿਤਿਓਂ ਜਾਣਕਾਰੀ ਮਿਲੇ, ਪਰ ਕਿੱਥੇ ? ਉਸ ਕੈਲੰਡਰ ਬਾਰੇ ਜਾਣਕਾਰੀ ਤਾਂ ਮਿਲਦੀ ਜੇ ਕੋਈ ਅਜੇਹਾ ਕੈਲੰਡਰ ਹੁੰਦਾ। ਹੁਣ ਅਨੁਰਾਗ ਸਿੰਘ ਨੇ ਲਿਖਤੀ ਤੌਰ 'ਤੇ ਮੰਨ ਲਿਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਾਰਚ 2010 ਈ: ਜਾਰੀ ਕੀਤਾ ਗਿਆ ਕੈਲੰਡਰ ਹੀ 'ਮੂਲ ਸਿੱਖ ਕੈਲੈਡਰ' ਹੈ, ਜਿਸ ਨੂੰ ਗੁਰੂ ਸਾਹਿਬ ਨੇ ਸੋਧ ਕੇ ਲਾਗੂ ਕੀਤਾ ਸੀ। ਇਹ ਤਾਂ ਉਹੀ ਗੱਲ ਹੋਈ, ਖੋਦਿਆ ਪਹਾੜ ਨਿਕਲਿਆ ਚੂਹਾ, ਉਹ ਵੀ..."। ਹੁਣ ਤਸਵੀਰ ਬਿਲਕੁਲ ਸਾਫ ਹੋ ਗਈ ਹੈ।

ਅਨੁਰਾਗ ਸਿੰਘ ਦਾ ਮੰਨਣਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2010 ਈ: ਵਿਚ ਜਾਰੀ ਕੀਤਾ ਗਿਆ ਕੈਲੰਡਰ, 'ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਹੈ। ਮੈਂ ਅਨੁਰਾਗ ਸਿੰਘ ਦੇ ਇਸ ਦਾਅਵੇ ਨੂੰ ਮੁੱਢੋਂ ਹੀ ਰੱਦ ਕਰਦਾ ਹਾਂ।

ਹੁਣ ਅਨੁਰਾਗ ਸਿੰਘ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਦਾਅਵੇ ਨੂੰ ਸਹੀ ਸਾਬਿਤ ਕਰੇ ਅਤੇ ਇਹ ਵੀ ਸਾਬਿਤ ਕਰੇ ਕਿ ਮਾਰਚ 2010 ਈ: ਵਾਲੇ ਕੈਲੰਡਰ ਵਿਚ, ਅਨੁਰਾਗ ਸਿੰਘ ਵੱਲੋਂ (12 ਅਗਸਤ 2009) ਭੇਜੀ ਗਈ ਸੂਚੀ ਮੁਤਾਬਕ ਹੀ ਸ਼ੁੱਧ ਤਾਰੀਖਾਂ ਦਰਜ ਕੀਤੀਆਂ ਗਈਆਂ ਸਨ।

> ਅਖੀਰ ਅਕਤੂਬਰ 2023 ਵਿਚ ਇਨ੍ਹਾਂ ਦੀ ਕਿਤਾਬ ਵੀ ਆ ਗਈ। ਕਿਤਾਬ ਦੇ ਨਾਮ "ਗੁਰੂ ਸਾਹਿਬ ਜੀ ਵੱਲੋਂ ਸਥਾਪਤ ਮੂਲ ਸਿੱਖ ਕੈਲੰਡਰ" ਤੋਂ ਇਹ ਆਸ ਬੱਝੀ ਕਿ ਹੁਣ ਤਾਂ 'ਮੂਲ ਸਿੱਖ ਕੈਲੰਡਰ' ਦੇ ਦਰਸ਼ਨ ਜ਼ਰੂਰ ਹੋ ਜਾਣਗੇ। ਪਰ ਕਿਤਾਬ ਪੜ੍ਹ ਕੇ ਵੀ ਨਿਰਾਸ਼ਾ ਹੀ ਪੱਲੇ ਪਈ। ਸ਼ਾਇਦ ਇਹ ਦੁਨੀਆਂ ਦੀ ਪਹਿਲੀ ਕਿਤਾਬ ਹੋਵੇਗੀ, ਜਿਸ ਦੇ ਨਾਮ (ਸਿਰਲੇਖ) ਵਾਲਾ ਅਧਿਆਏ ਹੀ ਕਿਤਾਬ ਵਿਚ ਨਾ ਹੋਵੇ। ਇਸ ਸਬੰਧੀ 4 ਦਸੰਬਰ 2023 ਈ: ਨੂੰ ਇਕ ਪੱਤਰ ਲਿਖਿਆ ਸੀ, ਜਿਸ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

# ਨਾਰੀ ਨਿਕੇਤਨ

## ਕੰਡੇ ਦਾ ਕੰਡਾ

-ਡਾ.ਅਮਰੀਕ ਸਿੰਘ ਕੰਡਾ
1764 ਗੁਰੂ ਰਾਮ ਦਾਸ ਨਗਰ ਨੇੜੇ
ਨੈਸ਼ਲੇ ਮੋਗਾ-142001 ਪੰਜਾਬ
98557-35666
ਪੰਜਾਬ ਮੇਲ USA



"ਜਿਸ ਕਿਸੇ ਨੂੰ ਵੀ ਕੋਈ ਵੀ ਦੁੱਖ ਤਕਲੀਫ ਹੋਵੇ, ਅਸੀਂ ਦੂਰ ਕਰਾਂਗੇ, ਇਹ ਤੁਹਾਡੇ ਨਾਲ ਸਾਡਾ ਵਾਅਦਾ ਰਿਹਾ, ਬੱਸ ਸਾਨੂੰ ਵੋਟ ਪਾਉ ਸਾਡੀ ਪਾਰਟੀ ਨੂੰ ਜਿਤਾਉ ਜੈ ਜਨਤਾ ਜੈ ਸੰਘਰਸ।" ਨੇਤਾ ਜੀ ਇਹ ਗੱਲ ਇਲੈਕਸ਼ਨਾਂ ਦੇ ਦਿਨਾਂ 'ਚ ਘਰ-ਘਰ ਜਾ ਕੇ ਕਹਿ ਰਹੇ ਸਨ।

ਵੋਟਾਂ ਮੰਗਦੇ ਮੰਗਦੇ ਉਹ ਰੈੱਡ ਲਾਈਟ ਏਰੀਏ 'ਚ ਆ ਗਏ। ਉਥੇ ਜਾ ਕੇ ਵੀ ਉਹ ਆਪਣਾ ਭਾਸ਼ਣ ਦੇਣ ਲੱਗੇ।

"ਤੁਸੀਂ ਆਪਣਾ ਕੀਮਤੀ ਵੋਟ ਮੈਨੂੰ ਦਿਉ, ਮੈਂ ਤੁਹਾਨੂੰ ਇਸ ਵੇਸ਼ਵਾਗਮਨੀ ਤੋਂ ਹਮੇਸ਼ਾਂ-ਹਮੇਸ਼ਾਂ ਲਈ ਛੁਟਕਾਰਾ ਦਿਵਾ ਦੇਵਾਂਗਾ, ਮੈਂ ਇੱਥੇ ਨਾਰੀ ਨਿਕੇਤਨ ਖੋਲਵਾ ਦੇਵਾਂਗਾ।"

ਵੇਸ਼ਵਾਵਾਂ ਦੀ ਪ੍ਰਧਾਨ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਰੋੜਾ ਚੁੱਕ ਕੇ ਨੇਤਾ ਜੀ ਦੇ ਸਿਰ 'ਚ ਮਾਰਿਆ ਤੇ ਕਿਹਾ "ਹਰਾਮਦਿਆ ਇਹ ਪਹਿਲਾਂ ਨਾਰੀ ਨਿਕੇਤਨ ਹੀ ਸੀ, ਤੇਰੇ ਤੋਂ ਪਹਿਲੇ ਨੇ ਸਾਨੂੰ ਇੱਥੇ ਤੱਕ ਪਹੁੰਚਾਇਆ।" ਨੇਤਾ ਜੀ ਉਥੋਂ ਖਿਸਕ ਗਏ।

# ਵਿਸ਼ਵ ਪ੍ਰਸਿੱਧ ਕਮੇਡੀਅਨ ਜਸਵਿੰਦਰ ਭੱਲਾ ਨੂੰ ਯਾਦ ਕਰਦਿਆਂ..

**ਉਨ੍ਹਾਂ ਨੇ ਭਾਵੇਂ ਦਰਜਨਾਂ ਪੰਜਾਬੀ ਫਿਲਮਾਂ ਕੀਤੀਆਂ ਪਰ 27 ਦੇ ਕਰੀਬ ਉਨ੍ਹਾਂ ਨੇ ਆਡੀਓ ਵੀਡੀਓ ਐਲਬਮਾਂ ਕੀਤੀਆਂ। ਜਸਵਿੰਦਰ ਭੱਲੇ ਦਾ ਛਣਕਾਟਾ ਪੰਜਾਬ ਦੇ ਵਿਚ ਬਹੁਤ ਮਕਬੂਲ ਹੋਇਆ। ਬਾਲਾ ਅਤੇ ਨੀਲੂ ਦੀ ਤਿਕੜੀ ਉਸ ਸਮੇਂ ਤੋਂ ਅੱਜ ਤੱਕ ਬਹੁਤ ਮਸ਼ਹੂਰ ਹੋਈ।**

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA







ਬੀਤੇ ਦਿਨੀਂ ਪੰਜਾਬ ਦੇ ਵਿਸ਼ਵ ਪ੍ਰਸਿੱਧ ਕਮੇਡੀਅਨ ਜਸਵਿੰਦਰ ਸਿੰਘ ਭੱਲਾ ਦਾ ਬੇਹੱਦ ਦੁੱਖਦਾਈ ਵਿਛੋੜਾ ਸਾਰਿਆਂ ਦੇ ਸੀਨੇ ਛੇਕ ਪਾ ਗਿਆ। ਉਹ ਪਿਛਲੇ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ। ਉਨ੍ਹਾਂ ਨੂੰ ਕਈ ਬਿਮਾਰੀਆਂ ਨੇ ਘੇਰਿਆ ਹੋਇਆ ਸੀ। ਜਿਸ ਦੇ ਚੱਲਦਿਆਂ ਕੁਝ ਦਿਨ ਪਹਿਲਾਂ ਜਸਵਿੰਦਰ ਭੱਲਾ ਸਦਾ ਲਈ ਸਾਡੇ ਕੋਲੋਂ ਚਲੇ ਗਏ। ਬਹੁਤ ਕਲਾਕਾਰ ਅਜਿਹੇ ਘੱਟ ਹੁੰਦੇ ਨੇ, ਜੋ ਚੰਗੀ ਛਾਪ ਲੋਕ ਮਨਾਂ ਦੇ ਅੰਦਰ ਉਚਰ ਜਾਂਦੇ ਨੇ। ਬਿਨਾਂ ਸੱਕ ਪੰਜਾਬੀਆਂ ਨੇ ਜਸਵਿੰਦਰ ਭੱਲਾ ਨੂੰ ਬਹੁਤ ਸਾਰਾ ਰੱਜਵਾਂ ਪਿਆਰ ਦਿੱਤਾ ਪਰ ਉਸ ਦੇ ਮੁਕਾਬਲੇ ਤੇ ਜਸਵਿੰਦਰ ਭੱਲਾ ਨੇ ਵੀ ਪੰਜਾਬ ਦੇ ਵੱਖ-ਵੱਖ ਚਲੰਤ ਮਾਮਲਿਆਂ ਨੂੰ ਲੈ ਕੇ ਸਦਾ ਹੀ ਸਰਕਾਰਾਂ ਨਾਲ ਆਢਾ ਲਾਈ ਰੱਖਿਆ।

ਜਸਵਿੰਦਰ ਭੱਲਾ ਦਾ ਜਨਮ ਕਰੀਬ 65 ਵਰੇ ਪਹਿਲਾਂ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਪਾਇਲ ਦੇ ਪਿੰਡ ਕੱਦੋਂ ਵਿਖੇ ਹੋਇਆ ਉਸ ਤੋਂ ਬਾਅਦ ਉਨ੍ਹਾਂ ਨੇ ਪੜ੍ਹਾਈ ਪਿੰਡ ਬਰਮਾਲੀਪੁਰ ਅਤੇ ਦੁਰਾਹਾ ਵਿਖੇ ਕੀਤੀ, ਜਿੱਥੇ ਉਨ੍ਹਾਂ ਦੇ ਪਿਤਾ ਬਹਾਦਰ ਸਿੰਘ ਜੀ ਮੁੱਖ ਅਧਿਆਪਕ ਵਜੋਂ ਸੇਵਾਵਾਂ ਨਿਭਾ ਰਹੇ ਸਨ। ਜਸਵਿੰਦਰ ਭੱਲਾ ਦੀ ਪਤਨੀ ਉਨ੍ਹਾਂ ਦੇ ਬੇਟੇ ਪੁਖਰਾਜ ਨੇ ਵੀ ਉਨ੍ਹਾਂ ਦਾ ਜੀਵਨ ਸਫਰ ਦੌਰਾਨ ਚੰਗਾ ਸਾਥ ਨਿਭਾਇਆ, ਬਿਨਾਂ ਸਖਤ ਜਸਵਿੰਦਰ ਭੱਲਾ ਪਿਛਲੇ ਸਮੇਂ ਤੋਂ ਕਈ ਬਿਮਾਰੀਆਂ ਤੋਂ ਪੀੜਤ ਚੱਲ ਰਹੇ ਸਨ ਪਰ ਕਿਸੇ ਨੂੰ ਵੀ ਐਡੀ ਛੇਤੀ ਆਸ ਨਹੀਂ ਸੀ ਕਿ ਉਹ ਸੰਸਾਰ ਤੋਂ ਸਦਾ ਲਈ ਤੁਰ ਜਾਣਗੇ। ਜੇਕਰ ਪੰਜਾਬੀ ਫਿਲਮ ਖੇਤਰ ਦੀ ਗੱਲ ਕਰੀਏ, ਤਾਂ ਗਿੱਪੀ ਗਰੇਵਾਲ, ਦਲਜੀਤ ਦੋਸਾਂਝ, ਬੀਨੂ ਢਿੱਲੋਂ, ਬੀ.ਐੱਨ. ਸ਼ਰਮਾ, ਨੀਰੂ ਬਾਜਵਾ, ਐਮੀ ਵਿਰਕ ਵਰਗੇ ਵੱਡੇ ਕਲਾਕਾਰਾਂ ਨਾਲ ਕਲਾਕਾਰਾਂ ਨਾਲ ਕੰਮ ਕਰਦਿਆਂ ਉਹ ਰਾਹ ਦਸੇਰਾ ਬਣੇ।

ਉਨ੍ਹਾਂ ਨੇ ਭਾਵੇਂ ਦਰਜਨਾਂ ਪੰਜਾਬੀ ਫਿਲਮਾਂ ਕੀਤੀਆਂ ਪਰ 27 ਦੇ ਕਰੀਬ ਉਨ੍ਹਾਂ ਨੇ ਆਡੀਓ ਵੀਡੀਓ ਐਲਬਮਾਂ ਕੀਤੀਆਂ। ਜਸਵਿੰਦਰ ਭੱਲੇ ਦਾ ਛਣਕਾਟਾ ਪੰਜਾਬ ਦੇ ਵਿਚ ਬਹੁਤ ਮਕਬੂਲ ਹੋਇਆ। ਬਾਲਾ ਅਤੇ ਨੀਲੂ ਦੀ ਤਿਕੜੀ ਉਸ ਸਮੇਂ ਤੋਂ ਅੱਜ ਤੱਕ ਬਹੁਤ ਮਸ਼ਹੂਰ ਹੋਈ। ਛਣਕਾਟਾ ਸੰਨ 88 ਦੇ ਵਿਚ ਮਾਰਕੀਟ ਦੇ ਵਿਚ ਆਇਆ। ਪੰਜਾਬ ਦੇ ਕਲਾਕਾਰਾਂ ਦੇ ਮਨਾਂ ਅੰਦਰ ਵੀ ਜਸਵਿੰਦਰ ਭੱਲਾ ਪ੍ਰਤੀ ਬਹੁਤ ਸਤਿਕਾਰ ਵੇਖਿਆ ਗਿਆ। ਪੰਜਾਬ ਦੇ ਲੋਕ ਅਤੇ ਕਲਾਕਾਰ ਭੁੱਬੀ ਰੋਂਦੇ ਵੇਖੇ ਗਏ, ਇਹ ਸਤਿਕਾਰ ਸਿਰਫ ਜਸਵਿੰਦਰ ਭੱਲਾ ਦੇ ਲਈ ਲੋਕ ਮਨਾਂ ਅੰਦਰ ਉਮੜਿਆ ਸੈਲਾਬ ਆਖਿਆ ਜਾ ਸਕਦਾ ਹੈ। ਕਿਉਂਕਿ ਕਲਾਕਾਰ ਆਉਂਦੇ ਨੇ ਕਲਾਕਾਰ ਤੁਰ ਜਾਂਦੇ ਨੇ ਪਰ ਬਹੁਤ ਅਜਿਹੇ ਘੱਟ ਕਲਾਕਾਰ ਨੇ, ਜੋ ਲੋਕਾਂ ਦਾ ਮਾਣ ਲੈ ਕੇ ਇਸ ਸੰਸਾਰ ਤੋਂ ਜਾਂਦੇ ਹਨ। ਅੱਜ ਦੇ ਸਮੇਂ ਅੰਦਰ ਸੰਸਾਰ ਦੇ ਵਿਚ ਤੁਹਾਨੂੰ ਦੁੱਖ ਦੇਣ ਵਾਲੇ ਬਹੁਤ ਮਿਲ ਜਾਣਗੇ ਪਰ ਹਸਾ ਕੇ ਸੁੱਖ ਦੇਣ ਵਾਲੇ ਇਨਸਾਨਾਂ ਦੀ ਕਮੀ ਬਹੁਤ ਘੱਟ ਹੈ। ਇਹ ਸਭ ਜਸਵਿੰਦਰ ਭੱਲਾ ਦੇ ਵਿਚ ਸੀ, ਉਹ ਲੋਕਾਂ ਨੂੰ ਹਸਾਉਂਦੇ ਸਨ।


ਉਨ੍ਹਾਂ ਦੀ ਹਸਪਤਾਲ ਦੇ ਵਿਚੋਂ ਆਈ ਆਖਰੀ ਤਸਵੀਰ ਨੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਉਹ ਕਿਸੇ ਵੀ ਇਨਸਾਨ ਦੇ ਮਨ ਦੇ ਵਿਚ ਉਕਰ ਗਈ ਹੈ। ਜਦ ਵੀ ਜਸਵਿੰਦਰ ਭੱਲਾ ਨੇ ਵਿਦੇਸ਼ਾਂ ਵਿਚ ਆਉਣਾ, ਤਾਂ ਉਨ੍ਹਾਂ ਨੂੰ ਉੱਥੇ ਵੀ ਮਣਾ ਮੂੰਹੀਂ ਪਿਆਰ ਦਿੱਤਾ ਜਾਂਦਾ ਸੀ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਜਸਵਿੰਦਰ ਭੱਲਾ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਉਹ ਲੁਧਿਆਣਾ ਦੀ ਖੇਤੀਬਾੜੀ ਯੂਨੀਵਰਸਿਟੀ ਦੇ ਵਿਚ ਅਫ਼ਸਰ ਸਨ, ਜਿੱਥੇ ਉਨ੍ਹਾਂ ਵੱਲੋਂ ਕਿਸਾਨੀ ਖੇਤਰ ਦੇ ਵਿਚ ਪਾਈਆਂ ਸੇਵਾਵਾਂ ਨੂੰ ਵੀ ਸਦਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦਾ ਪੁੱਤਰ ਪੁਖਰਾਜ ਭੱਲਾ ਵੀ ਫਿਲਮੀ ਕਲਾ ਦੇ ਖੇਤਰ ਅੰਦਰ ਚੰਗੇ ਰੰਗ ਬਖੇਰ ਰਿਹਾ ਹੈ। ਬਿਨਾਂ ਸ਼ੱਕ ਜਸਵਿੰਦਰ ਭੱਲੇ ਦਾ ਜਾਣਾ ਸਾਡੇ ਸਭਨਾਂ ਲਈ ਬੇਹੱਦ ਦੁੱਖਦਾਈ ਹੈ, ਅਜਿਹੇ ਕਲਾਕਾਰਾਂ ਦਾ ਵਿਛੜਨਾ ਸਾਡੇ ਸਮਾਜ ਲਈ ਵੱਡਾ ਘਾਟਾ ਹੁੰਦਾ ਹੈ।

ਜਸਵਿੰਦਰ ਭੱਲਾ ਦੀਆਂ ਪੰਜਾਬੀ ਫਿਲਮਾਂ ਦੀ ਗੱਲ ਕਰੀਏ, ਤਾਂ ਕੈਰੀ ਆਨ ਜੱਟਾ, ਮਾਹੌਲ ਠੀਕ ਹੈ, ਮਾਮਲਾ ਗੜਬੜ ਹੈ, ਜੱਟ ਐਂਡ ਜੂਲੀਅਟ, ਜੱਟ ਐਂਡ ਜੂਲੀਅਟ ਟੂ ਤੋਂ ਇਲਾਵਾ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਦੇ ਅੰਦਰ ਉਨ੍ਹਾਂ ਨੇ ਇਤਿਹਾਸਕ ਰੋਲ ਨਿਭਾਇਆ। ਜੇਕਰ ਉਨ੍ਹਾਂ ਦੇ ਡਾਇਲਾਗਾਂ ਦੀ ਗੱਲ ਕਰੀਏ, ਤਾਂ 'ਦੋ ਜੰਮੇ ਦੋ ਨਿਕੰਮੇ', 'ਕਾਲਾ ਕੋਟ ਐਵੇਂ ਨਹੀਂ ਪਾਇਆ', 'ਮੈਂ ਤਾਂ ਭੰਨ ਦੂ ਬੁੱਲਾਂ ਨਾਲ ਖਰੋਟ, 'ਫੁਮਣ ਫਿਰੋਜ਼ਪੁਰੀਆ, 'ਚੰਡੀਗੜ੍ਹ ਢੈਹ ਜੁ ਤਾਂ ਪਿੰਡਾਂ ਵਰਗਾ ਰਹਿ ਜੂ' ਜੇ ਪਿੰਡ ਹੀ ਢਹਿ ਜਾਊ, ਤਾਂ ਮਗਰ ਕੀ ਰਹਿ ਜੂ, 'ਗੰਦੀ ਔਲਾਦ ਮਜਾ ਨਾ ਸਵਾਦ' ਵਰਗੇ ਦਰਜਣਾਂ ਡਾਇਲਾਗ ਅਖਾਣ ਬਣ ਗਏ। ਬਿਨਾਂ ਸ਼ੱਕ ਪੰਜਾਬੀ ਸਿਨਮੇ ਪ੍ਰਤੀ ਜਸਵਿੰਦਰ ਭੱਲਾ ਦੀਆਂ ਸੇਵਾਵਾਂ ਨੂੰ ਸ਼ਾਦਾ ਯਾਦ ਰੱਖਿਆ ਜਾਵੇਗਾ। ਆਮੀਨ

# ਦਿਮਾਗ ਇਕੱਲਾ ਕੰਮ ਨਹੀਂ ਕਰ ਰਿਹਾ - ਤੁਹਾਡਾ ਸਾਰਾ ਸਰੀਰ ਸਾਰਾ ਸਮਾਂ ਇਸ ਵਿਚ ਸ਼ਾਮਲ ਰਹਿੰਦਾ ਹੈ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA





ਤੁਹਾਡਾ ਸਰੀਰ ਅਤੇ ਮਨ ਵੱਖ-ਵੱਖ ਹਸਤੀਆਂ ਨਹੀਂ ਹਨ; ਉਹ ਇੱਕ ਸਿੰਗਲ, ਆਪਸ ਵਿਚ ਜੁੜੇ ਹੋਏ ਸਿਸਟਮ ਹਨ, ਜੋ ਲਗਾਤਾਰ ਸੰਚਾਰ ਕਰਦੇ ਹਨ। ਇਹ ਸਿਰਫ਼ ਇੱਕ ਦਾਰਸ਼ਨਿਕ ਸੰਕਲਪ ਨਹੀਂ ਹੈ, ਇਹ ਦਹਾਕਿਆਂ ਦੀ ਵਿਗਿਆਨਕ ਖੋਜ ਦੁਆਰਾ ਸਮਰਥਤ ਹੈ। ਤੁਹਾਡੇ ਦੁਆਰਾ ਅਨੁਭਵ ਕੀਤਾ ਗਿਆ ਹਰ ਵਿਚਾਰ, ਭਾਵਨਾ ਅਤੇ ਤਣਾਅ ਇੱਕ ਸਰੀਰਕ ਪ੍ਰਤੀਕ੍ਰਿਆ ਨੂੰ ਚਾਲੂ ਕਰਦਾ ਹੈ ਅਤੇ ਬਦਲੇ ਵਿਚ ਤੁਹਾਡੀ ਸਰੀਰਕ ਸਥਿਤੀ, ਤੁਹਾਡੀ ਮਾਨਸਿਕ ਸਥਿਤੀ ਨੂੰ ਪ੍ਰਭਾਵਿਤ ਕਰਦੀ ਹੈ। ਸੰਚਾਰ ਕਿਵੇਂ ਕੰਮ ਕਰਦਾ ਹੈ, ਇਹ ਨਿਰੰਤਰ ਦੋ-ਪੱਖੀ ਸੰਵਾਦ ਪ੍ਰਣਾਲੀਆਂ ਦੇ ਇੱਕ ਗੁੰਝਲਦਾਰ ਨੈੱਟਵਰਕ ਰਾਹੀਂ ਹੁੰਦਾ ਹੈ, ਮੁੱਖ ਤੌਰ 'ਤੇ ਨਰਵਸ, ਐਂਡੋਕਰੀਨ (ਹਾਰਮੋਨਲ) ਅਤੇ ਇਮਿਊਨ ਸਿਸਟਮ।

**ਦਿਮਾਗੀ ਪ੍ਰਣਾਲੀ:** ਆਪਣੇ ਦਿਮਾਗੀ ਪ੍ਰਣਾਲੀ ਨੂੰ ਇੱਕ ਤੇਜ਼-ਰਫ਼ਤਾਰ ਹਾਈਵੇਅ ਸਮਝੋ। ਦਿਮਾਗ, ਕਮਾਂਡ ਸੈਂਟਰ ਵਜੋਂ ਕੰਮ ਕਰਦਾ ਹੈ, ਰੀੜ੍ਹ ਦੀ ਹੱਡੀ ਅਤੇ ਨਸਾਂ ਦੇ ਇੱਕ ਵਿਸ਼ਾਲ ਨੈੱਟਵਰਕ ਰਾਹੀਂ ਤੁਹਾਡੇ ਸਰੀਰ ਦੇ ਹਰ ਕਾਰਜ ਨੂੰ ਨਿਯੰਤਰਿਤ ਕਰਨ ਲਈ ਬਿਜਲੀ ਦੇ ਸੰਕੇਤ ਭੇਜਦਾ ਹੈ, ਸਾਹ ਲੈਣ ਅਤੇ ਪਾਚਨ ਤੋਂ ਲੈ ਕੇ ਗਤੀ ਅਤੇ ਦਰਦ ਦੀ ਭਾਵਨਾ ਤੱਕ। ਬਦਲੇ ਵਿਚ, ਸੰਵੇਦੀ ਨਸਾਂ ਤੁਹਾਡੇ ਸਰੀਰ ਤੋਂ ਦਿਮਾਗ ਨੂੰ ਜਾਣਕਾਰੀ ਵਾਪਸ ਭੇਜਦੀਆਂ ਹਨ, ਜੋ ਇਸਨੂੰ ਕੀ ਹੋ ਰਿਹਾ ਹੈ, ਬਾਰੇ ਅਸਲ-ਸਮੇਂ ਦੇ ਅਪਡੇਟਸ ਦਿੰਦੀਆਂ ਹਨ।

**ਐਂਡੋਕਰੀਨ ਸਿਸਟਮ:** ਇਹ ਸਿਸਟਮ ਹਾਰਮੋਨਸ ਨੂੰ ਆਪਣੇ ਸੰਦੇਸ਼ਵਾਹਕਾਂ ਵਜੋਂ ਵਰਤਦਾ ਹੈ। ਉਦਾਹਰਣ ਵਜੋਂ, ਜਦੋਂ ਤੁਸੀਂ ਤਣਾਅ ਮਹਿਸੂਸ ਕਰਦੇ ਹੋ, ਤਾਂ ਤੁਹਾਡਾ ਦਿਮਾਗ "ਲੜਾਈ-ਜਾਂ-ਉਡਾਣ" ਪ੍ਰਤੀਕਿਰਿਆ ਨੂੰ ਸਰਗਰਮ ਕਰਦਾ ਹੈ, ਕੋਰਟੀਸੋਲ ਅਤੇ ਐਡਰੇਨਾਲੀਨ ਵਰਗੇ ਹਾਰਮੋਨ ਛੱਡਦਾ ਹੈ। ਇਹ ਹਾਰਮੋਨ ਤੁਹਾਡੇ ਸਰੀਰ ਵਿਚ ਫੈਲਦੇ ਹਨ, ਜਿਸ ਨਾਲ ਤੁਹਾਡੇ ਦਿਲ ਦੀ ਧੜਕਣ ਵਧ ਜਾਂਦੀ ਹੈ, ਤੁਹਾਡੀਆਂ ਮਾਸਪੇਸ਼ੀਆਂ ਤਣਾਅ ਵਿਚ ਆ ਜਾਂਦੀਆਂ ਹਨ, ਅਤੇ ਤੁਹਾਡਾ ਸਾਹ ਤੇਜ਼ ਹੋ ਜਾਂਦਾ ਹੈ। ਇਹ ਸਿਰਫ਼ ਇੱਕ ਮਾਨਸਿਕ ਭਾਵਨਾ ਨਹੀਂ ਹੈ, ਇਹ ਇੱਕ ਬਹੁਤ ਹੀ ਅਸਲੀ ਸਰੀਰਕ ਘਟਨਾ ਹੈ।

**ਇਮਿਊਨ ਸਿਸਟਮ:** ਤੁਹਾਡਾ ਮਨ ਅਤੇ ਇਮਿਊਨ ਸਿਸਟਮ ਲਗਾਤਾਰ ਸੰਚਾਰ ਵਿਚ ਰਹਿੰਦੇ ਹਨ। ਤਣਾਅ ਅਤੇ ਨਕਾਰਾਤਮਕ ਭਾਵਨਾਵਾਂ ਕਮਜ਼ੋਰ ਇਮਿਊਨ ਪ੍ਰਤੀਕਿਰਿਆ ਦਾ ਕਾਰਨ ਬਣ ਸਕਦੀਆਂ ਹਨ, ਜਿਸ ਨਾਲ ਤੁਸੀਂ ਬਿਮਾਰੀ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋ ਸਕਦੇ ਹੋ। ਇਸਦੇ ਉਲਟ, ਸਕਾਰਾਤਮਕ ਮਾਨਸਿਕ ਸਥਿਤੀਆਂ ਅਤੇ ਮਜ਼ਬੂਤ ਸਮਾਜਿਕ ਸੰਪਰਕ ਇਮਿਊਨ ਫੰਕਸ਼ਨ ਨੂੰ ਵਧਾਉਣ ਲਈ ਦਿਖਾਇਆ ਗਿਆ ਹੈ। ਮਨ-ਸਰੀਰ ਦੇ ਸੰਬੰਧ ਦਾ ਪ੍ਰਭਾਵ ਇਸ ਨਿਰੰਤਰ ਆਪਸੀ ਤਾਲਮੇਲ ਦਾ ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਦੋਵਾਂ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ।

**ਮਾਨਸਿਕ ਸਥਿਤੀਆਂ ਤੋਂ ਸਰੀਰਕ ਲੱਛਣ:** ਮਨ-ਸਰੀਰ ਦਾ ਸਬੰਧ ਬਹੁਤ ਹੀ ਠੋਸ ਤਰੀਕਿਆਂ ਨਾਲ ਪ੍ਰਗਟ ਹੋ ਸਕਦਾ ਹੈ। ਲੰਬੇ ਸਮੇਂ ਤੋਂ ਤਣਾਅ, ਚਿੰਤਾ, ਜਾਂ ਡਿਪਰੈਸ਼ਨ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਵਿਚ ਯੋਗਦਾਨ ਪਾ ਸਕਦਾ ਹੈ, ਜਿਸ ਵਿਚ ਸਿਰ ਦਰਦ, ਪਾਚਨ ਸਮੱਸਿਆਵਾਂ, ਹਾਈ ਬਲੱਡ ਪ੍ਰੈਸ਼ਰ ਅਤੇ ਮਾਸਪੇਸ਼ੀਆਂ ਵਿੱਚ ਤਣਾਅ ਸ਼ਾਮਲ ਹੈ।

**ਸਰੀਰਕ ਕਿਰਿਆਵਾਂ ਤੋਂ ਮਾਨਸਿਕ ਸਥਿਤੀਆਂ:** ਇਹ ਸਬੰਧ ਦੂਜੀ ਦਿਸ਼ਾ ਵਿਚ ਵੀ ਕੰਮ ਕਰਦਾ ਹੈ। ਸਰੀਰਕ ਗਤੀਵਿਧੀ ਸਿਰਫ਼ ਤੁਹਾਡੀਆਂ ਮਾਸਪੇਸ਼ੀਆਂ ਅਤੇ ਦਿਲ ਲਈ ਹੀ ਚੰਗੀ ਨਹੀਂ ਹੈ, ਇਹ ਤੁਹਾਡੇ ਦਿਮਾਗ ਲਈ ਇੱਕ ਸ਼ਕਤੀਸ਼ਾਲੀ ਸੰਦ ਹੈ। ਕਸਰਤ ਐਂਡੋਰਫਿਨ ਛੱਡਦੀ ਹੈ, ਜੋ ਤੁਹਾਡੇ ਮੂਡ ਨੂੰ ਸੁਧਾਰ ਸਕਦੀ ਹੈ ਅਤੇ ਤਣਾਅ ਨੂੰ ਘਟਾ ਸਕਦੀ ਹੈ। ਇਸੇ ਤਰ੍ਹਾਂ, ਯੋਗਾ, ਧਿਆਨ ਅਤੇ ਡੂੰਘੇ ਸਾਹ ਲੈਣ ਵਰਗੇ ਅਭਿਆਸ ਤੁਹਾਡੇ ਦਿਮਾਗੀ ਪ੍ਰਣਾਲੀ ਨੂੰ ਸ਼ਾਂਤ ਕਰਨ ਅਤੇ ਤੰਦਰੁਸਤੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਕਰ ਸਕਦੇ ਹਨ। ਇਸ ਡੂੰਘੇ ਸਬੰਧ ਨੂੰ ਸਮਝਣਾ ਸਿਹਤ ਪ੍ਰਤੀ ਵਧੇਰੇ ਸੰਪੂਰਨ ਪਹੁੰਚ ਅਪਣਾਉਣ ਦੀ ਕੁੰਜੀ ਹੈ। ਤੁਹਾਡਾ ਸਰੀਰ ਸਿਰਫ਼ ਤੁਹਾਡੇ ਦਿਮਾਗ ਲਈ ਇੱਕ ਵਾਹਨ ਨਹੀਂ ਹੈ; ਇਹ ਇੱਕ ਸਹਿ-ਪਾਇਲਟ ਹੈ ਅਤੇ ਇਸਦੀ ਤੰਦਰੁਸਤੀ ਇੱਕ ਸਿਹਤਮੰਦ ਮਨ ਲਈ ਜ਼ਰੂਰੀ ਹੈ।

# ਕਲਮ ਦੀ ਮੈਰਾਥਨ ਦੇ ਦੌੜਾਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ

ਪੂਰਨ ਸਿੰਘ ਪਾਂਧੀ
ਪੰਜਾਬ ਮੇਲ USA

ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਖੇਡ-ਸਾਹਿਤ ਦਾ ਮੋਢੀ ਲੇਖਕ ਹੈ। ਕੋਈ ਉਸ ਨੂੰ ਪੰਜਾਬੀ ਖੇਡ ਪੱਤਰਕਾਰੀ ਦਾ ਕੌਮਾਂਤਰੀ ਪੱਤਰਕਾਰ ਕਹਿੰਦਾ ਹੈ ਤੇ ਕੋਈ ਖੇਡ ਸਾਹਿਤ ਦਾ ਬਾਬਾ ਬੋਹੜ। ਜਸਵੰਤ ਸਿੰਘ ਕੰਵਲ ਨੇ ਉਸ ਨੂੰ 'ਖੇਡਾਂ ਦਾ ਵਣਜਾਰਾ' ਕਹਿੰਦਿਆਂ ਲਿਖਿਆ ਸੀ: ਬੁਨਿਆਦੀ ਪੱਖੋਂ ਉਸ ਨੇ ਖੇਡ ਸਾਹਿਤ ਦਾ ਪਿੜ ਬੰਨ੍ਹ ਦਿੱਤਾ ਹੈ। ਖਿਡਾਰੀਆਂ ਦੇ ਉਤਸ਼ਾਹ ਨੂੰ ਜ਼ਰਬਾਂ ਦਿੱਤੀਆਂ ਹਨ। ਨਵੇਂ ਪੋਚ ਦੇ ਲਹੂ ਵਿਚ ਅੰਗੜਾਈਆਂ ਛੇੜੀਆਂ ਹਨ ਅਤੇ ਸੈਂਕੜੇ ਹਜ਼ਾਰਾਂ ਪਾਠਕਾਂ ਨੂੰ ਖੇਡਾਂ ਵੱਲ ਮੋੜਿਆ ਹੈ। ਡਾ. ਹਰਿਭਜਨ ਸਿੰਘ ਨੇ ਲਿਖਿਆ: ਸਰਵਣ ਸਿੰਘ 'ਸ਼ਬਦਾਂ ਦਾ ਓਲੰਪੀਅਨ' ਹੈ। ਵੇਖਣ ਨੂੰ ਉਹਦੀ ਲਿਖਤ ਸਿੱਧੀ ਸਾਦੀ ਜਾਪਦੀ ਹੈ, ਪਰ ਉਹਦੀ ਸ਼ਬਦ-ਘਾੜਤ ਪਿੱਛੇ ਬੜੀ ਕਰੜੀ ਘਾਲਣਾ ਦਾ ਝਾਉਲਾ ਪੈਂਦਾ ਹੈ। ਹਰ ਵਾਕ ਤਿੱਖੀ ਝੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫ਼ਾਰਮ ਨਾਲ ਹੀ ਚਕਾਚੌਂਧ ਕਰ ਦੇਂਦੀ ਹੈ!

ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਪੁਸਤਕ ਵਿਚ ਲਿਖਿਆ: ਸਰਵਣ ਸਿੰਘ ਦੀਆਂ ਲਿਖਤਾਂ ਵਿਚ ਵੱਖਰਾ ਹੀ ਜਨੂੰਨ ਹੈ। ਪਾਠਕ ਉਸ ਦੀਆਂ ਰਚਨਾਵਾਂ ਦੀ ਟਿਕ-ਟਿਕੀ ਲਾ ਕੇ ਉਡੀਕ ਕਰਦੇ ਹਨ। ਉਸ ਦੀਆਂ ਰਚਨਾਵਾਂ ਨੇ ਪਾਠਕਾਂ ਅੰਦਰਲਾ ਖਿਡਾਰੀ ਜੋ ਅਲੋਪ ਹੋ ਚੁੱਕਾ ਸੀ, ਉਸ ਨੂੰ ਮੁੜ ਕੇ ਸੁਰਜੀਤ ਕਰ ਦਿੱਤਾ ਹੈ। ਸਰਵਣ ਸਿੰਘ ਦੀਆਂ 'ਆਰਸੀ' ਵਿਚ ਛਪ ਰਹੀਆਂ ਪਹਿਲੀਆਂ ਰਚਨਾਵਾਂ ਹੀ ਮਾਊਂਟ ਐਵਰੈੱਸਟੀ ਬੁਲੰਦੀ ਤੋਂ ਬੋਲਦੀਆਂ ਸਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਸੀ। ਕਵੀ ਗੁਰਚਰਨ ਰਾਮਪੁਰੀ ਨੇ ਉਹਦਾ 'ਤੁਰੋ ਤੇ ਤੰਦਰੁਸਤ ਰਹੋ' ਲੇਖ ਪੜ੍ਹ ਕੇ ਚਿੱਠੀ ਲਿਖੀ: ਅਜਿਹੀ ਸੋਹਣੀ ਵਾਰਤਕ ਪੜ੍ਹ ਕੇ ਪੰਜਾਬੀ ਬੋਲੀ ਦੀ ਸਮਰੱਥਾ ਉਤੇ ਮੇਰਾ ਭਰੋਸਾ ਹੋਰ ਪੱਕਾ ਹੋ ਗਿਆ। ਤੁਹਾਡੀ ਵਾਰਤਕ ਅਜਿਹੀ ਸੰਜਮ ਭਰੀ ਹੁੰਦੀ ਹੈ ਕਿ ਤੁਹਾਡੇ ਉਤੇ ਰਸ਼ਕ ਆਉਂਦਾ ਹੈ। ਨਾਟਕਕਾਰ ਆਤਮਜੀਤ ਦੇ ਲਿਖਣ ਅਨੁਸਾਰ: ਸਰਵਣ ਸਿੰਘ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਪੜ੍ਹਨ ਤੋਂ ਬਾਅਦ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਉਹ ਪੰਜਾਬੀ ਵਿਚ ਸਰਵੋਤਮ ਵਾਰਤਕ ਰਚ ਰਹੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੇਖਕਾਂ ਵਿਚੋਂ ਇੱਕ ਹੈ।

ਕੋਈ ਕਲਮਕਾਰ ਉਸ ਨੂੰ ਪੰਜਾਬੀ ਦਾ ਇੰਟਰਨੈਸ਼ਨਲ ਖੇਡ ਲੇਖਕ ਕਹਿੰਦਾ ਹੈ, ਕੋਈ ਪੰਜਾਬੀ ਖੇਡ ਸੱਭਿਆਚਾਰ ਦਾ ਖੇਡ ਰਤਨ ਤੇ ਕੋਈ ਗਿਆਨੀ ਗੁਰਦਿੱਤ ਸਿੰਘ ਵਰਗਾ ਪੇਂਡੂ ਰਹਿਤਲ ਦਾ ਦਿਲਚਸਪ ਲੇਖਕ। ਵਰਿਆਮ ਸਿੰਘ ਸੰਧੂ ਨੇ ਇਹ ਵੀ ਲਿਖਿਆ: ਪਿਛਲੇ ਪੰਜਾਹ-ਸੱਠਾਂ ਸਾਲਾਂ ਵਿਚ ਪੰਜਾਬ ਦਾ ਪਿੰਡ ਕਿਵੇਂ ਜੀਵਿਆ, ਵਿਚਰਿਆ ਤੇ ਬਦਲਿਆ, ਇਸ ਦੀ ਸਭ ਤੋਂ ਵੱਡੀ ਯਾਦ-ਜੋਗ ਝਾਕੀ ਸਰਵਣ ਸਿੰਘ ਦੀਆਂ ਲਿਖਤਾਂ ਵਿਚੋਂ ਹੀ ਮਿਲੇਗੀ। ਇਨ੍ਹਾਂ ਲਿਖਤਾਂ ਵਿਚ ਬਦਲ ਰਹੇ ਪੰਜਾਬ ਦੀ ਆਤਮਾ ਦੇ ਬਹੁਰੰਗੇ ਝਲਕਾਰੇ ਦ੍ਰਿਸ਼ਟਮਾਨ ਹੁੰਦੇ ਹਨ। ਉਸ ਨੇ ਗਿਆਨੀ ਗੁਰਦਿੱਤ ਸਿੰਘ ਦੇ ਬੁਲੰਦ ਝੰਡੇ ਦੇ ਨਾਲ ਆਪਣਾ ਝੰਡਾ ਵੀ ਬਰਾਬਰ ਗੱਡ ਦਿੱਤਾ ਹੈ। ਜੇ ਇਹ ਝੰਡਾ ਗਿਆਨੀ ਹੁਰਾਂ ਦੇ ਝੰਡੇ ਤੋਂ ਉੱਚਾ ਨਹੀਂ, ਤਾਂ ਨੀਵਾਂ ਤਾਂ ਕਿਸੇ ਸੂਰਤ ਵਿਚ ਵੀ ਨਹੀਂ।

**ਗੁਰਬਚਨ ਸਿੰਘ ਭੁੱਲਰ ਨੇ ਲਿਖਿਆ:** ਯੂਨੀਵਰਸਿਟੀਆਂ ਬੇਸ਼ੱਕ ਅੱਖਾਂ ਬੰਦ ਕਰੀ ਰੱਖਣ, ਜਿਥੋਂ ਤੱਕ ਪੰਜਾਬੀ ਖੇਡ-ਸਾਹਿਤ ਨੂੰ ਪਿਆਰ ਕਰਨ ਵਾਲਿਆਂ ਦਾ ਤੇ ਉਸ ਵਿਚ ਪਾਏ ਸਰਵਣ ਸਿੰਘ ਦੇ ਹਿੱਸੇ ਦੇ ਕਦਰਦਾਨਾਂ ਦਾ ਸੰਬੰਧ ਹੈ, ਉਹ ਪੰਜਾਬੀ ਖੇਡ-ਸਾਹਿਤ ਦਾ ਪੀ.ਐੱਚ. ਡਾਕਟਰ ਹੀ ਨਹੀਂ, ਡੀ.ਲਿਟ ਹੈ! ਸਗੋਂ ਮੇਰੀ ਚਾਹ ਅਤੇ ਕਲਪਨਾ ਤਾਂ ਇਸ ਤੋਂ ਵੀ ਅੱਗੇ ਜਾਂਦੀ ਹੈ। ਪੰਜਾਬ ਦੀ ਕੋਈ ਦੂਰਦਰਸ਼ੀ ਸਰਕਾਰ ਹੋਵੇ ਤੇ ਖੇਡ-ਯੂਨੀਵਰਸਿਟੀ ਕਾਇਮ ਕਰ ਕੇ ਸਾਰੀਆਂ ਖੇਡਾਂ ਦੇ ਕਣ-ਕਣ ਦੇ ਗਿਆਤਾ ਸਰਵਣ ਸਿੰਘ ਨੂੰ ਉਹਦਾ ਵਾਈਸ-ਚਾਂਸਲਰ ਬਣਾਵੇ। ਸਰਕਾਰ ਬਣਾਵੇ, ਨਾ ਬਣਾਵੇ, ਸਰਵਣ ਸਿੰਘ ਖੇਡ-ਸਾਹਿਤ ਦੇ ਵਿਕਾਸ ਦਾ ਨਿਰਵਿਵਾਦ ਵਾਈਸ-ਚਾਂਸਲਰ ਹੈ।




ਸੱਠ-ਪੈਂਟ੍ਹ ਸਾਲਾਂ ਤੋਂ ਉਸ ਦੀ ਕਲਮ ਲਗਾਤਾਰ ਚੱਲ ਰਹੀ ਹੈ। ਪੱਚੀ-ਛੱਬੀ ਕਿਤਾਬਾਂ ਤਾਂ ਉਸ ਨੇ ਖੇਡਾਂ ਖਿਡਾਰੀਆਂ ਬਾਰੇ ਹੀ ਲਿਖ ਧਰੀਆਂ ਹਨ ਤੇ ਪੱਚੀ-ਤੀਹ ਹੋਰਨਾਂ ਸਾਹਿਤ ਵਿਧਾਵਾਂ ਵਿਚ ਲਿਖੀਆਂ ਹਨ। ਨਾਵਲ ਤੇ ਨਾਟਕ ਤੋਂ ਬਿਨਾਂ ਸ਼ਾਇਦ ਹੀ ਕੋਈ ਸਾਹਿਤਕ ਰੂਪ ਹੋਵੇ, ਜਿਸ ਵਿਚ ਉਸ ਨੇ ਨਾ ਲਿਖਿਆ ਹੋਵੇ। ਨਾਲੇ ਅਜੇ ਕਿਹੜਾ ਬੱਸ ਹੈ! ਅੱਜਕੱਲ੍ਹ ਬਾਬਾ ਫੌਜਾ ਸਿੰਘ ਦੀ ਜੀਵਨੀ ਲਿਖ ਰਿਹੈ ਤੇ ਨਾਲ ਹੀ ਦੋਹਾਂ ਦਾਰਿਆਂ ਦੀ ਦਾਸਤਾਨ। ਉਹਦੀ ਕਲਮ ਦੀ ਮੈਰਾਥਨ ਅਜੇ ਜਾਰੀ ਹੈ। ਵੇਖਦੇ ਹਾਂ ਕਦੋਂ ਬੱਸ ਕਰਦੈ?

ਉਸ ਨੇ ਨਾਮੀ ਖਿਡਾਰੀਆਂ ਦੀ ਲਗਨ, ਮਿਹਨਤ, ਸਿਦਕ ਤੇ ਸਿਰੜ, ਉਨ੍ਹਾਂ ਦੀ ਖਾਧ-ਖੁਰਾਕ ਤੇ ਉਨ੍ਹਾਂ ਦੀਆਂ ਖੇਡਾਂ ਨੂੰ ਬਹੁਤ ਬਰੀਕੀ ਨਾਲ਼ ਦੇਖਿਆ ਤੇ ਆਪਣੀ ਵਿਲੱਖਣ ਲਿਖਣ-ਸ਼ੈਲੀ 'ਚ ਉਨ੍ਹਾਂ ਦਾ ਵਰਨਣ ਕੀਤਾ ਹੈ। ਕੇਵਲ ਅਜੋਕੇ ਸਮੇ ਦੀਆਂ ਖੇਡਾਂ ਬਾਰੇ ਹੀ ਨਹੀਂ; ਸਗੋਂ ਬਹੁਤ ਸਾਰੀਆਂ ਅਲੋਪ ਹੋ ਰਹੀਆਂ ਖੇਡਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਕਲਮ ਦੀ ਰਫਤਾਰ ਅਜੇ ਵੀ ਮੈਰਾਥਨ ਦੀ ਚਾਲ ਚੱਲ ਰਹੀ ਹੈ। ਹਰ ਸਾਲ ਇੱਕ ਦੋ ਕਿਤਾਬਾਂ ਛਪੀ ਜਾ ਰਹੀਆਂ ਹਨ।

ਸਰਵਣ ਸਿੰਘ ਦਾ ਜਨਮ ਸ. ਬਾਬੂ ਸਿੰਘ ਸੰਧੂ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ 8 ਜੁਲਾਈ, 1940 ਨੂੰ ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਮੁੱਢਲੀ ਪੜ੍ਹਾਈ ਚਕਰ, ਹਾਈ ਮੱਲ੍ਹਾ, ਕਾਲਜ ਦੀ ਫਾਜ਼ਿਲਕਾ, ਬੀ.ਐੱਡ ਮੁਕਤਸਰ ਤੇ ਐੱਮ.ਏ. ਦੀ ਦਿੱਲੀ ਯੂਨੀਵਰਸਿਟੀ ਤੋਂ ਕਰ ਕੇ 1965 'ਚ ਦਿੱਲੀ ਦੇ ਖਾਲਸਾ ਕਾਲਜ ਵਿਚ ਲੈਕਚਰਾਰ ਲੱਗ ਗਿਆ ਸੀ। 1967 ਵਿਚ ਢੁੱਡੀਕੇ ਕਾਲਜ ਬਣਿਆ ਤਾਂ ਜਸਵੰਤ ਸਿੰਘ ਕੰਵਲ ਨੇ ਦਿੱਲੀ ਤੋਂ ਪੁੱਟ ਕੇ ਢੁੱਡੀਕੇ ਲੈ ਆਂਦਾ। ਤੀਹ ਸਾਲ ਢੁੱਡੀਕੇ ਕਾਲਜ ਵਿਚ ਪੇਂਡੂ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਖਿਡਾਇਆ। ਪੜ੍ਹਾਈ ਨਾਲ ਖੇਡਾਂ ਵਿਚ ਵੀ ਯੂਨੀਵਰਸਿਟੀ ਦੀਆਂ ਟਰਾਫੀਆਂ ਜਿੱਤੀਆਂ, ਜਿਸ ਨਾਲ ਢੁੱਡੀਕੇ ਕਾਲਜ ਦੀ ਬੱਲੇ-ਬੱਲੇ ਹੋਈ।

1996 ਤੋਂ 2000 ਤਕ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣ ਕੇ ਖੇਡ ਟਰਾਫੀਆਂ ਉਸ ਕਾਲਜ ਨੂੰ ਵੀ ਜਿੱਤਵਾਈਆਂ ਤੇ ਪੇਂਡੂ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਸਵਾ ਤਿੰਨ ਸੌ ਤੋਂ ਸਾਢੇ ਗਿਆਰਾਂ ਸੌ ਤੱਕ ਪੁਚਾਈ। ਉਹ ਕਾਲਜ ਸ. ਗੁਰਚਰਨ ਸਿੰਘ ਸ਼ੇਰਗਿੱਲ ਨੇ ਆਪਣੇ ਇਕਲੌਤੇ ਪੁੱਤਰ ਅਮਰਦੀਪ ਦੀ ਯਾਦ 'ਚ ਸਥਾਪਿਤ ਕੀਤਾ ਸੀ। ਡਾ. ਸਰਦਾਰਾ ਸਿੰਘ ਜੌਹਲ ਜੋ ਮੁਕੰਦਪੁਰ ਵਿਆਹੇ ਹਨ, ਉਨ੍ਹਾਂ ਨੂੰ ਉਮਰ ਭਰ ਲਈ ਕਾਲਜ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਸੀ। ਜੌਹਲ ਸਾਹਿਬ ਹੀ ਕੰਵਲ ਸਾਹਿਬ ਦੀ ਸਲਾਹ ਨਾਲ ਪ੍ਰੋ. ਸਰਵਣ ਸਿੰਘ ਨੂੰ ਢੁੱਡੀਕੇ ਦੇ ਪੇਂਡੂ ਕਾਲਜ ਤੋਂ ਮੁਕੰਦਪੁਰ ਦੇ ਪੇਂਡੂ ਕਾਲਜ ਵਿਚ ਲੈ ਗਏ ਸਨ।

ਮੈਂ ਆਪਣੀ ਕਿਤਾਬ 'ਮੇਰੇ ਸਜਣ ਮੀਤ ਮੁਰਾਰੇ ਜੀਓ' ਵਿਚ ਇਨ੍ਹਾਂ ਦੇ ਸ਼ਬਦ ਚਿੱਤਰ ਦਾ ਸਿਰਲੇਖ ਦਿੱਤਾ ਸੀ: ਸੁਰੀਲੀਆਂ ਸੁਰਾਂ ਦਾ ਸੰਗੀਤ ਸਰਵਣ ਸਿੰਘ। ਕਾਵਿਕ ਸੰਸਾਰ ਅਨੁਸਾਰ ਜੇ ਕਿਸੇ ਵਾਕ ਜਾਂ ਸਤਰ ਵਿਚ, ਇੱਕ ਤੋਂ ਵਧੇਰੇ ਅੱਖਰ ਜਾਂ ਸ਼ਬਦ ਬਾਰ-ਬਾਰ ਆਉਣ ਅਤੇ ਲੈਅ ਪੈਦਾ ਕਰਨ ਉਸ ਅਲੰਕਾਰ ਨੂੰ ਅਨੁਪ੍ਰਾਸ ਅਲੰਕਾਰ ਆਖਿਆ ਜਾਂਦੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਅਲੰਕਾਰ ਦੀਆਂ ਬਹੁਤ ਖੂਬਸੂਰਤ ਮਿਸਾਲਾਂ ਹਨ।

ਪ੍ਰਿੰ. ਸਰਵਣ ਸਿੰਘ ਦੀ ਵਾਰਤਕ-ਸ਼ੈਲੀ ਕਿਸੇ ਹੋਰ ਦੀ ਨਕਲ ਨਹੀਂ, ਉਸ ਨੇ ਕਿਸੇ ਦੀ ਵੱਟ 'ਤੇ ਖਲੋਅ ਕੇ ਹਾਕਾਂ ਨਹੀਂ ਮਾਰੀਆਂ, ਆਪਣੇ ਆਪ ਸਿੱਧੇ ਬਨੇਰਿਆਂ ਨੂੰ ਹੱਥ ਪਾਏ ਹਨ ਅਤੇ ਮਮਟੀਆਂ 'ਤੇ ਚੜ੍ਹ ਕੇ ਆਪਣੀ ਚਮਕ ਬਿਖੇਰੀ ਹੈ। ਆਪਣੇ ਨਗਮੇ ਦੀ ਸਰਗਮ ਉਸ ਨੇ ਆਪ ਤਿਆਰ ਕੀਤੀ ਹੈ। ਇਹ ਉਸ ਦਾ ਮੌਲਕ ਨਗਮਾ ਹੈ। ਉਸ ਦੀ ਵਾਰਤਕ ਨਾਲ਼ ਖੇਡਾਂ ਬਾਰੇ ਇੱਕ ਨਵੀਂ ਤੇ ਨਿਵੇਕਲੀ ਖੇਡ-ਸ਼ੈਲੀ ਹੋਂਦ ਵਿਚ ਆਈ ਹੈ। ਖੇਡ ਖੇਤਰ ਵਿਚ ਸਾਦੇ ਤੇ ਸੌਖੇ ਸ਼ਬਦ ਅਤੇ ਚੁਸਤ ਛੋਟੀ ਵਾਕ ਬਣਤਰ ਦਾ ਹੋਣਾ ਜ਼ਰੂਰੀ ਹੈ। ਇਸੇ ਗੁਣ ਕਰ ਕੇ ਉਸ ਦੀ ਵਾਰਤਕ ਲੰਮੇ, ਭਾਰੇ ਤੇ ਔਖੇ ਫਿਕਰਿਆਂ ਦਾ ਜਾਲ਼ ਜੰਜਾਲ ਨਹੀਂ। ਉਹ ਵਿਸ਼ੇਸ਼ਣਾਂ, ਕਿਰਿਆ ਵਿਸ਼ੇਸ਼ਣਾ ਦੀ ਸੁਰਖੀ ਬਿੰਦੀ ਨਹੀਂ ਲਾਉਂਦਾ, ਅਲੰਕਾਰਾਂ, ਕੁਟੇਸ਼ਨਾਂ ਜਾਂ ਕਾਵਿ-ਟੋਟਿਆਂ ਨਾਲ਼ ਵਾਰਤਕ ਦਾ ਹਾਰ ਸ਼ਿੰਗਾਰ ਨਹੀਂ ਕਰਦਾ।

ਉਹਦੀ ਵਾਰਤਕ ਸਹਿਜ ਸੁਭਾਅ ਤੇ ਸਿੱਧੀਆਂ ਸਪੱਸ਼ਟ ਗੱਲਾਂ ਹੁੰਦੀਆਂ ਹਨ। ਫਿਰ ਵੀ ਉਸ ਦੀ ਵਾਰਤਕ-ਸ਼ੈਲੀ ਵਿਚ ਪੇਂਡੂ ਮੁਟਿਆਰ ਦੀ ਸਾਦਗੀ ਵਰਗਾ ਲੋਹੜਿਆਂ ਦਾ ਹੁਸਨ ਤੇ ਅੰਤਾਂ ਦੀ ਖੂਬਸੂਰਤੀ ਹੁੰਦੀ ਹੈ। ਵਾਕ-ਬਣਤਰ ਵਿਚ ਇਨ੍ਹਾਂ ਤੇਜ਼ ਤੇ ਤਿੱਖਾ ਪ੍ਰਭਾਵ ਹੁੰਦਾ ਹੈ ਅਤੇ ਬਿਆਨ ਵਿਚ ਇੰਨਾ ਵੇਗ ਤੇ ਵਹਾਅ ਹੁੰਦਾ ਹੈ ਕਿ ਨਗਮੇ ਦੀ ਧੁਨ ਵਾਂਗ ਹਰ ਵਾਕ ਵਿਚ, ਇੱਕ ਇੱਕ ਸ਼ਬਦ ਤਾਲ ਦਿੰਦਾ ਤੇ ਅੱਖਰ ਨਿਰਤ ਕਰਦੇ ਜਾਪਦੇ ਹਨ। ਦ੍ਰਿਸ਼ ਵਰਨਣ ਇੰਨਾ ਤੀਬਰ ਤੇ ਰੌਚਕ ਹੁੰਦਾ ਹੈ ਕਿ ਪਾਠਕ ਪੱਬਾਂ ਭਾਰ ਹੁੰਦਾ, ਖਿਡਾਰੀ ਦੇ ਸਾਹਾਂ ਨਾਲ ਸਾਹੋ ਸਾਹ ਹੋਇਆ ਮਹਿਸੂਸ ਕਰਦਾ ਹੈ। ਉਹਦੀ ਵਾਰਤਕ ਦੀ ਫਲਸਫਾਨਾ ਵੰਨਗੀ ਵੀ ਵੇਖੋ: ਸ੍ਰਿਸ਼ਟੀ ਅਲੌਕਿਕ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਸ ਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਹਨ। ਜੀਵਨ ਇੱਕ ਖੇਡ ਹੀ ਤਾਂ ਹੈ। ਜੀਵ ਆਉਂਦੇ ਹਨ ਤੇ ਤੁਰੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ, ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ, ਉਹ ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ: ਬਾਜੀਗਰ ਡੰਕ ਬਜਾਈ। ਸਭ ਖਲਕ ਤਮਾਸ਼ੇ ਆਈ।

ਪ੍ਰਿੰ. ਸਰਵਣ ਸਿੰਘ ਦੀ ਲਿਖਣ-ਸ਼ੈਲੀ ਹੋਵੇ, ਬੋਲਣ-ਸ਼ੈਲੀ ਜਾਂ ਉਸ ਦੀ ਸਮੁੱਚੀ ਜੀਵਨ-ਸ਼ੈਲੀ; ਉਸ ਨੂੰ ਜਿਸ ਕੋਨ ਤੋਂ ਮਰਜ਼ੀ ਦੇਖ ਲਵੋ, ਜਿੱਥੋਂ ਮਰਜ਼ੀ ਫਰੋਲ਼ ਲਵੋ; ਹਰ ਥਾਂ ਸਹਿਜ ਤੇ ਸੁਰੀਲੀਆਂ ਸੁਰਾਂ ਦਾ ਸੰਗੀਤ ਸੁਣਾਈ ਦੇਵੇਗਾ। ਗੱਲ ਕਰੇਗਾ ਠਰੰਮੇ ਤੇ ਧੀਮੇ ਅੰਦਾਜ਼ ਵਿਚ, ਜਿਵੇਂ ਮੰਦਰ ਸਪਤਕ ਦੀਆਂ ਸੁਰਾਂ ਵਿਚ ਸਹਿਗਲ ਗੀਤ ਗਾ ਰਿਹਾ ਹੋਵੇ। ਚੋਣਵੇਂ ਸ਼ਬਦ, ਢੁੱਕਵੇਂ ਬੋਲ ਤੇ ਉਚਾਰਣ ਵਿਚ ਕਿਸੇ ਮੁਟਿਆਰ ਦੀ ਫੁਲਕਾਰੀ ਦੇ ਉੱਭਰਦੇ ਰੰਗਾਂ ਵਰਗਾ ਹੁਸਨ। ਸਾਦਾ ਰਹਿਣ ਸਹਿਣ, ਸਾਦਾ ਪਹਿਨਣ-ਪੱਚਰਣ ਤੇ ਸਾਦਾ ਖਾਣ-ਪੀਣ। ਕਿਸੇ ਥਾਂ ਉਚੇਚ ਜਾਂ ਬਨਾਵਟ ਨਹੀਂ, ਕੋਈ ਓਪਰਾਪਣ ਜਾਂ ਦਿਖਾਵਾ ਨਹੀਂ। ਨਿੰਦਾ, ਚੁਗਲੀ ਜਾਂ ਈਰਖਾ ਕਰਨੀ ਉਹਦੇ ਖ਼ਮੀਰ ਵਿਚ ਹੀ ਨਹੀਂ। ਬੁਰਾ ਕਰਨਾ ਜਾਂ ਬੇਵਫ਼ਾਈ ਕਰਨੀ ਉਸ ਦੀ ਜ਼ਮੀਰ ਵਿਚ ਨਹੀਂ। ਉੱਚੀ ਬੋਲ ਕੇ ਜਾਂ ਧੱਕੇ ਨਾਲ਼ ਗੱਲ ਕਰਨ ਦਾ ਉਸ ਦਾ ਸੁਭਾਅ ਨਹੀਂ, ਕਿਸੇ ਦੀ ਗੱਲ ਰੋਕਣ-ਟੋਕਣ ਦੀ ਵੀ ਉਸ ਦੀ ਆਦਤ ਨਹੀਂ। ਗੱਲ ਸੁਣੇਗਾ ਧੀਰਜ ਤੇ ਠਰੰਮੇ ਨਾਲ਼, ਉੱਤਰ ਦੇਵੇਗਾ ਦਲੀਲ ਤੇ ਵਿਸਥਾਰ ਨਾਲ਼। ਦਲੀਲ ਨੂੰ ਜ਼ੋਰ ਨਾਲ਼ ਪ੍ਰਗਟਾਉਣ ਦੀ ਥਾਂ ਜ਼ੋਰਦਾਰ ਦਲੀਲ ਨੂੰ ਧੀਰਜ ਤੇ ਸਹਿਜ ਨਾਲ਼ ਪ੍ਰਗਟਾਉਣ ਗੁਰ ਸਰਵਣ ਸਿੰਘ ਦੀ ਬੋਲ ਚਾਲ 'ਚੋਂ ਵੇਖਿਆ ਜਾ ਸਕਦਾ ਹੈ।

ਪ੍ਰਿੰ. ਸਰਵਣ ਸਿੰਘ ਨੂੰ ਅਨੇਕਾਂ ਮਾਨ-ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਜਿਵੇਂ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਲੇਖਕ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਪੰਜਾਬੀ ਸੱਥ ਲਾਂਬੜਾ ਦਾ ਵਾਰਸ ਸ਼ਾਹ ਅਵਾਰਡ, ਸਾਹਿਤ ਟਰੱਸਟ ਢੁੱਡੀਕੇ ਦਾ ਅਵਾਰਡ, ਸਪੋਰਟਸ ਅਥਾਰਟੀ ਆਫ ਇੰਡੀਆਂ ਵੱਲੋਂ ਖੇਡ-ਸਾਹਿਤ ਦਾ ਨੈਸ਼ਨਲ ਅਵਾਰਡ, ਪਰਵਾਸੀ ਅਦਾਰੇ ਦਾ ਪਰਵਾਸੀ ਸਾਹਿਤਕਾਰ ਅਵਾਰਡ, ਗਲੋਬਲ ਪੰਜਾਬੀ ਗੌਰਵ ਅਵਾਰਡ। ਇਨ੍ਹਾਂ ਤੋਂ ਇਲਾਵਾ ਸਾਹਿਤ ਸਭਾਵਾਂ ਤੇ ਖੇਡ ਮੇਲਿਆਂ ਦੇ ਅਨੇਕਾਂ ਮਾਨ-ਸਨਮਾਨ ਮਿਲੇ ਹਨ।

ਪ੍ਰਿੰਸੀਪਲ ਸਰਵਣ ਸਿੰਘ ਨੂੰ ਹੁਣ 'ਕਲਮਾਂ ਦੀ ਸਾਂਝ ਸਾਹਿਤ ਸਭਾ' ਦੇ ਸੁਘੜ ਸੁਜਾਨ ਪ੍ਰਧਾਨ ਸ. ਹਰਦਿਆਲ ਸਿੰਘ ਝੀਤਾ ਅਤੇ ਨਾਮਧਾਰੀ ਸਭਾ ਦੇ ਉੱਦਮੀ ਤੇ ਉਤਸ਼ਾਹੀ ਪ੍ਰਧਾਨ ਸ. ਕਰਨੈਲ ਸਿੰਘ ਮਰਵਾਹਾ ਹੋਰਾਂ ਵੱਲੋਂ ਤੀਸਰਾ 'ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ' ਦਿੱਤਾ ਜਾ ਰਿਹੈ। ਸਮਾਰੋਹ 14 ਸਤੰਬਰ ਐਤਵਾਰ ਨੂੰ 11-00 ਵਜੇ, ਵਿਸ਼ਵ ਪੰਜਾਬੀ ਭਵਨ ਬਰੈਂਪਟਨ, 114 ਕੈਨੇਡੀ ਰੋਡ ਵਿਖੇ ਹੋਵੇਗਾ। ਸਾਹਿਤ ਪ੍ਰੇਮੀਆਂ, ਖਿਡਾਰੀਆਂ ਤੇ ਪ੍ਰਿੰ. ਸਰਵਣ ਸਿੰਘ ਦੇ ਸ਼ੁੱਭਚਿੰਤਕਾਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ।

**ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ**

ਪ੍ਰਿੰਸੀਪਲ ਸਰਵਣ ਸਿੰਘ ਖੇਡ ਜਗਤ ਦੀ ਨਾਮਵਰ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਉਨ੍ਹਾਂ ਦੀਆਂ ਪਚਵੰਜਾ ਪੁਸਤਕਾਂ ਵਿਚੋਂ ਪੱਚੀ ਪੁਸਤਕਾਂ ਖੇਡਾਂ ਤੇ ਖਿਡਾਰੀਆਂ ਬਾਰੇ ਹੀ ਹਨ। ਉਹ ਖ਼ੁਦ ਖਿਡਾਰੀ, ਕੋਚ, ਰੈਫਰੀ, ਖੇਡ ਪ੍ਰਬੰਧਕ, ਖੇਡ ਪ੍ਰਮੋਟਰ, ਖੇਡ ਬੁਲਾਰੇ, ਖੇਡ ਪੱਤਰਕਾਰ, ਸ਼੍ਰੋਮਣੀ ਪੰਜਾਬੀ ਲੇਖਕ, ਪੰਜਾਬੀ ਦੇ ਪ੍ਰੋਫ਼ੈਸਰ, ਅਮਰਦੀਪ ਕਾਲਜ ਮੁਕੰਦਪੁਰ ਦੇ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟਰ, ਸਿੰਡੀਕੇਟ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ ਵਿਸ਼ਵ ਕਬੱਡੀ ਕੱਪ ਪੰਜਾਬ ਵਿਚ ਅਹਿਮ ਰੋਲ ਨਿਭਾਇਆ ਅਤੇ ਖਿਡਾਰੀਆਂ ਤੇ ਖੇਡ ਪ੍ਰਮੋਟਰਾਂ ਦੇ ਕਦਰਦਾਨ ਹਨ। ਉਨ੍ਹਾਂ ਨੇ ਦੇਸ਼-ਵਿਦੇਸ਼ ਦੇ ਸੈਂਕੜੇ ਖਿਡਾਰੀਆਂ ਤੇ ਖੇਡ ਮੇਲਿਆਂ ਬਾਰੇ ਲਿਖਿਆ ਅਤੇ ਖਿਡਾਰੀਆਂ ਦੀਆਂ ਜੀਵਨੀਆਂ ਲਿਖੀਆਂ। ਪਿੰਡਾਂ ਦੇ ਖੇਡ ਮੇਲਿਆਂ ਤੋਂ ਲੈ ਕੇ ਨੈਸ਼ਨਲ, ਏਸ਼ਿਆਈ, ਕਾਮਨਵੈਲਥ, ਓਲੰਪਿਕ ਖੇਡਾਂ ਤੇ ਵਿਸ਼ਵ ਕੱਪਾਂ ਬਾਰੇ ਲਿਖਦਿਆਂ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਨੂੰ ਭਾਰਤੀ ਤੇ ਕੌਮਾਂਤਰੀ ਭਾਸ਼ਾਵਾਂ ਦੇ ਮੰਚ 'ਤੇ ਸਨਮਾਨਯੋਗ ਸਥਾਨ ਦਿਵਾਇਆ। ਉਹ ਛੇ ਦਹਾਕਿਆਂ ਤੋਂ ਲਗਾਤਾਰ ਲਿਖਦੇ ਆ ਰਹੇ ਹਨ। ਪੰਜਾਬੀ ਜਗਤ ਦਾ ਸ਼ਾਇਦ ਹੀ ਕੋਈ ਮੈਗਜ਼ੀਨ ਜਾਂ ਅਖ਼ਬਾਰ ਹੋਵੇ, ਜਿਸ ਵਿਚ ਉਨ੍ਹਾਂ ਦੀਆਂ ਲਿਖਤਾਂ ਨਾ ਛਪੀਆਂ ਹੋਣ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ ਚਾਰ ਜਿਲਦਾਂ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ, ਵਿਚ ਕਲਮਬੱਧ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿਚ ਸਤਾਸੀ ਖੇਡਾਂ ਦਾ ਵੇਰਵਾ ਦਿੱਤਾ ਹੈ ਅਤੇ ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਪੰਜਾਸੀ ਖਿਡਾਰੀਆਂ ਦੇ ਸ਼ਬਦ ਚਿੱਤਰ ਉਲੀਕੇ ਹਨ। 'ਪੰਜਾਬ ਦੇ ਕੋਹੇਨੂਰ' ਪੁਸਤਕ ਦੇ ਤਿੰਨ ਭਾਗਾਂ ਵਿਚ ਤੇਈ ਹੀਰਿਆਂ ਦੀਆਂ ਲੰਮੀਆਂ ਬਾਤਾਂ ਪਾਈਆਂ ਹਨ। ਮੌਲਿਕ ਪੁਸਤਕਾਂ ਰਚਣ ਨਾਲ ਉਨ੍ਹਾਂ ਨੇ ਕੁਝ ਪੁਸਤਕਾਂ ਦਾ ਸੰਪਾਦਨ ਤੇ ਅਨੁਵਾਦ ਵੀ ਕੀਤਾ ਹੈ। ਉਹ ਅਨੇਕਾਂ ਨਵੇਂ ਪੰਜਾਬੀ ਖੇਡ ਲੇਖਕਾਂ ਦੇ ਪ੍ਰੇਰਨਾਸ੍ਰੋਤ ਹਨ, ਜਿਨ੍ਹਾਂ ਨੇ ਦੋ ਸੌ ਤੋਂ ਵੱਧ ਖੇਡ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਨੂੰ ਦੇਸ਼-ਵਿਦੇਸ਼ ਦੇ ਖੇਡ ਮੇਲੇ ਕਵਰ ਕਰਦਿਆਂ ਅਨੇਕਾਂ ਮਾਣ-ਸਨਮਾਨ ਮਿਲੇ। ਜਸਵੰਤ ਸਿੰਘ ਕੰਵਲ ਨੇ ਉਨ੍ਹਾਂ ਨੂੰ 'ਖੇਡਾਂ ਦਾ ਵਣਜਾਰਾ', ਡਾ. ਹਰਿਭਜਨ ਸਿੰਘ ਨੇ 'ਸ਼ਬਦਾਂ ਦਾ ਓਲੰਪੀਅਨ' ਤੇ ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ' ਕਿਹਾ ਅਤੇ ਹੋਰ ਬਹੁਤ ਸਾਰੇ ਲੇਖਕਾਂ ਤੇ ਪਾਠਕਾਂ ਨੇ ਉਨ੍ਹਾਂ ਦੀਆਂ ਲਿਖਤਾਂ ਨੂੰ ਸਲਾਹਿਆ ਤੇ ਵਡਿਆਇਆ। ਉਨ੍ਹਾਂ ਦੀ ਕਲਮ ਦੀ ਮੈਰਾਥਨ ਦੌੜ 1960ਵਿਆਂ ਤੋਂ ਜਾਰੀ ਹੈ। ਅਸੀਂ ਪ੍ਰਿੰਸੀਪਲ ਸਰਵਣ ਸਿੰਘ ਜੀ ਦੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

# ਬਾਬਾਣੈ ਘਰਿ ਚਾਨਣੁ ਲਹਿਣਾ

ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਵਟਸਐਪ : 09814715796
ਪੰਜਾਬ ਮੇਲ USA



ਪਾਰਸ ਵਿਚ ਇੱਕ ਖਾਸ ਖੂਬੀ ਹੈ ਕਿ ਉਹ ਲੋਹੇ ਵਰਗੀ ਧਾਤ ਨੂੰ ਸੋਨਾ ਬਣਾ ਦਿੰਦਾ ਹੈ, ਪਰ ਗੁਰੂ ਨੂੰ ਪਾਰਸ ਤੋਂ ਵੀ ਉੱਪਰ ਮੰਨਿਆ ਗਿਆ ਹੈ। ਗੁਰੂ ਦੀ ਛੋਹ ਸੋਨਾ ਨਹੀਂ, ਸਗੋਂ ਪਾਰਸ ਹੀ ਬਣਾ ਦਿੰਦੀ ਹੈ, ਜੋ ਅੱਗੇ ਫਿਰ ਲੋਹੇ ਨੂੰ ਸੋਨੇ ਵਿਚ ਬਦਲਣ ਦੀ ਸਮਰੱਥਾ ਰੱਖਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਇਹੀ ਦ੍ਰਿਸ਼ਟਾਂਤ ਦਿੰਦੇ ਹਨ ਕਿ ਜਦੋਂ ਲਹਿਣਾ ਗੁਰੂ ਨਾਨਕ ਜੀ ਦੇ ਅੰਗਾਂ ਨਾਲ ਲੱਗਿਆ, ਗੁਰੂ ਨਾਨਾਕ ਨੇ ਆਪਣੇ ਸਾਰੇ ਗੁਣ ਅਤੇ ਤਾਕਤ ਲਹਿਣੇ ਨੂੰ ਦੇ ਦਿੱਤੀ ਅਤੇ ਉਹ ਗੁਰੂ ਅੰਗਦ ਬਣ ਗਏ।

ਭਾਈ ਸਾਹਿਬ ਜੀ ਲਿਖਦੇ ਹਨ-

"ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰ ਕਹਣਾ॥
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤਿ ਵਿਚਿ ਰਹਣਾ॥
ਅਚਰਜ ਨੋ ਅਚਰਜੁ ਮਿਲੈ ਵਿਸਮਾਦੇ ਵਿਸਮਾਦੁ ਸਮਹਣਾ॥
ਅਪਿਉ ਪੀਅਣ ਨਿਝਰੁ ਝਰਣੁ ਅਜਰੁ ਜਰਣੁ ਅਸਹੀਅਣੁ ਸਹਣਾ॥
ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧਸੰਗਿ ਵਹਣਾ॥
ਬਾਬਾਣੈ ਘਰਿ ਚਾਨਣ ਲਹਣਾ॥" ........
(ਭਾਈ ਗੁਰਦਾਸ ਜੀ, ਵਾਰ 24, ਪਉੜੀ 6)

ਗੁਰੂ ਅੰਗਦ ਦੇਵ ਜੀ ਦੇ "ਭਾਈ ਲਹਿਣਾ ਤੋਂ ਗੁਰੂ ਅੰਗਦ" ਬਣਨ ਦੇ ਅਨੂਠੇ ਸਫਰ 'ਤੇ ਵਿਚਾਰ ਕਰਦੇ ਹਾਂ।

18 ਅਪ੍ਰੈਲ 1504 ਈਸਵੀ ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬੇ "ਮੱਤੇ ਦੀ ਸਰਾਂ" ਵਿਖੇ ਪਿਤਾ ਸ਼੍ਰੀ ਫੇਰੂ ਮੱਲ ਦੇ ਘਰ ਮਾਤਾ ਸਭਰਾਈ ਜੀ (ਦਇਆ ਕੌਰ ਅਤੇ ਰਾਮੋ ਨਾਂ ਵੀ ਆਏ ਹਨ ਇਨ੍ਹਾਂ ਦੇ) ਦੀ ਕੁੱਖੋਂ ਜਨਮ ਲੈਣ ਵਾਲੇ ਬਾਲਕ ਦਾ ਨਾਮ ਲਹਿਣਾ ਰੱਖਿਆ ਗਿਆ। ਪਿਤਾ ਜੀ ਪੜ੍ਹੇ-ਲਿਖੇ ਹੋਣ ਕਰਕੇ ਉਨ੍ਹਾਂ ਨੇ ਲਹਿਣੇ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਫਾਰਸੀ ਦੀ ਪੜ੍ਹਾਈ ਦੇ ਨਾਲ-ਨਾਲ ਦੁਕਾਨਦਾਰੀ ਦਾ ਹਿਸਾਬ ਕਿਤਾਬ ਸਿਖਾਇਆ ਕਿਉਂਕਿ ਫੇਰੂ ਮੱਲ ਜੀ ਆਪ ਮੱਤੇ ਦੀ ਸਰਾਂ ਦੇ ਚੌਧਰੀ ਤਖਤ-ਮੱਲ ਦੇ ਮੁਨਸ਼ੀ ਸਨ। ਚੌਧਰੀ ਨੇ ਆਪ ਜੀ ਦੀ ਈਮਾਨਦਾਰੀ ਤੋਂ ਖੁਸ਼ ਹੋ ਕੇ ਆਪਣੀ ਸਾਰੀ ਜ਼ਮੀਨ (70 ਪਿੰਡਾਂ ਦੀ) ਦਾ ਕਾਰਦਾਰ ਵੀ ਬਣਾ ਦਿੱਤਾ ਸੀ। ਫਿਰੋਜ਼ਪੁਰ ਦੇ ਹਾਕਮ ਕੋਲ ਜਦੋਂ ਭਾਈ ਸਾਹਿਬ ਦੀ ਈਮਾਨਦਾਰੀ, ਉਦਾਰਦਿਲੀ ਅਤੇ ਸਖਤ ਮਿਹਨਤ ਦੀ ਖਬਰ ਪਈ, ਤਾਂ ਉਸਨੇ ਫੇਰੂ ਮੱਲ ਨੂੰ ਸਾਰੇ ਜ਼ਿਲ੍ਹੇ ਦਾ ਮੁਨਸ਼ੀ ਬਣਾ ਦਿੱਤਾ ਸੀ। ਇਸ ਤਰ੍ਹਾਂ ਲਹਿਣਾ ਜੀ ਨੂੰ ਅਮੀਰੀ, ਖੁਸ਼ਹਾਲੀ ਅਤੇ ਈਮਾਨਦਾਰੀ ਵਿਰਸੇ ਵਿਚੋਂ ਹੀ ਮਿਲੀ। ਪਰਿਵਾਰ ਦੁਰਗਾ ਦੇਵੀ ਦਾ ਉਪਾਸਕ ਸੀ ਅਤੇ ਲਹਿਣਾ ਜੀ ਵੀ ਬਚਪਨ ਤੋਂ ਹੀ ਦੇਵੀ ਦੀਆਂ ਭੇਟਾ ਗਾਉਣ ਲੱਗੇ ਅਤੇ ਦੇਵੀ ਦੇ ਭਗਤ ਬਣ ਗਏ।

ਚੌਧਰੀ ਤਖਤ ਮੱਲ ਦਾ ਸਾਰਾ ਕੰਮਕਾਰ ਸੰਭਾਲਣ ਕਰਕੇ ਫੇਰੂ ਮੱਲ ਜੀ ਦੇ ਉਸ ਨਾਲ ਪਰਿਵਾਰਕ ਸੰਬੰਧ ਜੁੜ ਗਏ। ਚੌਧਰੀ ਦੀ ਧੀ "ਵਿਰਾਈ" ਫੇਰੂ ਮੱਲ ਜੀ ਨੂੰ ਵੀਰ ਕਹਿ ਕੇ ਬੁਲਾਉਂਦੀ ਸੀ ਅਤੇ ਲਹਿਣਾ ਜੀ ਵਿਰਾਈ ਨੂੰ ਭੂਆ ਆਖਦੇ ਸਨ। ਵਿਰਾਈ, ਲਹਿਣੇ ਨੂੰ ਬਹੁਤ ਪਿਆਰ ਕਰਦੀ। ਭੂਆ ਵਿਰਾਈ ਨੇ ਹੀ ਜਵਾਨ ਹੋਏ ਲਹਿਣੇ ਲਈ ਸੰਘਰ ਦੇ ਸਾਹੂਕਾਰ ਸ਼੍ਰੀ ਦੇਵੀ ਚੰਦ ਮਰਵਾਹਾ ਖੱਤਰੀ ਦੀ ਧੀ "ਖੇਮ-ਬਾਈ", ਜਿਸ ਨੂੰ ਮਾਪੇ ਲਾਡ ਨਾਲ "ਖੀਵੀ" ਬੁਲਾਉਂਦੇ ਸਨ, ਦਾ ਰਿਸ਼ਤਾ ਲਿਆਂਦਾ ਸੀ। ਲਹਿਣਾ ਜੀ ਅਤੇ ਖੀਵੀ ਜੀ ਦੀ ਗ੍ਰਹਿਸਥੀ ਵਧੀਆ ਚੱਲਣ ਲੱਗੀ ਅਤੇ ਇਨ੍ਹਾਂ ਦੇ ਘਰ ਦੋ ਪੁੱਤਰ-ਦਾਸੂ ਅਤੇ ਦਾਤੂ ਅਤੇ ਦੋ ਧੀਆਂ ਬੀਬੀ ਅਮਰੋ ਅਤੇ ਬੀਬੀ ਅਨੋਖੀ ਦੀ ਬਖਸ਼ਿਸ਼ ਹੋਈ।

ਇੱਕ ਵਾਰੀ ਕਿਤੇ ਹਿਸਾਬ ਕਿਤਾਬ ਵਿਚ ਜ਼ਰਾ ਫਰਕ ਨਿਕਲ ਆਉਣ 'ਤੇ ਚੌਧਰੀ ਤਖਤ-ਮੱਲ ਨੇ ਫੇਰੂ ਮੱਲ ਦੀ ਈਮਾਨਦਾਰੀ ਪਲਾਂ ਵਿਚ ਹੀ ਭੁਲਾ ਕੇ ਉਸ ਨੂੰ ਕੈਦ ਕਰ ਲਿਆ। ਲਹਿਣੇ ਦੀ ਮਾਤਾ ਆਪਣੇ ਪਤੀ ਦੀ ਈਮਾਨਦਾਰੀ 'ਤੇ ਪੂਰਾ ਭਰੋਸਾ ਸੀ, ਉਸ ਨੇ ਲਹਿਣੇ ਨੂੰ ਵਿਰਾਈ ਕੋਲ ਖਡੂਰ ਭੇਜ ਦਿੱਤਾ, ਉਸ ਨੂੰ ਵਿਸ਼ਵਾਸ ਸੀ ਕਿ ਚੌਧਰੀ ਆਪਣੀ ਧੀ ਦਾ ਕਿਹਾ ਨਹੀਂ ਮੋੜਦਾ। ਵਿਰਾਈ ਨੇ ਵੀ ਕਿਹਾ ਕਿ ਕੋਈ ਭੁਲੇਖਾ ਪੈ ਸਕਦਾ ਏ ਪਰ ਮੇਰਾ ਵੀਰ ਬੇਈਮਾਨੀ ਨਹੀਂ ਕਰ ਸਕਦਾ। ਉਸ ਲਹਿਣੇ ਨੂੰ ਭਰੋਸਾ ਦਿੱਤਾ ਕਿ ਫੇਰੂ ਮੱਲ ਨੂੰ ਰਿਹਾ ਕਰਵਾਇਆ ਜਾਵੇਗਾ। ਵਾਪਸ ਭੇਜਣ ਤੋਂ ਪਹਿਲਾਂ ਉਹ ਲਹਿਣੇ ਨੂੰ ਇੱਕ ਸੰਤ, ਜੋ ਅਸਲ ਵਿਚ ਗੁਰੂ ਨਾਨਕ ਜੀ ਹੀ ਸਨ, ਕੋਲ ਲੈ ਗਈ। ਵਿਥਿਆ ਸੁਣ ਕੇ ਗੁਰੂ ਨਾਨਕ ਜੀ ਨੇ ਕਿਹਾ, "ਬੇਈਮਾਨੀ ਨਹੀਂ, ਗਲਤੀ ਲੱਗ ਗਈ ਹੈ। ਹੁਣ ਤੂੰ ਆਪ ਹਿਸਾਬ ਕਿਤਾਬ ਵੇਖ। ਗਲਤੀ ਲੱਭਣ ਤੇ ਤੇਰਾ ਪਿਤਾ ਛੁੱਟ ਜਾਵੇਗਾ"। ਲਹਿਣਾ ਜੀ ਨੇ ਦੁਬਾਰਾ ਹਿਸਾਬ-ਕਿਤਾਬ ਕੀਤਾ, ਗਲਤੀ ਲੱਭ ਗਈ ਅਤੇ ਫੇਰੂ ਮੱਲ ਜੀ ਕੈਦ ਤੋਂ ਆਜ਼ਾਦ ਹੋ ਗਏ ਅਤੇ ਮੁੜ ਆਪਣੇ ਕੰਮ 'ਤੇ ਪੂਰੇ ਇਤਬਾਰ ਨਾਲ ਲਗਾਏ ਵੀ ਗਏ। ਇਸ ਮੁਲਾਕਾਤ ਨੂੰ ਲਹਿਣੇ ਦੀ ਗੁਰੂ ਨਾਨਕ ਜੀ ਨਾਲ ਪਹਿਲੀ ਮੁਲਾਕਾਤ ਆਖਿਆ ਜਾ ਸਕਦਾ ਹੈ, ਭਾਵੇਂ ਇਸ ਦਾ ਮਕਸਦ ਸੰਸਾਰਕ ਪੀੜਾ ਦੂਰ ਕਰਨ ਤੋਂ ਹੀ ਸੀ।

ਫੇਰੂ ਮੱਲ ਜੀ ਬਹਾਲ ਵੀ ਹੋ ਗਏ, ਸਤਿਕਾਰ ਵੀ ਵੱਧ ਗਿਆ, ਪਰ ਉਨ੍ਹਾਂ ਦਾ ਆਪਣਾ ਮਨ ਤਖਤ-ਮੱਲ ਦੀ ਨੌਕਰੀ ਤੋਂ ਖੱਟਾ ਪੈ ਗਿਆ। ਉਨ੍ਹਾਂ ਨੇ ਪਰਿਵਾਰ ਨਾਲ ਸਲਾਹ ਕਰਕੇ ਚੌਧਰੀ ਤਖਤ ਮੱਲ ਅਤੇ ਫਿਰੋਜ਼ਪੁਰ ਦੇ ਹਾਕਮ ਦੀ ਨੌਕਰੀ ਤੋਂ ਜਵਾਬ ਦੇ ਦਿੱਤਾ ਅਤੇ ਪਹਿਲਾਂ ਹਰੀ ਕੇ ਪੱਤਣ ਜਾ ਕੇ ਦੁਕਾਨ ਪਾਈ, ਪਰ ਲਹਿਣੇ ਦੇ ਸਹੁਰਿਆਂ ਦੇ ਜ਼ੋਰ ਦੇਣ 'ਤੇ ਸੰਘਰ ਜਾ ਕੇ ਪਿਓ-ਪੁੱਤ ਨੇ ਦੁਕਾਨ, ਵਪਾਰ ਅਤੇ ਸ਼ਾਹੂਕਾਰੇ ਦਾ ਕੰਮ ਆਰੰਭ ਕਰ ਦਿੱਤਾ, ਜੋ ਥੋੜ੍ਹੇ ਸਮੇਂ ਵਿਚ ਹੀ ਚਮਕ ਗਿਆ।

ਪ੍ਰਮਾਤਮਾ ਦੇ ਹੁਕਮ ਅਨੁਸਾਰ ਫੇਰੂ ਮੱਲ ਜੀ ਦਾ ਦਿਹਾਂਤ ਹੋ ਗਿਆ ਅਤੇ ਉਨ੍ਹਾਂ ਤੋਂ ਬਾਅਦ ਸਾਰੀ ਜ਼ਿੰਮੇਵਾਰੀ ਭਾਈ ਲਹਿਣੇ ਸਿਰ ਆ ਪਈ। ਦੇਵੀ-ਭਗਤਾਂ ਨੇ ਪਿਤਾ ਦੀ ਥਾਂ ਲਹਿਣੇ ਨੂੰ ਸੰਘ ਦਾ ਮੁਖੀਆ ਥਾਪ ਦਿੱਤਾ, ਜਿਸ ਨੇ ਹਰ ਸਾਲ ਕਾਂਗੜੇ ਜਵਾਲਾ ਮੁਖੀ ਮਾਤਾ ਦੀ ਯਾਤਰਾ 'ਤੇ ਜਾਣਾ ਅਤੇ ਝੰਡਾ ਲਹਿਰਾਉਣਾ ਹੁੰਦਾ ਸੀ। ਲਹਿਣਾ ਹੁਣ ਦੇਵੀ-ਭਗਤਾਂ ਦੀ ਅਗਵਾਈ ਕਰਦਿਆਂ ਉਨ੍ਹਾਂ ਵਾਲਾ ਪਹਿਰਾਵਾ ਪਹਿਨ ਕੇ ਹੱਥ ਵਿਚ ਖੂੰਡੀ ਤੇ ਹੱਥ ਖੰਮਣੀ ਬੰਨ੍ਹ ਕੇ ਜਾਣ ਲੱਗਿਆ।

ਵਧੀਆ ਕਾਰੋਬਾਰ, ਵਧੀਆ ਮਾਣ-ਸਨਮਾਨ ਪਰ ਲਹਿਣਾ ਜੀ ਨੂੰ ਅੰਦਰੋਂ ਮਾਨਸਿਕ ਸ਼ਾਂਤੀ ਨਹੀਂ ਸੀ। ਜਿੱਥੇ ਵੀ ਕੋਈ ਰੱਬ ਦੇ ਪਿਆਰੇ ਬਾਰੇ ਪਤਾ ਲੱਗਣਾ, ਲਹਿਣਾ ਜੀ ਨੇ ਉਸੇ ਵੇਲੇ ਉਸ ਨੂੰ ਮਿਲਣ ਚੱਲ ਪੈਣਾ। ਜਵਾਲਾ-ਮੁਖੀ ਯਾਤਰਾ ਦੌਰਾਨ ਨਾਨਕ-ਤਪੇ ਦੀ ਸ਼ੋਭਾ ਸੁਣ ਕੇ ਦਰਸ਼ਨ ਕਰਨ ਦੀ ਇੱਛਾ ਜਾਗੀ, ਜਿਹੜੀ ਭਾਈ ਜੋਧ ਸਿੰਘ ਤੋਂ ਸੁਣੀ ਬਾਣੀ ਨੇ ਹੋਰ ਪ੍ਰਬਲ ਕਰ ਦਿੱਤੀ। ਲਹਿਣੇ ਦਾ ਮਨ ਪੂਰਾ ਪਸੀਜ ਗਿਆ ਅਤੇ ਉਸ ਨੂੰ ਇਸ ਦੇ ਰਚਨਹਾਰੇ ਨੂੰ ਮਿਲਣ ਦੀ ਤਾਂਘ ਲੱਗ ਗਈ। ਭੂਆ ਵਿਰਾਈ ਨਾਲ ਵਿਚਾਰ ਕੀਤੀ, ਤਾਂ ਉਸ ਨੇ ਯਾਦ ਕਰਾਇਆ, "ਉਨ੍ਹਾਂ ਨੂੰ ਤੂੰ ਇੱਕ ਵਾਰ ਮਿਲ ਵੀ ਚੁੱਕਿਆ ਹੈਂ। ਕਰਤਾਰਪੁਰ ਤਾਂ ਤੇਰੀ ਯਾਤਰਾ ਦੇ ਰਾਹ ਵਿਚ ਹੀ ਪੈਂਦਾ ਏ। ਯਾਤਰਾ ਤੋਂ ਆਉਂਦਾ ਹੋਇਆ ਗੁਰੂ ਜੀ ਦੇ ਦਰਸ਼ਨ ਵੀ ਕਰ ਆਉਣੇ"।

ਲ਼ਹਿਣਾ ਜੀ ਨੇ ਦੇਵੀ-ਭਗਤਾਂ ਨੂੰ ਸੱਦਾ ਦਿੱਤਾ ਅਤੇ ਯਾਤਰਾ ਲਈ ਚੱਲ ਪਏ। ਕਰਤਾਰਪੁਰ ਦੇ ਪਹੇ 'ਤੇ ਪੁੱਜ ਕੇ ਦੇਵੀ ਦੇ ਯਾਤਰੀ ਠਹਿਰੇ ਅਤੇ ਉੱਥੇ ਰਾਤ ਦਾ ਪੜਾਓ ਕੀਤਾ ਗਿਆ। ਲਹਿਣਾ ਜੀ ਨੇ ਸੰਗੀਆਂ ਤੋਂ ਆਗਿਆ ਲਈ ਕਿ ਮੈਂ ਨਾਨਕ ਤਪਾ ਦੇ ਦਰਸ਼ਨ ਕਰਨੇ ਨੇ, ਸਵੇਰੇ ਹੀ ਅਗਲੀ ਯਾਤਰਾ ਲਈ ਤੁਹਾਡੇ ਨਾਲ ਮਿਲ ਜਾਵਾਂਗਾ।

ਲ਼ਹਿਣਾ ਜੀ ਘੋੜੀ 'ਤੇ ਸਵਾਰ ਹੋ ਕੇ ਗੁਰੂ ਨਾਨਕ ਜੀ ਨੂੰ ਮਿਲਣ ਚੱਲ ਪਏ। ਭਾਈ ਜੋਧ ਤੋਂ ਸੁਣਿਆ ਸ਼ਬਦ ਉਨ੍ਹਾਂ ਦੇ ਰੋਮ ਰੋਮ ਵਿਚ ਵੱਸ ਚੁੱਕਿਆ ਸੀ। ਰਾਹ ਵਿਚ ਹੀ ਇੱਕ 60-62 ਸਾਲ ਦਾ ਬਜ਼ੁਰਗ ਆਉਂਦਾ ਦੇਖਿਆ, ਜੋ ਅਸਲ ਵਿਚ ਗੁਰੂ ਨਾਨਕ ਜੀ ਹੀ ਸਨ, ਤਾਂ ਪੁੱਛਿਆ ਕਿ ਨਾਨਕ ਤਪੇ ਦੇ ਦਰਸ਼ਨ ਕਰਨੇ ਨੇ, ਕਿਸ ਰਾਹ ਜਾਵਾਂ। ਬਜ਼ੁਰਗ ਨੇ ਕਿਹਾ ਕਿ ਮੇਰੇ ਮਗਰ ਮਗਰ ਆਈ ਚੱਲ। ਮੈਂ ਤੈਨੂੰ ਬਾਬੇ ਕੇ ਘਰ ਲੈ ਚੱਲਦਾ ਹਾਂ। ਜਦੋਂ ਮੰਜ਼ਲ 'ਤੇ ਪੁੱਜੇ, ਭਾਈ ਲਹਿਣਾ ਜੀ ਘੋੜੀ ਨੂੰ ਬੰਨ੍ਹ ਕੇ ਧਰਮਸ਼ਾਲ ਦੇ ਕਮਰੇ ਅੰਦਰ ਗਏ, ਜਿੱਥੇ ਕੀਰਤਨ ਹੋ ਰਿਹਾ ਸੀ। ਆਸਣ 'ਤੇ ਬਿਰਾਜਮਾਨ ਗੁਰੂ ਦੇ ਚਰਨਾਂ 'ਤੇ ਮੱਥਾ ਟੇਕਿਆ, ਸਿਰ ਚੁੱਕਿਆ ਤਾਂ ਉਸੇ ਬਜ਼ੁਰਗ ਨੂੰ ਦੇਖਿਆ, ਜੋ ਉਸ ਦੀ ਘੋੜੀ ਦੀ ਵਾਗ ਫੜ ਕੇ ਲਿਆਏ ਸਨ। ਲਹਿਣਾ ਜੀ ਨੇ ਗੁਰੂ-ਚਰਨਾਂ ਨੂੰ ਹੰਝੂਆਂ ਨਾਲ ਧੋ ਦਿੱਤਾ। ਗੁਰੂ ਨਾਨਕ ਜੀ ਨੇ ਮੱਥੇ 'ਤੇ ਹੱਥ ਰੱਖ ਕੇ ਉਠਾਇਆ, ਆਸ਼ੀਰਵਾਦ ਦਿੱਤੀ। ਲਹਿਣਾ ਜੀ ਨੇ ਹੋਈ ਖੁਨਾਮੀ ਲਈ ਮੁਆਫੀ ਮੰਗੀ। ਗੁਰੂ ਜੀ ਦੇ ਪੁੱਛਣ 'ਤੇ ਜਦੋਂ ਲਹਿਣੇ ਨੇ ਆਪਣਾ ਨਾਮ ਦੱਸਿਆ ਤਾਂ ਗੁਰੂ ਨਾਨਕ ਜੀ ਬੋਲੇ, "ਵਾਹ ਵਾਹ ਤੇਰਾ ਨਾਮ ਲਹਿਣਾ। ਆ ਬਈ ਤੂੰ ਲਹਿਣਾ ਅਤੇ ਅਸੀਂ ਤੇਰਾ ਦੇਣਾ"।



ਇਹ ਰਾਤ ਭਾਈ ਲਹਿਣਾ ਜੀ ਨੇ ਧਰਮਸ਼ਾਲਾ ਵਿਚ ਹੀ ਕੱਟੀ। ਜ਼ਿਕਰ ਆਉਂਦਾ ਏ ਕਿ ਪਿਛਲੀ ਰਾਤ ਅਚਾਨਕ ਅੱਖ ਖੁੱਲ੍ਹੀ ਤੇ ਦੇਖਿਆ ਇੱਕ ਸੂਹੇ ਕੱਪੜਿਆਂ ਵਾਲੀ ਇਸਤਰੀ ਬੁਹਾਰੀ ਕਰਦੀ ਹੈ। ਪੁੱਛਣ 'ਤੇ ਪਤਾ ਲੱਗਾ ਕਿ ਓਹੋ ਹੀ ਵੈਸ਼ਨੋ/ਦੁਰਗਾ ਦੇਵੀ ਹੈ। ਉਹ ਗੁਰੂ ਦਰਬਾਰ ਦੀ ਬੁਹਾਰੀ ਕਰਕੇ ਸ਼ਕਤੀ ਪ੍ਰਾਪਤ ਕਰਦੀ ਹੈ ਅਤੇ ਅੱਗੋਂ ਆਪਣੇ ਭਗਤਾਂ ਵਿਚ ਥੋੜ੍ਹੀ-ਥੋੜ੍ਹੀ ਵੰਡ ਦਿੰਦੀ ਹੈ। ਸਵੇਰੇ ਉਨ੍ਹਾਂ ਕੀਰਤਨ ਸੁਣਿਆ, ਗੁਰ ਉਪਦੇਸ਼ ਸੁਣਿਆ ਅਤੇ ਨਿਹਾਲ ਹੋਇਆ ਮਨ ਹੁਣ ਉਥੇ ਹੀ ਟਿਕ ਗਿਆ। ਉਹ ਆਪਣੇ ਸਾਥੀਆਂ ਨੂੰ ਕਹਿ ਆਏ ਕਿ ਤੁਸੀਂ ਜਾਓ ਅੱਗੇ, ਮੈਂ ਤਾਂ ਹੁਣ ਇੱਥੇ ਹੀ ਰਹਾਂਗਾ।

ਲਹਿਣਾ ਜੀ ਨੇ ਇੱਥੇ ਰਹਿ ਕੇ ਪੂਰੀ ਸੇਵਾ ਕੀਤੀ। ਸੰਗਤਾਂ ਦੀ ਪੱਖਾ ਝੱਲਣ ਦੀ ਸੇਵਾ, ਲੰਗਰ ਦੀ ਸੇਵਾ, ਜੂਠੇ ਭਾਂਡੇ ਮਾਂਜਣ ਦੀ ਸੇਵਾ ਆਦਿ। ਇਸ ਤੋਂ ਬਿਨਾ ਉਹ ਬਾਬੇ ਨਾਨਕ ਦੇ ਹਰ ਹੁਕਮ ਦਾ ਪਾਲਣ ਕਰਕੇ ਖੁਸ਼ ਹੁੰਦੇ।

ਇਤਿਹਾਸ ਵਿਚ ਬਹੁਤ ਸਾਰੀਆਂ ਸਾਖੀਆਂ ਆਉਂਦੀਆਂ ਹਨ, ਜਿਹੜੀਆਂ ਲਹਿਣਾ ਜੀ ਦੇ ਆਗਿਆਕਾਰੀ ਅਤੇ ਹੁਕਮ ਮੰਨਣ ਦੇ ਸੁਭਾਅ 'ਤੇ ਚਾਨਣਾ ਪਾਉਂਦੀਆਂ ਹਨ। ਸੰਖੇਪ ਵਿਚ ਹੀ ਜ਼ਿਕਰ ਕਰਾਂਗੇ:-

**ਨਦੀਨ ਦੀਆਂ ਤਿੰਨ ਪੰਡਾਂ ਚੁੱਕਣੀਆਂ:**-ਗੁਰੂ ਨਾਨਕ ਜੀ ਨੇ ਨਦੀਨ ਕੱਢ ਕੇ ਹਰੇ ਘਾਹ ਦੀਆਂ ਤਿੰਨ ਪੰਡਾਂ ਬਣਾ ਲਈਆਂ ਸਨ, ਪਰ ਕੋਈ ਵੀ ਚੁੱਕਣ ਲਈ ਤਿਆਰ ਨਾ ਹੋਇਆ। ਚਿੱਕੜ ਚੋਂਦੀਆਂ ਪੰਡਾਂ ਜਦੋਂ ਲਹਿਣੇ ਨੇ ਚੁੱਕੀਆਂ ਤਾਂ ਕੱਪੜੇ ਵੀ ਚਿੱਕੜ ਨਾਲ ਭਰ ਗਏ। ਮਾਤਾ ਜੀ ਦੇ ਕਹਿਣ 'ਤੇ ਬਾਬੇ ਨੇ ਇਸ ਨੂੰ ਕੇਸਰ ਦੱਸਿਆ। ਮੈਕਾਲਿਫ ਨੇ ਤਿੰਨ ਪੰਡਾਂ ਨੂੰ ਅਧਿਆਤਮਕ, ਸੰਸਾਰਕ ਅਤੇ ਗੁਰਿਆਈ ਦੀ ਜ਼ਿੰਮੇਵਾਰੀ ਦੇ ਪ੍ਰਤੀਕ ਮੰਨਿਆ ਹੈ।

**ਗੜ੍ਹਿਆਂ ਦੇ ਮੀਂਹ ਵਿਚ ਗੁਰਸੇਵਾ:**- ਬਾਬਾ ਜੀ ਰਾਵੀ ਵਿਚ ਇਸ਼ਨਾਨ ਕਰਨ ਗਏ ਤੇ ਲਹਿਣਾ ਜੀ ਬਾਬਾ ਜੀ ਦੇ ਵਸਤਰ ਸਾਂਭ ਕੇ ਬੈਠ ਗਏ। ਅਚਾਨਕ ਜ਼ੋਰ ਦੀ ਮੀਂਹ ਆ ਗਿਆ। ਗੜ੍ਹੇ ਪੈਣ ਲੱਗੇ। ਬਾਕੀ ਸਿੱਖ ਘਰ ਨੂੰ ਮੁੜ ਗਏ ਪਰ ਲਹਿਣਾ ਜੀ ਉਸੇ ਤਰ੍ਹਾਂ ਵਸਤਰ ਸਾਂਭੀ ਬੈਠੇ ਰਹੇ। ਬਾਬਾ ਜੀ ਦੇ ਬਾਹਰ ਆਉਣ 'ਤੇ ਕੱਪੜੇ ਪੁਆ ਕੇ ਉਨ੍ਹਾਂ ਦੇ ਨਾਲ ਹੀ ਆਏ।

ਇੱਕ ਵਾਰ ਧਰਮਸਾਲ ਦੇ ਵਰਾਂਡੇ ਵਿਚ ਮੋਈ ਚੂਹੀ ਪਈ ਸੀ, ਤੇ ਗੁਰ-ਪੁੱਤਰਾਂ ਸਮੇਤ ਕਿਸੇ ਨੇ ਉਸ ਨੂੰ ਬਾਹਰ ਨਹੀਂ ਕੱਢਿਆ। ਲਹਿਣਾ ਜੀ ਨੂੰ ਹੁਕਮ ਮਿਲਿਆ ਤਾਂ ਉਨ੍ਹਾਂ ਪਲ ਵਿਚ ਹੀ ਚੂਹੀ ਬਾਹਰ ਕੱਢੀ ਅਤੇ ਸਫਾਈ ਕਰ ਦਿੱਤੀ।

ਗੁਰੂ ਨਾਨਕ ਜੀ ਪੁੱਛਿਆ ਕਿ ਕਿੰਨੀ ਰਾਤ ਲੰਘ ਗਈ ਹੈ। ਬਾਬਾ ਬੁੱਢੇ ਸਮੇਤ ਸਿੱਖਾਂ ਨੇ ਕਿਹਾ ਕਿ ਅੱਧੀ ਰਾਤ ਲੰਘ ਗਈ ਹੈ। ਪਰ ਲਹਿਣਾ ਜੀ ਨੂੰ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਮੇਹਰਬਾਨ ਤੇਰੀ ਰਾਤ ਤੇਰਾ ਦਿਨ। ਤੂੰ ਸਭ ਕੁਝ ਜਾਣਦਾ ਹੈਂ। ਸਾਨੂੰ ਕੋਈ ਖਬਰ ਨਹੀਂ।

**ਗੁਰਿਆਈ ਲਈ ਪ੍ਰੀਖਿਆਵਾਂ:**- ਇਤਿਹਾਸ ਵਿਚ ਕਈ ਵਾਰ ਪ੍ਰੀਖਿਆ ਲਏ ਜਾਣ ਦਾ ਜ਼ਿਕਰ ਆਉਂਦਾ ਹੈ। ਹਰ ਵਾਰੀ ਲਹਿਣਾ ਜੀ ਹੀ ਪਾਸ ਹੋਏ।

ਇੱਕ ਵਾਰ ਅੱਧੀ ਰਾਤ ਨੂੰ ਗੁਰੂ ਨਾਨਕ ਜੀ ਨੇ ਕਿਹਾ ਕਿ ਦੇਖੋ ਕਿੱਡਾ ਦਿਨ ਚੜ੍ਹਿਆ ਹੈ। ਸਾਡੇ ਕੱਪੜੇ ਧੋ ਕੇ ਲਿਆਓ। ਪੁੱਤਰਾਂ ਨੇ ਕਿਹਾ ਕਿ ਸਵੇਰ ਹੋਣ 'ਤੇ ਧੋ ਲਵਾਂਗੇ, ਪਰ ਲਹਿਣਾ ਜੀ ਉਸੇ ਵੇਲੇ ਗਏ ਤੇ ਕੱਪੜੇ ਧੋ ਲਿਆਏ।

ਸਰਦੀਆਂ ਦੀ ਰੁੱਤ ਵਿਚ ਰਾਤ ਵੇਲੇ ਮੀਂਹ ਨਾਲ ਧਰਮਸਾਲ ਦੀ ਕੰਧ ਡਿੱਗ ਪਈ ਸੀ। ਬਾਬੇ ਨੇ ਉਸੇ ਵੇਲੇ ਬਣਾਉਣ ਲਈ ਕਿਹਾ। ਪੁੱਤਰਾਂ ਨੇ ਸਵੇਰੇ ਰਾਜ ਮਿਸਤਰੀ ਤੋਂ ਬਣਵਾ ਦੇਣ ਬਾਰੇ ਕਿਹਾ। ਪਰ ਸੇਵਕ ਲਹਿਣੇ ਨੇ ਕੰਧ ਬਣਾ ਕੇ ਹੀ ਸੇਵਾ ਸਫਲ ਹੋਈ ਜਾਣੀ।

**ਕਿੱਕਰਾਂ ਤੋਂ ਮਠਿਆਈਆਂ ਲਾਹੁਣਾ;**- ਕਰਤਾਰਪੁਰ ਵਿਖੇ ਸੰਗਤ ਦਾ ਇਕੱਠ ਵੀਹ ਹਜ਼ਾਰ ਤੱਕ ਦਾ ਹੋ ਜਾਂਦਾ ਸੀ। ਇੱਕ ਦਿਨ ਸੰਗਤਾਂ ਬਹੁਤ ਜ਼ਿਆਦਾ ਆ ਗਈਆਂ, ਪਰ ਮੀਂਹ ਦੀ ਝੜੀ ਲੱਗੀ ਹੋਣ ਕਰਕੇ ਤਿੰਨ ਦਿਨ ਲੰਗਰ ਨਾ ਪੱਕ ਸਕਿਆ। ਮੀਂਹ ਟਿਕਿਆ ਤਾਂ ਬਾਬਾ ਨਾਨਕ ਇੱਕ ਕਿੱਕਰ ਹੇਠ ਬੈਠ ਗਏ ਅਤੇ ਸ਼੍ਰੀ ਚੰਦ ਨੂੰ ਉਸ ਉਪਰ ਚੜ੍ਹਨ ਅਤੇ ਮਠਿਆਈਆਂ ਲਾਹੁਣ ਦਾ ਹੁਕਮ ਦਿੱਤਾ। ਸ਼੍ਰੀ ਚੰਦ ਨੇ ਬਾਬਾ ਜੀ ਦੀ ਉਮਰ ਵੱਧ ਹੋਣ ਕਰਕੇ ਉਨ੍ਹਾਂ ਦੇ ਦਿਮਾਗ ਦੇ ਠੀਕ ਕੰਮ ਨਾ ਕਰਦੇ ਹੋਣ ਦੀ ਗੱਲ ਵੀ ਕਹਿ ਦਿੱਤੀ। ਲਹਿਣੇ ਨੂੰ ਕਿਹਾ ਤਾਂ ਉਹ ਤੁਰੰਤ ਕਿੱਕਰ 'ਤੇ ਚੜ੍ਹ ਗਏ ਅਤੇ ਉਸਨੂੰ ਹਿਲਾਇਆ। ਇਨ੍ਹਾਂ ਮਠਿਆਈਆਂ ਨੂੰ ਸੰਗਤ ਵਿਚ ਵੰਡਿਆ ਗਿਆ।

**ਮੁਰਦਾ ਖਾਣਾ:**- ਗੁਰੂ ਨਾਨਕ ਜੀ ਨੇ ਭਿਆਨਕ ਰੂਪ ਬਣਾ ਲਿਆ, ਜਿਸ ਵਿਚ ਹੱਥ ਵਿਚ ਕੁਤਕਾ, ਲੱਕ ਨਾਲ ਛੁਰਾ, ਅੱਗੇ ਪਿੱਛੇ ਸ਼ਿਕਾਰੀ ਕੁੱਤੇ, ਗੋਦੜੀ ਵਿਚ ਸਿੱਕੇ, ਮੋਤੀ ਤੇ ਹੀਰੇ ਪਾ ਲਏ। ਧਰਮਸਾਲ ਤੋਂ ਸ਼ਮਸਾਨ ਘਾਟ ਵੱਲ ਚੱਲ ਪਏ। ਲੋਕ ਮਗਰ ਚੱਲੇ, ਬਾਬੇ ਪੈਸੇ ਸੁੱਟੇ। ਫੇਰ ਰੁਪਈਏ ਸੁੱਟੇ। ਕੁਝ ਲੋਕ ਪੈਸੇ ਲੈ ਕੇ ਤੇ ਕੁਝ ਰੁਪਈਏ ਲੇ ਕੇ ਵਾਪਸ ਮੁੜ ਗਏ। ਫਿਰ ਬਾਬੇ ਮੁਹਰਾਂ ਸੁੱਟੀਆਂ। ਅਖੀਰ ਤੇ ਦੋ ਸਿੱਖ ਨਾਲ ਰਹੇ। ਅੱਗੇ ਇੱਕ ਚਿਖਾ ਜਲਦੀ ਸੀ, ਦੁਰਗੰਧ ਵੀ ਆਉਂਦੀ ਸੀ। ਬਾਬੇ ਨੇ ਇਸ ਨੂੰ ਖਾਣ ਦਾ ਹੁਕਮ ਸੁਣਾ ਦਿੱਤਾ। ਦੂਜਾ ਸਿੱਖ ਤਾਂ ਮੂੰਹ ਫੇਰ ਕੇ ਥੁੱਕਾਂ ਸੁੱਟਣ ਲੱਗਾ। ਇਕੱਲੇ ਲਹਿਣਾ ਜੀ ਰਹਿ ਗਏ। ਲਹਿਣੇ ਪੁੱਛਿਆ ਕਿ ਕਿਸ ਪਾਸਿਓਂ ਖਾਵਾਂ। ਬਾਬੇ ਪੈਰਾਂ ਵੱਲੋਂ ਖਾਣ ਲਈ ਕਿਹਾ। ਚਾਦਰ ਉਠਾਈ ਤਾਂ ਬਾਬਾ ਨਾਨਕ ਪਿਆ ਦਿਖਿਆ। ਪਿੱਛੇ ਵੱਲ ਦੇਖਿਆ ਤਾਂ ਬਾਬਾ ਨਾਨਕ ਆਪਣੇ ਸਾਧਾਰਨ ਰੂਪ ਵਿਚ ਖੜ੍ਹਾ ਹੈ (ਭਿਆਨਕ ਰੂਪ ਨਹੀਂ)। ਲਹਿਣੇ ਮੱਥਾ ਟੇਕਿਆ ਤਾਂ ਬਾਬੇ ਨੇ ਲਹਿਣੇ ਨੂੰ ਗਲੇ ਲਗਾਇਆ ਤੇ ਕਿਹਾ ਕਿ ਤੂੰ ਅੱਜ ਤੋਂ ਅੰਗਦ ਹੋਇਆ ਹੈਂ। ਕੁਝ ਜਨਮ-ਸਾਖੀ ਸਰੋਤਾਂ ਵਿਚ ਚਾਦਰ ਚੁੱਕਣ 'ਤੇ ਗਰਮ ਕੜਾਹ-ਪ੍ਰਸਾਦਿ ਨਿਕਲਣ ਬਾਰੇ ਵੀ ਲਿਖਿਆ ਮਿਲਦਾ ਹੈ।

ਤਦ ਗੁਰੂ ਨਾਨਕ ਜੀ ਨੇ ਬਾਕਾਇਦਾ ਸੰਗਤ ਦੇ ਸਾਹਮਣੇ ਅੰਗਦ ਜੀ ਦੇ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਆਪ ਮੱਥਾ ਟੇਕਿਆ ਅਤੇ ਬਾਬੇ ਬੁੱਢੇ ਤੋਂ ਗੁਰਿਆਈ ਦਾ ਤਿਲਕ ਲਗਵਾਇਆ। ਇਸ ਗੱਲ ਦਾ ਜ਼ਿਕਰ ਰਾਮਕਲੀ ਦੀ ਵਾਰ ਵਿਚ ਸੱਤਾ ਬਲਵੰਡ ਜੀ ਦੀ ਕਲਮ ਦਾ ਲਿਖਿਆ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ:-

"ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ "॥1॥...
(ਪੰਨਾ 966, ਰਾਮਕਲੀ ਕੀ ਵਾਰ, ਰਾਇ ਬਲਵੰਡ ਤਥਾ ਸਤਾ ਡੂਮਿ ਆਖੀ)

**ਗੁਰੂ ਬਣਨ ਉਪਰੰਤ ਮੁੱਖ ਕਾਰਜ:**- ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਵਲੋਂ ਸ਼ੁਰੂ ਕੀਤੇ ਸ਼ਬਦ-ਪ੍ਰਚਾਰ ਨੂੰ ਹੋਰ ਅੱਗੇ ਵਧਾਇਆ। ਸੰਗਤਾਂ ਨੂੰ ਗੁਰੂ ਸਾਹਿਬ ਸ਼ਬਦ ਨਾਲ ਭਰਪੂਰ ਕਰਦੇ ਸਨ ਅਤੇ ਮਾਤਾ ਖੀਵੀ ਜੀ ਲੰਗਰ ਦੀ ਸੇਵਾ ਪੂਰੇ ਚਾਅ ਅਤੇ ਉਤਸ਼ਾਹ ਨਾਲ ਕਰਦੇ ਸਨ। ਜਿੱਥੇ ਗੁਰੂ ਅੰਗਦ ਦੇਵ ਜੀ ਨੇ ਸਰੀਰਕ ਚੁਸਤੀ-ਫੁਰਤੀ ਲਈ ਮੱਲ ਅਖਾੜੇ ਦਾ ਪ੍ਰਬੰਧ ਕੀਤਾ, ਉਥੇ ਬੌਧਿਕ ਵਿਕਾਸ ਲਈ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਬਣਤਰ ਦੀ ਸੁਧਾਈ ਵੀ ਕੀਤੀ ਅਤੇ ਇਸ ਲਿਪੀ ਦਾ ਪ੍ਰਚਾਰ ਵੀ ਕੀਤਾ।

ਗੁਰੂ ਸਾਹਿਬ ਨੇ ਖਡੂਰ ਸਾਹਿਬ ਨਗਰ ਦੀ ਸਥਾਪਨਾ ਕੀਤੀ ਅਤੇ ਉਸ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ।

ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਪਹਿਲੇ ਭਗਤਾਂ ਦੀ ਬਾਣੀ ਦੀ ਸੰਭਾਲ ਵੀ ਕੀਤੀ। ਖੁਦ ਬਾਣੀ ਰਚੀ ਵੀ ਅਤੇ ਅੱਗੇ ਇਹ ਗੁਰੂ ਅਮਰਦਾਸ ਜੀ ਨੂੰ ਸੌਂਪੀ ਵੀ।

**ਗੁਰੂ ਅੰਗਦ ਸਾਹਿਬ ਰਚਿਤ ਬਾਣੀ** :- ਗੁਰੂ ਅੰਗਦ ਦੇਵ ਜੀ ਨੇ ਕੁੱਲ 62 ਸਲੋਕ ਲਿਖੇ ਹਨ, ਜੋ ਸਾਰੇ ਦੇ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹਨ। ਇਹ ਸਲੋਕ ਵਾਰਾਂ ਦੇ ਨਾਲ ਦਰਜ ਹਨ। ਭਾਵੇਂ ਗੁਰੂ ਅੰਗਦ ਦੇਵ ਜੀ ਦੀ ਆਪਣੀ ਲਿਖੀ ਕੋਈ ਵੀ ਵਾਰ ਨਹੀਂ ਹੈ, ਪਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦਿਆਂ ਹੋਇਆਂ ਹੋਰ ਗੁਰੂ ਸਾਹਿਬਾਨ ਦੀਆਂ ਰਚੀਆਂ ਹੋਈਆਂ ਵਾਰਾਂ ਵਿਚ ਇਹ ਸਲੋਕ ਸ਼ਾਮਲ ਕੀਤੇ ਹਨ। ਵੱਖ-ਵੱਖ ਵਾਰਾਂ ਵਿਚ ਦਰਜ ਸਲੋਕਾਂ ਦੀ ਗਿਣਤੀ ਇਸ ਤਰ੍ਹਾਂ ਹੈ:- ਵਾਰ ਸਿਰੀ ਰਾਗੁ ਮਹਲਾ 2 = 2 ਸਲੋਕ, ਵਾਰ ਮਾਝ ਮਹਲਾ 2= 12 ਸਲੋਕ, ਵਾਰ ਆਸਾ ਮਹਲਾ 2= 14 ਸਲੋਕ, ਵਾਰ ਸੋਰਠਿ ਮਹਲਾ 2= 1 ਸਲੋਕ, ਵਾਰ ਸੂਹੀ ਮਹਲਾ 2= 11 ਸਲੋਕ, ਵਾਰ ਰਾਮਕਲੀ ਮਹਲਾ 2= 7 ਸਲੋਕ, ਵਾਰ ਮਾਰੂ ਮਹਲਾ 2= 1 ਸਲੋਕ, ਵਾਰ ਸਾਰੰਗ ਮਹਲਾ 2= 9 ਸਲੋਕ, ਵਾਰ ਮਲਾਰ ਮਹਲਾ 2= 5 ਸਲੋਕ

ਕੁੱਲ ਸਲੋਕ = 62 ਸਲੋਕ

ਗੁਰੂ ਨਾਨਕ ਦੇਵ ਜੀ ਰਚਿਤ ਜਪੁ ਬਾਣੀ ਦਾ ਅੰਤਲਾ ਸਲੋਕ ਵਾਰ ਮਾਝ ਦੀ ਵਿਚ ਪੰਨਾ 146 'ਤੇ ਮ : ੨ ਦੇ ਅਧੀਨ ਦਰਜ ਹੈ, ਜਿਸ ਵਿਚ ਮਾਮੂਲੀ ਸ਼ਬਦ ਭਿੰਨਤਾ ਹੈ। ਆਪ ਜੀ ਦੀ ਬਾਣੀ ਦਾ ਮੁੱਖ ਭਾਵ ਗੁਰੂ ਦੀ ਲੋੜ ਅਤੇ ਗੁਰੂ ਪ੍ਰਤੀ ਸਮਰਪਣ ਅਤੇ ਪ੍ਰੇਮ ਹੈ।

ਅਖੀਰ 29 ਮਾਰਚ 1552 ਨੂੰ ਖਡੂਰ ਸਾਹਿਬ ਵਿਖੇ ਆਪ ਅਮਰਦਾਸ ਜੀ ਨੂੰ ਗੱਦੀ ਦੇ ਕੇ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

ਦੋ ਗੱਲਾਂ ਬਿਲਕੁਲ ਵਿਲੱਖਣ ਹੋਈਆਂ ਹਨ:-

1. ਗੁਰੂ ਨਾਨਕ ਦਾ ਸਿਰ ਕਿਸੇ ਵੀ ਦੁਨਿਆਵੀ ਮਨੁੱਖ ਅੱਗੇ ਨਹੀਂ ਝੁਕਿਆ, ਬੇਸ਼ੱਕ ਉਹ ਕੋਈ ਰਾਜਾ ਸੀ, ਸਾਧ ਸੀ, ਕਾਜੀ ਸੀ, ਪੰਡਤ ਸੀ, ਜਾਂ ਕੋਈ ਵੀ ਧਨਵਾਨ ਜਾਂ ਅਹੁਦੇਦਾਰ। ਪਰ ਲਹਿਣੇ ਅੱਗੇ ਗੁਰੂ ਨਾਨਕ ਨੇ ਮੱਥਾ ਟੇਕਿਆ, ਉੱਤੇ ਉਸ ਨੂੰ ਗੁਰੂ ਅੰਗਦ ਬਣਾ ਦਿੱਤਾ।

2. ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸਿਰਫ ਇੱਕ ਹੀ ਔਰਤ ਦਾ ਜ਼ਿਕਰ ਹੈ ਅਤੇ ਉਹ ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ ਜੀ ਹਨ।

"ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲ਼ੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥
(ਪੰਨਾ 967, ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ)

**ਅੰਤਿਕਾ:**- ਜਨਮ-ਸਾਖੀਆਂ ਅਤੇ ਹੋਰ ਪੁਰਾਤਨ ਸਰੋਤਾਂ ਵਿਚ ਆਉਂਦੀਆਂ ਇਨ੍ਹਾਂ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਕੁਝ ਵੀ ਨਾ ਕਹਿੰਦੇ ਹੋਏ ਇਹ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਲਹਿਣਾ ਜੀ ਨੂੰ ਤਾਂ ਬੱਸ ਗੁਰ-ਹੁਕਮ ਮੰਨ ਕੇ ਹੀ ਆਨੰਦ ਆਉਂਦਾ ਸੀ। ਉਨ੍ਹਾਂ ਨੇ ਤਿੰਨ ਭੱਬੇ ਯਾਦ ਕੀਤੇ ਹੋਏ ਆਖਿਆ ਜਾਂਦਾ ਹੈ- ਭਲਾ ਜੀ, ਭੁੱਲਾ ਜੀ ਅਤੇ ਭੋਲਾ ਜੀ। ਕਿਉਂਕਿ ਸਿੱਖੀ ਅਜੇ ਆਰੰਭ ਹੀ ਹੋਈ ਸੀ, ਇਸ ਲਈ ਗੁਰਿਆਈ ਦਾ ਹੱਕਦਾਰ ਲਾਜ਼ਮੀ ਤੌਰ 'ਤੇ ਇਸ ਲਾਇਕ ਹੋਣਾ ਚਾਹੀਦਾ ਸੀ, ਜੋ ਗੁਰੂ ਨਾਨਕ ਦੇ ਸ਼ੁਰੂ ਕੀਤੇ ਮਿਸ਼ਨ ਅਨੁਸਾਰ ਹੀ ਚੱਲੇ। ਇਸੇ ਨੂੰ ਸੱਤੇ ਬਲਵੰਡ ਨੇ "ਜੋਤਿ ਓਹਾ ਜੁਗਤਿ ਸਾਇ" ਆਖ ਕੇ ਨਾਨਕ ਦੀ ਜੋਤਿ ਦਾ ਲਹਿਣੇ ਵਿਚ ਦਾਖਲ ਹੋਣਾ ਕਿਹਾ ਹੈ। ਇਹੀ ਜੋਤ ਇੱਥੋਂ ਚੱਲ ਕੇ ਦਸਵੇਂ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਜੀ ਤੱਕ ਤੁਰਦੀ ਹੈ। ਗੁਰੂ ਅੰਗਦ ਜੀ ਨੇ ਗੁਰਗੱਦੀ ਮਿਲਣ ਉਪਰੰਤ ਆਪਣੀ ਜ਼ਿੰਮੇਵਾਰੀ ਨੂੰ ਬਹੁਤ ਹੀ ਖੂਬਸੂਰਤੀ ਨਾਲ ਨਿਭਾਇਆ ਅਤੇ ਸਿੱਖੀ ਦੇ ਇਸ ਬੂਟੇ ਨੂੰ ਹੋਰ ਵਧਣ-ਫੁੱਲਣ ਲਈ ਹਰ ਸੰਭਵ ਯਤਨ ਕੀਤਾ।

# ਸੁਖਿੰਦਰ ਦਾ 'ਗਿਰਗਟਾਂ ਦਾ ਮੌਸਮ' ਕਾਵਿ-ਸੰਗ੍ਰਹਿ ਸਮਾਜਿਕ ਕੁਰੀਤੀਆਂ ਦਾ ਸ਼ੀਸ਼ਾ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਪੰਜਾਬੀ ਸਾਹਿਤ ਦੇ ਸਾਰੇ ਰੂਪਾਂ ਵਿਚੋਂ ਕਵਿਤਾ ਸਭ ਤੋਂ ਵਧੇਰੇ ਮਾਤਰਾ ਵਿਚ ਲਿਖੀ ਜਾ ਰਹੀ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਨਿਗਾਹ ਮਾਰੀਏ, ਤਾਂ ਅਧਿਆਤਮਿਕ ਕਾਵਿ ਨੂੰ ਛੱਡਕੇ ਪੰਜਾਬੀ ਦੀ ਬਹੁਤੀ ਕਵਿਤਾ ਰੁਮਾਂਸਵਾਦ ਦੇ ਆਲੇ-ਦੁਆਲੇ ਹੀ ਘੁੰਮਦੀ ਰਹੀ ਹੈ। ਇਸ ਸਮੇਂ ਵੀ ਕਵਿਤਾ ਸਭ ਤੋਂ ਵੱਧ ਲਿਖੀ ਜਾ ਰਹੀ ਹੈ। ਰੁਮਾਂਸਵਾਦੀ ਕਵਿਤਾ ਦਾ ਆਪਣਾ ਸਥਾਨ ਹੈ, ਪ੍ਰੰਤੂ ਜਿਹੜਾ ਸਾਹਿਤ ਲੋਕਾਈ ਦੇ ਹਿੱਤਾਂ 'ਤੇ ਪਹਿਰਾ ਨਾ ਦੇ ਸਕੇ, ਤਾਂ ਉਹ ਸਿਰਫ ਮਨਪ੍ਰਚਾਵੇ ਦਾ ਸਾਧਨ ਬਣਕੇ ਰਹਿ ਜਾਂਦਾ ਹੈ। ਸੁਖਿੰਦਰ ਦਾ ਇੱਕ ਨਵਾਂ ਕਾਵਿ ਸੰਗ੍ਰਹਿ 'ਗਿਰਗਟਾਂ ਦਾ ਮੌਸਮ' 2025 ਵਿਚ ਹੀ ਪ੍ਰਕਾਸ਼ਤ ਹੋਇਆ ਹੈ। ਇਹ ਕਾਵਿ ਸੰਗ੍ਰਹਿ ਵਿਲੱਖਣ ਕਿਸਮ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਦੀਆਂ ਸਮੁੱਚੀਆਂ ਕਵਿਤਾਵਾਂ ਲੋਕਾਈ ਦੇ ਦੁੱਖ ਦਰਦ ਬਿਆਨ ਕਰਦੀਆਂ, ਜਨਤਾ ਦੇ ਹੱਕਾਂ ਦੀ ਗੱਲ ਕਰਦੀਆਂ ਹਨ। ਇਨਸਾਫ਼ ਦੀ ਪ੍ਰਤੀਨਿਧਤਾ ਕਰਦੀਆਂ ਹਨ। ਪੰਜਾਬੀ ਵਿਚ ਜਿਹੜੀ ਵਰਤਮਾਨ ਸਮਕਾਲੀ ਕਵਿਤਾ ਲਿਖੀ ਅਤੇ ਪ੍ਰਕਾਸ਼ਤ ਹੋ ਰਹੀ ਹੈ, ਉਹ ਬਹੁਤੀ ਪਿਆਰ ਮੁਹੱਬਤ ਦੇ ਗੀਤ ਗਾਉਂਦੀ ਹੈ। ਸੁਖਿੰਦਰ ਨੇ ਰੁਮਾਂਸਵਾਦ ਦੀ ਥਾਂ ਸਮਾਜ ਵਿਚ ਫ਼ੈਲੀਆਂ ਕੁਰੀਤੀਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਦੁੱਖ ਅਤੇ ਸੰਤਾਪ ਦੀ ਗੱਲ ਹੈ ਕਿ ਸਾਡੇ ਕਵੀ ਵਰਤਮਾਨ ਸਮੇਂ ਆਪਣੀਆਂ ਕਵਿਤਾਵਾਂ ਇਨਾਮ ਪ੍ਰਾਪਤ ਕਰਨ ਦੇ ਇਰਾਦੇ ਨਾਲ ਲਿਖ ਰਹੇ ਹਨ। ਮਾਨ-ਸਨਮਾਨ ਲੈਣੇ ਹੀ ਉਨ੍ਹਾਂ ਦਾ ਮੁੱਖ ਮਕਸਦ ਹੈ। ਸੁਖਿੰਦਰ ਪੰਜਾਬੀ ਦਾ ਸਥਾਪਤ ਸਾਹਿਤਕਾਰ ਤੇ ਸੰਪਾਦਕ ਹੈ। ਉਹ ਬਹੁ-ਵਿਧਾਵੀ, ਬਹੁ-ਰੰਗੀ ਅਤੇ ਬਹੁ-ਪੱਖੀ ਸਾਹਿਤਕਾਰ ਹੈ। 'ਗਿਰਗਟਾਂ ਦਾ ਮੌਸਮ' ਉਸਦੀ 50ਵੀਂ ਪੁਸਤਕ ਹੈ। ਇਸ ਕਾਵਿ-ਸੰਗ੍ਰਹਿ ਵਿਚ ਉਸਦੀਆਂ 83 ਰੰਗ-ਬਿਰੰਗੀਆਂ ਕਵਿਤਾਵਾਂ ਹਨ, ਜਿਨ੍ਹਾਂ ਦੇ ਰੰਗ ਬਹੁਤ ਹੀ ਗੂੜ੍ਹੇ ਤੇ ਸ਼ੋਖ਼ ਹਨ, ਪ੍ਰੰਤੂ ਗੂੜ੍ਹੇ ਰੰਗਾਂ ਵਿਚੋਂ ਗੰਭੀਰ ਕਿਸਮ ਦੀਆਂ ਕਿਰਨਾਂ ਦੇ ਤਿੱਖੇ ਤੀਰ ਸਮਾਜਿਕ ਤਾਣੇ-ਬਾਣੇ ਨੂੰ ਝੰਜੋੜਦੇ ਹਨ। ਇਨ੍ਹਾਂ ਕਵਿਤਾਵਾਂ ਦੇ ਤੀਰ ਢੀਠ ਸਿਆਸਤਦਾਨਾਂ ਦੇ ਕੰਨ ਕੁਤਰਨ ਦਾ ਹਥਿਆਰ ਬਣ ਸਕਦੇ ਹਨ। ਕਵੀ ਨੇ ਇਸ ਕਾਵਿ-ਸੰਗ੍ਰਹਿ ਵਿਚ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀ ਆਪੋ ਆਪਣੇ ਰਾਜ ਪ੍ਰਬੰਧ ਦੌਰਾਨ ਕੁਸ਼ਾਸ਼ਣ ਦੇ ਕੱਚੇ ਚਿੱਠੇ ਖੋਲ੍ਹ ਦਿੱਤੇ ਹਨ। 'ਰਾਜਨੀਤਕ ਗਿਰਗਟਾਂ ਦਾ ਮੌਸਮ' ਕਵਿਤਾ ਵਿਚ ਸੁਖਿੰਦਰ ਲਿਖਦਾ ਹੈ:

ਰਾਜਨੀਤਕ ਗਿਰਗਟਾਂ ਦੀ
ਨ, ਤਾਂ ਕੋਈ, ਵਿਚਾਰਧਾਰਾ ਹੀ ਹੁੰਦੀ ਹੈ
ਨ, ਹੀ ਕੋਈ, ਸਿਧਾਂਤਕ ਪ੍ਰਤੀਬੱਧਤਾ
ਉਨ੍ਹਾਂ ਦਾ, ਤਾਂ ਇੱਕੋ ਹੀ
ਵਿਸ਼ਵਾਸ ਹੁੰਦਾ ਹੈ-
ਜਿੱਥੇ, ਦੇਖੀ ਤਵਾ-ਪਰਾਤ
ਉੱਥੇ, ਕੱਟੀ ਸਾਰੀ ਰਾਤ
ਇੱਕ, ਰਾਜਨੀਤਕ ਖੁੱਡ 'ਚੋਂ
ਦੂਜੀ, ਕਿਸੀ, ਰਾਜਨੀਤਕ ਖੁੱਡ ਵਿਚ
ਵੜਦਿਆਂ ਹੀ-
ਗਿਰਗਟਾਂ ਦੀ ਰਾਜਨੀਤਿਕ ਵਿਚਾਰਧਾਰਾ
ਉਨ੍ਹਾਂ ਦੀ, ਚਮੜੀ ਦੇ
ਬਦਲੇ ਰੰਗ ਵਾਂਗ ਹੀ
ਫੌਰਨ, ਬਦਲ ਜਾਂਦੀ ਹੈ।

ਇਨ੍ਹਾਂ ਕਵਿਤਾਵਾਂ ਨੂੰ ਪੜ੍ਹਕੇ ਮਹਿਸੂਸ ਹੋ ਰਿਹਾ ਹੈ ਕਿ ਭਾਰਤ ਦੇ ਸਿਆਸਤਦਾਨ ਪਰਜਾ ਦੀ ਭਲਾਈ ਬਾਰੇ ਸੋਚਣ ਦੀ ਥਾਂ ਆਪਣੇ ਢਿੱਡ ਭਰਨ ਵਿਚ ਲੱਗੇ ਰਹਿੰਦੇ ਹਨ। ਇਸ ਪ੍ਰਕਾਰ ਭਾਰਤ ਦੇ ਲੋਕਾਂ ਦਾ ਭਵਿੱਖ ਖ਼ਤਰੇ ਵਿਚ ਹੀ ਰਹੇਗਾ। ਸ਼ਾਇਰ ਇਕੱਲੇ ਭਾਰਤ ਤੱਕ ਹੀ ਸੀਮਤ ਨਹੀਂ ਰਹਿੰਦਾ, ਸਗੋਂ ਸਮੁੱਚੇ ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਦੇ ਨਤੀਜਿਆਂ 'ਤੇ ਵੀ ਚਿੰਤਾ ਪ੍ਰਗਟ ਕਰਦਾ ਹੈ, ਪ੍ਰੰਤੂ ਇਸਦੇ ਨਾਲ ਹੀ ਇਹ ਵੀ ਲਿਖਦਾ ਹੈ ਕਿ ਜੇਕਰ ਲੋਕ ਇੱਕਮੁੱਠ ਹੋ ਕੇ ਲਾਮਬੰਦ ਢੰਗ ਨਾਲ ਆਪਣੇ ਹੱਕਾਂ ਦੀ ਮੰਗ ਕਰਕੇ ਆਪਣੇ ਹੱਕਾਂ 'ਤੇ ਪਹਿਰਾ ਦੇਣ ਦੀ ਕਸਮ ਖਾ ਲੈਣ ਤਾਂ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਸੰਬੰਧੀ ਉਹ ਉਦਾਹਰਨਾਂ ਵੀ ਦਿੰਦਾ ਹੈ ਕਿ ਕਿਹੜੇ ਦੇਸ਼ਾਂ ਵਿਚ ਲੋਕ ਜੱਦੋ-ਜਹਿਦ ਕਰਕੇ ਸਫਲ ਹੋਏ ਹਨ। ਇਸਦੇ ਨਾਲ ਹੀ ਕੁਝ ਦੇਸ਼ਾਂ ਦੀ ਆਪਸੀ ਖਹਿਬਾਜ਼ੀ ਨਾਲ ਜੰਗ ਲੱਗੀ ਹੋਈ ਹੈ ਤੇ ਆਮ ਲੋਕ ਮਰ ਰਹੇ ਹਨ। ਮੇਰਾ ਕਹਿਣ ਦਾ ਭਾਵ ਹੈ ਕਿ ਸੁਖਿੰਦਰ ਦੂਰ ਅੰਦੇਸ਼ੀ ਨਾਲ ਸੰਸਾਰ ਦੀ ਲੋਕਾਈ ਦੇ ਹਿੱਤਾਂ ਦੀ ਪਹਿਰੇਦਾਰੀ ਕਰਦਾ ਹੈ। ਇੱਕ-ਇੱਕ ਕਵਿਤਾ ਵਿਚ ਕਿਤਨੇ ਹੀ ਵਿਸ਼ਿਆਂ ਬਾਰੇ ਆਪਣੀ ਗੱਲ ਕਰ ਜਾਂਦਾ ਹੈ। ਸ਼ਾਇਰ ਦੀਆਂ ਕਵਿਤਾਵਾਂ ਭਾਰਤੀ ਜਨਤਾ ਪਾਰਟੀ ਦੇ ਅੰਧ ਭਗਤਾਂ ਦੀਆਂ ਕਰਤੂਤਾਂ 'ਤੇ ਤਿੱਖੇ ਤੀਰ ਮਾਰਦੀਆਂ ਹਨ। 'ਚਮਚੇ, ਕੜਛੀਆਂ, ਅੰਧਭਗਤ' ਕਵਿਤਾ ਵਿਚ ਸ਼ਾਇਰ ਲਿਖਦਾ ਹੈ:







ਇਹ-
ਚਮਚਿਆਂ, ਕੜਛੀਆਂ, ਅੰਧਭਗਤਾਂ, ਦਾ ਯੁੱਗ ਹੈ
ਕਦ, ਕਿਸੀ, ਅਦਾਰੇ ਦੀ
ਕੰਧ ਪਿੱਛੇ ਲੁਕੇ, ਮਖੌਟਾਧਾਰੀ
ਕਿਸੀ, ਘੜੰਮ ਚੌਧਰੀ ਦੇ ਗੜਵੱਈਏ
ਤੇਰੀ, ਪਿੱਠ 'ਚ ਖੰਜਰ ਖੋਭ ਦੇਣ
ਜ਼ਰਾ ਸੰਭਲ ਕੇ ਚੱਲ!

ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਬਦਲਾਅ ਨੂੰ ਵੀ ਆੜੇ ਹੱਥੀਂ ਲੈ ਕੇ ਸਾਫ਼-ਸੁਥਰਾ ਪ੍ਰਸ਼ਾਸ਼ਨ ਦੇਣ ਦੇ ਜੁਮਲਿਆਂ 'ਤੇ ਕਿੰਤੂ-ਪ੍ਰੰਤੂ ਕਰਦਾ ਕਹਿੰਦਾ ਹੈ ਕਿ ਉਹ ਐਸ਼ਪ੍ਰਸਤੀ ਵਿਚ ਗ੍ਰਸਤ ਹੋ ਗਏ ਹਨ। ਉਨ੍ਹਾਂ ਦੇ ਵਾਅਦੇ ਵਫ਼ਾ ਨਹੀਂ ਹੋਏ। ਮੁਫ਼ਤਖ਼ੋਰੀ ਭਾਰੂ ਹੋ ਗਈ ਹੈ। 'ਨੀਂਹ ਪੱਥਰ ਕ੍ਰਾਂਤੀ' ਸਿਰਲੇਖ ਵਾਲੀ ਕਵਿਤਾ ਆਮ ਆਦਮੀ ਪਾਰਟੀ ਦੀ ਪੋਲ ਖੋਲ੍ਹਦੀ ਹੈ।

- ਪੰਜਾਬ ਵਿਚ, ਜੇਕਰ
ਨੀਂਹ ਪੱਥਰ ਕ੍ਰਾਂਤੀ ਦੀ ਹਨੇਰੀ
ਇੰਜ ਹੀ ਵਗਦੀ ਰਹੀ, ਤਾਂ
ਇੱਕ ਦਿਨ, ਪੰਜਾਬ ਵਿਚ ਜੇਹਲਾਂ ਦੀਆਂ
ਉਨ੍ਹਾਂ, ਕਾਲ ਕੋਠੜੀਆਂ ਦੀਆਂ ਕੰਧਾਂ ਉੱਤੇ ਵੀ
ਅਜਿਹੇ, ਨੀਂਹ ਪੱਥਰ ਲੱਗੇ ਹੋਏ ਮਿਲਣਗੇ
ਜਿਨ੍ਹਾਂ ਉਤੇ ਲਿਖਿਆ ਹੋਵੇਗਾ-
'ਇਸ ਕਾਲ ਕੋਠੜੀ ਵਿਚ
ਕਰੈਕ, ਕੁਕੇਨ, ਅਫ਼ੀਮ, ਚਰਸ, ਦੀ ਸਮਗੱਲਿੰਗ ਕਰਨ ਵਾਲੇ
ਪੰਜਾਬ ਪੁਲਿਸ ਦੇ ਸਿਪਾਹੀਆਂ ਨੇ ਕੈਦ ਕੱਟੀ'

ਸ਼੍ਰੋਮਣੀ ਅਕਾਲੀ ਦਲ ਵਿਚ ਧਾਰਮਿਕ ਦਖ਼ਲਅੰਦਾਜ਼ੀ 'ਤੇ ਵਿਅੰਗ ਕਰਦਾ ਸੁਖਿੰਦਰ ਉਨ੍ਹਾਂ ਨੂੰ ਵੀ ਧਰਮ ਦੀ ਆੜ ਵਿਚ ਠੱਗੀ-ਠੋਰੀ ਕਰਨ ਦੇ ਮਾਹਿਰ ਗਿਣਦਾ ਹੈ। ਧਾਰਮਿਕ ਸੰਸਥਾਵਾਂ ਦਾ ਵਕਾਰ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਿਆ ਹੈ। ਸੁਖਿੰਦਰ ਨੇ ਇਹ ਕਵਿਤਾਵਾਂ ਸਮਾਜ ਵਿਚ ਵਾਪਰਨ ਵਾਲੀ ਹਰ ਘਟਨਾ ਬਾਰੇ ਤੁਰੰਤ ਉਸੇ ਦਿਨ ਕਵਿਤਾ ਲਿਖਕੇ ਆਪਣਾ ਦ੍ਰਿਸ਼ਟੀਕੋਣ ਲਿਖ ਦਿੱਤਾ ਹੈ। ਇਸ ਲਈ ਉਸਨੇ ਹਰ ਕਵਿਤਾ ਦੇ ਅਖ਼ੀਰ ਵਿਚ ਤਾਰੀਕ ਲਿਖੀ ਹੈ। ਕੈਨੇਡਾ ਅਤੇ ਪੰਜਾਬ ਵਿਚ ਸਮਾਜ ਦੇ ਹਰ ਖੇਤਰ ਵਿਚ ਫ਼ੈਲੀਆਂ ਸਮਾਜਿਕ ਕੁਰੀਤੀਆਂ ਨੂੰ ਆਪਣੀਆਂ ਕਵਿਤਾਵਾਂ ਵਿਚ ਆੜੇ ਹੱਥੀਂ ਲਿਆ ਹੈ। ਸਮਾਜ ਵਿਚ ਹਰ ਕਿਸਮ, ਜਿਨ੍ਹਾਂ ਵਿਚ ਰਾਜਨੀਤਕ, ਸਮਾਜਿਕ, ਆਰਥਿਕ, ਸੱਭਿਆਚਾਰਕ, ਸਾਹਿਤਕ, ਇੰਮੀਗ੍ਰੇਸ਼ਨ, ਸੈਕਸ, ਨਸ਼ਿਆਂ, ਗੈਂਗਸਟਰਵਾਦ, ਸੰਗੀਤਕ, ਧਾਰਮਿਕ, ਮੀਡੀਆ, ਸਾਹਿਤਕਾਰਾਂ ਦੇ ਮਾਨ-ਸਨਮਾਨ ਆਦਿ ਸ਼ਾਮਲ ਹਨ, ਦੇ ਮਾਫ਼ੀਏ ਨੂੰ ਬੜੇ ਹੀ ਸਲੀਕੇ ਨਾਲ ਬੇਪਰਦ ਕੀਤਾ ਹੈ। ਸੁਖਿੰਦਰ ਨੇ ਆਪਣੇ ਸਾਹਿਤਕ ਭਾਈਚਾਰੇ ਨੂੰ ਵੀ ਨਹੀਂ ਬਖ਼ਸ਼ਿਆ, ਕਿਉਂਕਿ ਪੰਜਾਬੀ ਭਾਸ਼ਾ ਦੀ ਪ੍ਰਫ਼ੁੱਲਤਾ ਦੇ ਨਾਮ 'ਤੇ ਖੁੰਬਾਂ ਦੀ ਤਰ੍ਹਾਂ ਸਾਹਿਤਕ ਧਰਤੀ 'ਤੇ ਉਪਜੇ ਨਵੇਂ ਤੇ ਪੁਰਾਣੇ ਸਾਹਿਤਕਾਰ ਬੇਤੁਕੀਆਂ ਹਰਕਤਾਂ ਕਰਕੇ ਸੱਚੇ-ਸੁੱਚੇ ਪੰਜਾਬੀ ਦੇ ਸਾਹਿਤਕਾਰਾਂ ਤੇ ਅਦਾਰਿਆਂ ਦਾ ਅਕਸ ਮਿੱਟੀ ਵਿਚ ਮਿਲਾ ਰਹੇ ਹਨ। 'ਦਰਬਾਰੀ ਕਵੀ' ਤੇ 'ਕਵਿਤਾ' ਸਿਰਲੇਖ ਵਾਲੀਆਂ ਕਵਿਤਾਵਾਂ ਸਰਕਾਰੀ ਰਹਿਨੁਮਾਈ ਵਿਚ ਵਿਕਸਿਤ ਹੋਣ ਵਾਲੇ ਕਵੀਆਂ ਦੀ ਫ਼ਿਤਰਤ ਬਹੁਤ ਹੀ ਸੁਚੱਜੇ ਢੰਗ ਨਾਲ ਦਰਸਾਈ ਗਈ ਹੈ ਕਿ ਉਹ ਕਵੀ ਤੋਹਫ਼ੇ, ਥੈਲੀਆਂ, ਪ੍ਰੀਤੀ ਭੋਜਾਂ, ਮਹਿੰਗੀਆਂ ਸ਼ਰਾਬਾਂ ਆਦਿ ਦੀਆਂ ਸਹੂਲਤਾਂ ਲਈ ਚਾਪਲੂਸੀ ਦੀਆਂ ਹੱਦਾਂ ਟੱਪ ਜਾਂਦੇ ਹਨ। ਸੁਖਿੰਦਰ ਦੀਆਂ ਕਵਿਤਾਵਾਂ ਖੁੱਲ੍ਹੀਆਂ ਤੇ ਵਿਚਾਰ ਪ੍ਰਧਾਨ ਹਨ, ਉਨ੍ਹਾਂ ਦੀ ਸ਼ਬਦਾਵਲੀ ਹੀ ਬਹੁਤ ਸਖ਼ਤ ਤੇ ਕਰਾਰੀ ਚੋਟ ਮਾਰਨ ਵਾਲੀ ਹੈ। 'ਦਰਬਾਰੀ ਕਵੀ' ਕਵਿਤਾ ਵਿਚ ਲਿਖਦਾ ਹੈ:

ਉਹ, ਮੌਕੇ ਢੂੰਡਦੇ ਰਹਿੰਦੇ ਹਨ
ਹਕੂਮਤ ਦੀਆਂ, ਕਾਰਗੁਜ਼ਾਰੀਆਂ ਨੂੰ
ਚਾਪਲੂਸੀ ਦੀ, ਚਾਸ਼ਨੀ ਵਿਚ ਡੁੱਬੋ
ਕਾਵਿਕ ਸ਼ਬਦਾਂ ਵਿਚ ਬਿਆਨ ਕਰ
ਸਰਕਾਰੀ, ਕੈਮਰਿਆਂ ਦੀ, ਕਲਿੱਕ ਕਲਿੱਕ ਸਾਹਮਣੇ
ਹਕੂਮਤ ਦੇ, ਅਹਿਲਕਾਰਾਂ ਕੋਲੋਂ
ਤੋਹਫ਼ਿਆਂ ਦੇ ਰੂਪ ਵਿਚ
ਨੋਟਾਂ ਦੀਆਂ ਥੈਲੀਆਂ, ਹਕੂਮਤ ਦੀਆਂ
ਤਸਵੀਰਾਂ ਵਾਲੀਆਂ, ਤਖ਼ਤੀਆਂ
ਪ੍ਰਾਪਤ ਕਰਨ ਲਈ

ਇਸ ਕਾਵਿ-ਸੰਗ੍ਰਹਿ ਵਿਚ ਲਗਪਗ 30 ਕਵਿਤਾਵਾਂ ਵਿਚ ਸਾਹਿਤਕਾਰਾਂ ਦੀ ਹਨ੍ਹੇਰਗਰਦੀ ਦਾ ਜ਼ਿਕਰ ਕੀਤਾ ਹੈ। ਲੜਕੀਆਂ ਦਾ ਸਾਹਿਤਕ ਸ਼ੋਸ਼ਣ ਅਤੇ ਮਾਨ-ਸਨਮਾਨਾਂ ਦੇ ਨਾਮ 'ਤੇ ਸਾਹਿਤਕ ਸੋਚ ਦਾ ਨੁਕਸਾਨ ਹੋ ਰਿਹਾ ਹੈ। ਸੁਖਿੰਦਰ ਨੇ ਆਪਣੀਆਂ ਕਵਿਤਾਵਾਂ ਵਿਚ ਅਖੌਤੀ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਰਾਹੀਂ ਇਮੀਗ੍ਰੇਸ਼ਨ ਘਪਲਿਆਂ 'ਤੇ ਵੀ ਚਿੰਤਾ ਪ੍ਰਗਟ ਕੀਤੀ ਹੈ। ਇਸ ਮੰਤਵ ਲਈ ਧਾਰਮਿਕ ਅਦਾਰਿਆਂ ਦੀ ਮਾਣਤਾ ਨੂੰ ਵੀ ਖ਼ੋਰਾ ਲੱਗ ਰਿਹਾ ਹੈ। ਰਾਜਨੀਤਿਕ ਗਿਰਗਟਾਂ ਦੀ ਗੱਲ ਕਰਦਿਆਂ ਸ਼ਾਇਰ ਨੇ ਸਿਆਸੀ ਪਾਰਟੀਆਂ ਦੀ ਵਿਚਾਰਧਾਰਾ 'ਤੇ ਸਿਆਸਤਦਾਨਾਂ ਦਾ ਭਾਂਡਾ ਫੁੱਟਦਾ ਵਿਖਾਇਆ ਹੈ, ਜਦੋਂ ਉਹ ਸਵੇਰੇ ਹੋਰ, ਦੁਪਹਿਰੇ ਹੋਰ ਅਤੇ ਰਾਤ ਨੂੰ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੋ ਕੇ ਹਰਿਆਣਾ ਦੇ ਆਇਆ ਰਾਮ ਤੇ ਗਿਆ ਰਾਮ ਦੀ ਪੁਰਾਣੀ ਕਹਾਣੀ ਨੂੰ ਦੁਹਰਾਉਂਦੇ ਹਨ। ਅਸੂਲਾਂ ਦੀ ਥਾਂ ਸਿਆਸਤਦਾਨ ਪੈਸੇ ਦੀ ਖੇਡ ਖੇਡਦੇ ਹਨ। ਲੋਕ ਬੇਬਸ, ਅਨਪੜ੍ਹ, ਲਾਚਾਰ ਹਨ, ਕਿਉਂਕਿ ਉਨ੍ਹਾਂ ਲਈ ਵੋਟ ਪਾਉਣ ਲਈ ਨੇਤਾ ਦੀ ਚੋਣ ਕਰਨੀ ਮੁਸ਼ਕਲ ਹੋ ਗਈ ਹੈ। ਆਵਾ ਹੀ ਊਤਿਆ ਹੋਇਆ ਹੈ। ਅਮੀਰਾਂ ਦਾ ਸਿਆਸਤ 'ਤੇ ਕਬਜ਼ਾ ਹੈ, ਗ਼ਰੀਬਾਂ ਦੇ ਆਰਥਿਕ ਖੋਖਲੇਪਨ ਕਰਕੇ ਉਹ ਖਰੀਦੇ ਜਾਂਦੇ ਹਨ। ਸਮਾਜਿਕ ਤੇ ਇਤਿਹਾਸਕ ਪਰਿਪੇਖ ਵਿਚ ਪੰਜਾਬ ਨੂੰ ਵੇਖਦਿਆਂ ਰੋਣਾ ਆਉਂਦਾ ਹੈ, ਕਿਉਂਕਿ ਕਦੀ ਪੰਜਾਬ ਗੁਰਾਂ ਦੇ ਨਾਮ 'ਤੇ ਜਿਉਂਦਾ ਸੀ। ਹੁਣ ਗੈਂਗਸਟਰਵਾਦ, ਨਸ਼ਾ, ਭ੍ਰਿਸ਼ਟਾਚਾਰ, ਖਾਣ-ਪੀਣ ਦੀਆਂ ਵਸਤਾਂ ਵਿਚ ਮਿਲਾਵਟ, ਬਲਾਤਕਾਰ, ਟ੍ਰੈਵਲ ਏਜੰਟਾਂ ਦੀਆਂ ਠੱਗੀਆਂ, ਸਿਰੋਪਿਆਂ ਦੀ ਦੁਰਵਰਤੋਂ, ਬੇਰੋਜ਼ਗਾਰੀ, ਪਰਵਾਸ, ਟ੍ਰੈਵਲ ਏਜੰਟ, ਡੇਰਾਵਾਦ, ਗੋਦੀ ਮੀਡੀਆ ਅਤੇ ਹੋਰ ਬਹੁਤ ਸਾਰੇ ਮਾਫ਼ੀਆ ਸਮਾਜਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰਨ ਵਾਲੇ ਵਿਸ਼ਿਆਂ ਵਾਲੀਆਂ ਕਵਿਤਾਵਾਂ, ਇਸ ਕਾਵਿ-ਸੰਗ੍ਰਹਿ ਦਾ ਸ਼ਿੰਗਾਰ ਹਨ। ਇਨ੍ਹਾਂ ਸਾਰੀਆਂ ਕੁਰੀਤੀਆਂ ਦੇ ਬਾਵਜੂਦ ਵੀ ਸੁਖਿੰਦਰ ਆਸ਼ਾਵਾਦੀ ਹੈ ਕਿ ਕਿਸੇ-ਨਾ-ਕਿਸੇ ਦਿਨ ਇਨ੍ਹਾਂ ਲੋਕਾਂ ਦਾ ਪਰਦਾਫ਼ਾਸ਼ ਹੋ ਜਾਵੇਗਾ ਤੇ ਲੋਕ ਇਨ੍ਹਾਂ ਵਿਰੁੱਧ ਉਠ ਖੜ੍ਹਨਗੇ, ਇਨ੍ਹਾਂ ਸਿਆਸਤਦਾਨਾਂ ਅਤੇ ਹੋਰ ਸਾਰੇ ਮਾਫ਼ੀਆ ਤੋਂ ਹਿਸਾਬ ਮੰਗਣਗੇ। ਧਾਰਮਿਕ ਲੋਕਾਂ ਵਿਚ ਪਖੰਡਵਾਦ ਭਾਰੂ ਹੈ, ਸੰਗੀਤਕ ਮਿਲਾਵਟ ਵੱਧ ਗਈ ਹੈ, ਸੰਗੀਤ ਸੰਤੁਸ਼ਟੀ ਦੀ ਥਾਂ ਕੁਝ ਹੋਰ ਪ੍ਰੋਸ ਰਿਹਾ ਹੈ, ਸਰਕਾਰਾਂ ਅੰਦੋਲਨ ਫ਼ੇਲ੍ਹ ਕਰਨ ਲਈ ਹੱਥਕੰਡੇ ਵਰਤਦੀਆਂ ਰਹੀਆਂ, ਤਿਗੜਮਬਾਜ਼ੀਆਂ ਚਲ ਰਹੀਆਂ, ਲੋਕ ਸਵੈ-ਵਿਰੋਧੀ, ਦੋਹਰੇ ਕਿਰਦਾਰ, ਹੱਕ ਮੰਗਣ ਵਾਲੇ ਦੇਸ਼ ਵਿਰੋਧੀ, ਸੋਚ ਦਾ ਦੀਵਾਲਾ, ਬਗ਼ਾਵਤ ਦੀ ਕਨਸੋਅ, ਅੰਧ ਭਗਤਾਂ ਦਾ ਯੁੱਗ, ਫ਼ੁਕਰਾਪੰਥੀ ਮੋਹਰੀ, ਔਰਤਾਂ ਅਸੁਰੱਖਿਅਤ ਵਾਲੀਆਂ ਕਵਿਤਾਵਾਂ ਪ੍ਰੇਰਣਾਦਾਇਕ ਤੇ ਸੰਵੇਦਨਸ਼ੀਲ ਹਨ। ਧਾਰਮਿਕ ਸੰਸਥਾਵਾਂ ਦਾ ਅਕਸ ਗੰਧਲਾ ਹੋ ਗਿਆ, ਕਿਉਂਕਿ ਮਰਿਆਦਾ ਦਾ ਘਾਣ ਹੋ ਰਿਹਾ ਹੈ। ਕੱਟੜਪੰਥੀ ਧਰਮ ਦੀ ਆੜ ਵਿਚ ਕਤਲ ਤੱਕ ਕਰਦੇ ਹਨ। ਸਮਾਜ ਦੇ ਹਰ ਖੇਤਰ ਵਿਚ ਪੁਲਿਸ, ਅਫ਼ਸਰਸ਼ਾਹੀ, ਸਿਆਸਤਦਾਨ, ਧਾਰਮਿਕ ਲੋਕ, ਧਰਮ ਦੇ ਠੇਕੇਦਾਰ, ਗੈਂਸਟਰ, ਬਲਾਤਕਾਰੀ, ਸ਼ਾਹੂਕਾਰ, ਨਸ਼ਿਆਂ ਦੇ ਸੌਦਾਗਰ ਆਦਿ ਦੀ ਮਿਲੀ ਭੁਗਤ ਹੋਣ ਕਰਕੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। 'ਸਾਡੇ ਬੱਚੇ ਨੇ ਜੀ' ਸਿਰਲੇਖ ਵਾਲੀ ਕਵਿਤਾ ਵਿਚ ਮਿਲੀ ਭੁਗਤ ਦਾ ਨਮੂਨਾ ਦਰਸਾਇਆ ਹੈ, ਜਦੋਂ ਬੱਚੇ ਨਸ਼ੇ ਕਰਦੇ ਹਨ, ਲੁੱਟਾਂ ਖੋਹਾਂ, ਗੈਂਗਸਟਰ, ਪੰਜਾਬੀ ਭੀਖ ਮੰਗਦੇ, ਕਾਰਾਂ ਚੋਰੀ ਕਰਦੇ, ਘਰਾਂ ਵਿਚ ਚੋਰੀਆਂ ਕਰਦੇ ਦਵਾਈਆਂ ਦੀਆਂ ਦੁਕਾਨਾਂ ਲੁੱਟਦੇ, ਕੈਨੇਡਾ ਵਿਚ ਬੈਂਕਾਂ ਲੁੱਟਦੇ, ਨਸ਼ਿਆਂ ਕਰਕੇ ਮਰਦੇ ਹਨ, ਤਾਂ ਕਿਹਾ ਜਾਂਦਾ ਹੈ ਕਿ ਸਾਡੇ ਹੀ ਬੱਚੇ ਨੇ। 'ਦੋਗਲਾਪਣ' ਸਿਰਲੇਖ ਵਾਲੀ ਕਵਿਤਾ ਵਿਚ ਸ਼ਾਇਰ ਲਿਖਦਾ ਹੈ:

> **ਇਨ੍ਹਾਂ ਕਵਿਤਾਵਾਂ ਦੇ ਤੀਰ ਢੀਠ ਸਿਆਸਤਦਾਨਾਂ ਦੇ ਕੰਨ ਕੁਤਰਨ ਦਾ ਹਥਿਆਰ ਬਣ ਸਕਦੇ ਹਨ। ਕਵੀ ਨੇ ਇਸ ਕਾਵਿ-ਸੰਗ੍ਰਹਿ ਵਿਚ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀ ਆਪੋ ਆਪਣੇ ਰਾਜ ਪ੍ਰਬੰਧ ਦੌਰਾਨ ਕੁਸ਼ਾਸ਼ਣ ਦੇ ਕੱਚੇ ਚਿੱਠੇ ਖੋਲ੍ਹ ਦਿੱਤੇ ਹਨ।**

ਸ਼ਹਿਰ ਵਿਚ ਸ਼ੋਰ ਸੀ:
ਸਰਕਾਰ ਭ੍ਰਿਸ਼ਟਾਚਾਰੀਆਂ ਨੂੰ ਨੱਥ ਪਾਵੇ,
ਸਰਕਾਰ ਨੇ ਅਨੇਕਾਂ ਭ੍ਰਿਸ਼ਟਾਚਾਰੀ ਨੇਤਾ ਜੇਹਲਾਂ 'ਚ ਡੱਕ ਦਿੱਤੇ,
ਹੁਣ, ਸ਼ਹਿਰ ਵਿਚ ਸ਼ੋਰ ਸੀ:
ਭ੍ਰਿਸ਼ਟਾਚਾਰੀ ਵੀ, ਤਾਂ, ਸਾਡੇ ਹੀ ਪੁੱਤਰ ਹਨ
ਇਹ, ਤਾਂ, ਬੁੱਚੜਾਂ ਦੀ ਸਰਕਾਰ ਹੈ।

ਇਹ ਕਿਤਨੀ ਗ਼ਲਤ ਧਾਰਨਾ ਹੈ। ਇਹ ਪ੍ਰਣਾਲੀ ਕਿਵੇਂ ਖ਼ਤਮ ਹੋਵੇਗੀ? ਜੇ ਅਸੀਂ ਇਸ ਤਰ੍ਹਾਂ ਹੀ ਕਰਦੇ ਰਹੇ। ਚਿੱਟੇ ਦੇ ਨਸ਼ੇ, ਕੀਟਨਾਸ਼ਕ ਦਵਾਈਆਂ, ਪਾਰਕਾਂ, ਪਲਾਜ਼ਿਆਂ ਵਿਚ ਲੜਾਈਆਂ, ਕਰਜ਼ੇ ਅਤੇ ਸਰਕਾਰੀ ਜ਼ਬਰ ਸ਼ੋਸ਼ਣ ਵਰਗੀਆਂ ਲਾਹਣਤਾਂ ਨੇ ਪੰਜਾਬੀਆਂ ਦਾ ਅਕਸ ਖ਼ਰਾਬ ਕੀਤਾ ਹੈ। ਬਲਿਊ ਸਟਾਰ ਅਪ੍ਰੇਸ਼ਨ ਦਾ ਸੰਤਾਪ, ਬੇਅਦਬੀਆਂ, ਬੰਦੀ ਸਿੰਘਾਂ, ਆਦਿਵਾਸੀਆਂ ਦੇ ਘਰ ਉਜਾੜਨਾ, ਹਕੂਮਤਾਂ ਦੀਆਂ ਤੰਗਦਿਲੀਆਂ, ਜ਼ਾਤ-ਪਾਤ, ਲਹੂ ਦੇ ਛਿੱਟੇ ਧਰਮ ਦੇ ਨਾਂ 'ਤੇ ਕਤਲੇਆਮ ਆਦਿ। 'ਧਾਰਮਿਕ ਆਤੰਕਵਾਦ' ਸਿਰਲੇਖ ਵਾਲੀ ਕਵਿਤਾ ਧਰਮ ਦੀ ਆੜ ਵਿਚ ਕੀਤੀ ਜਾ ਰਹੀ ਜ਼ੋਰ ਜ਼ਬਰਦਸਤੀ ਦਾ ਸਬੂਤ ਹੈ:

ਜਦੋਂ, ਮੁੰਡੀਰ
ਤੁਹਾਡੇ, ਘਰਾਂ 'ਚ ਵੜ ਕੇ
ਤੁਹਾਡੇ, ਘਰਾਂ ਦੇ ਫਰਿੱਜਾਂ ਵਿਚ ਪਏ
ਭੋਜਨ ਦੀ ਪੜਤਾਲ ਕਰਨ ਲੱਗ ਜਾਏ
ਬੱਕਰੇ ਦੇ ਮਾਸ ਨੂੰ ਵੀ
ਗਊ ਦਾ ਮਾਸ ਕਹਿਕੇ
ਤੁਹਾਡੀ, ਹੱਤਿਆ ਕਰ ਦੇਵੇ
ਤਾਂ, ਪੁੱਛਣਾ ਹੀ ਬਣਦਾ ਹੈ:
ਕੀ, ਇਸ ਨੂੰ, ਤੁਸੀਂ-
ਧਾਰਮਿਕ ਆਤੰਕਵਾਦ ਨਹੀਂ ਕਹੋਗੇ

ਰਾਸ਼ਟਰਵਾਦ, ਰਾਜਨੀਤੀ ਧਰਮ ਦਾ ਮਖੌਟਾ, ਰਾਜਨੀਤੀ ਦਾ ਗੰਧਲਾਪਣ, ਜੈ ਸਿਰੀ ਰਾਮ, ਖਾਲਿਸਤਾਨ, ਨਫ਼ਰਤਾਂ ਦੇ ਬੀਜ, ਸਾਹਿਤਕ ਡੇਰਾਵਾਦ, ਜੰਗ ਵੀ ਇੱਕ ਧੰਦਾ ਅਤੇ ਸਰਹੱਦਾਂ 'ਤੇ ਕੁਰਬਾਨੀਆਂ ਦੇਣ ਵਾਲਿਆਂ ਆਦਿ ਨੁਕਤਿਆਂ ਨੂੰ ਆਪਣੀਆਂ ਕਵਿਤਾਵਾਂ ਵਿਚ ਉਠਾਇਆ ਹੈ, ਜਿਨ੍ਹਾਂ ਬਾਰੇ ਸਰਕਾਰਾਂ ਸੰਜੀਦਾ ਨਹੀਂ ਹਨ। ਸਗੋਂ ਸਾਰੇ ਮਸਲੇ ਅਣਗੌਲੇ ਹੋਏ ਹਨ। ਦੋ ਦੇਸ਼ਾਂ ਖਾਸ ਤੌਰ 'ਤੇ ਇੰਡੋ ਪਾਕਿ ਸਰਕਾਰਾਂ ਦੀਆਂ ਆਪੋ-ਆਪਣੇ ਦੇਸ਼ਾਂ ਦੇ ਨਾਗਰਿਕਾਂ ਦੀ ਅਣਵੇਖੀ ਕਰਕੇ ਆਪਣੀਆਂ ਸਰਕਾਰਾਂ ਬਰਕਰਾਰ ਰੱਖਣ ਲਈ ਜੰਗਾਂ ਦੇ ਡਰਾਬਿਆਂ ਬਾਰੇ ਲਗਪਗ 15 ਕਵਿਤਾਵਾਂ ਹਨ।

ਸਮਕਾਲੀ ਪੰਜਾਬੀ ਕਵਿਤਾ ਦੇ ਪਰਿਪੇਖ ਵਿਚ ਕਿਹਾ ਜਾ ਸਕਦਾ ਹੈ ਕਿ ਸੁਖਿੰਦਰ ਦੀ ਕਵਿਤਾ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਹੈ, ਜਦੋਂ ਪੰਜਾਬੀ ਸਮਕਾਲੀ ਕਵਿਤਾ ਰੁਮਾਂਸਵਾਦ ਦੀ ਤਰਜਮਾਨੀ ਕਰਦੀ ਵਿਖਾਈ ਦਿੰਦੀ ਹੈ।

# ਆਜ਼ਾਦੀ ਸੰਘਰਸ਼ ਦੇ ਅਣਗੌਲੇ ਗਦਰੀ ਫੌਜ਼ੀ ਸ਼ਹੀਦਾਂ ਦੀ ਗਾਥਾ

## 3 ਸਤੰਬਰ 1915 ਦੇ 12 ਸ਼ਹੀਦਾਂ ਨੂੰ ਸਮਰਪਿਤ

ਕੰਵਲਬੀਰ ਸਿੰਘ ਪੰਨੂੰ
ਚੌਧਰੀ ਵਾਲਾ, ਨੌਸ਼ਹਿਰਾ
ਪੰਨੂੰਆਂ, ਤਰਨ ਤਾਰਨ
ਮੋ: 98766-98068
ਪੰਜਾਬ ਮੇਲ USA



ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਪੰਜਾਬ, ਬ੍ਰਿਟਿਸ਼ ਸਮਾਰਾਜ ਖ਼ਿਲਾਫ਼ ਤਾਕਤ ਦੀ ਜੱਦੋ-ਜਹਿਦ ਵਿਚ ਮੂਹਰਲੀ ਕਤਾਰ ਵਿਚ ਰਿਹਾ ਹੈ। ਆਜ਼ਾਦੀ ਪ੍ਰਾਪਤੀ ਲਈ ਸਮੇਂ-ਸਮੇਂ 'ਤੇ ਉੱਠੀਆਂ ਲਹਿਰਾਂ 'ਚ ਪੰਜਾਬ ਦਾ ਯੋਗਦਾਨ ਬਹੁਤ ਅਹਿਮ ਹੈ। ਇਕੱਲੇ ਪੰਜਾਬੀਆਂ ਖ਼ਾਸ ਸਿੱਖਾਂ ਨੇ ਹੀ ਆਜ਼ਾਦੀ ਖ਼ਾਤਰ ਚਾਰ ਕੋਸ਼ਿਸ਼ਾਂ ਕੀਤੀਆਂ। ਭਾਈ ਮਹਾਰਾਜ ਸਿੰਘ ਪੰਜਾਬ 'ਤੇ ਅੰਗਰੇਜ਼ੀ ਕਬਜ਼ੇ ਨੂੰ ਸਹਿਣ ਨਾ ਕਰ ਸਕੇ। 1850 ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਅਤੇ ਦੇਸ਼ ਨਿਕਾਲਾ ਦੇ ਕੇ ਸਿੰਗਾਪੁਰ ਭੇਜ ਦਿੱਤਾ ਗਿਆ। ਇਸ ਤੋਂ ਇਲਾਵਾ ਨਾਮਧਾਰੀ ਲਹਿਰ ਜੋ ਸਵਦੇਸੀ ਦੇ ਹੱਕ 'ਚ ਸੀ, ਨੇ ਅੰਗਰੇਜ਼ੀ ਸਹੂਲਤਾਂ ਦਾ ਬਾਈਕਾਟ ਕੀਤਾ। ਇਸ ਨੇ ਆਪਣਾ ਵੱਖਰਾ ਡਾਕ ਪ੍ਰਬੰਧ ਕਾਇਮ ਕੀਤਾ।

ਜਿਸ ਸੁਤੰਤਰਤਾ ਦਾ ਅਸੀਂ ਨਿੱਘ ਮਾਣ ਰਹੇ ਹਾਂ, ਇਸ ਦੀ ਉਸਾਰੀ ਲਈ ਰੱਖੀਆਂ ਡੂੰਘੀਆਂ ਨੀਹਾਂ ਵਿਚ ਕਿੰਨੇ ਲੋਕਾਂ ਨੇ ਆਪਣੇ ਪ੍ਰਾਣ ਪਾਏ, ਲਹੂ ਡੋਲ੍ਹਿਆ ਅਤੇ ਹੱਡੀਆਂ ਚੁਣੀਆਂ, ਕੌਣ ਜਾਣਦਾ ਹੈ। ਅੰਗਰੇਜ਼ ਸਾਮਰਾਜ ਖਿਲਾਫ ਹਥਿਆਰਬੰਦ ਸੰਘਰਸ਼ ਵਿਚ ਪੰਜਾਬ ਮੋਹਰੀ ਰਿਹਾ ਹੈ। ਇਤਿਹਾਸ ਵਿਚ ਵੀ ਉਨ੍ਹਾਂ ਲੋਕਾਂ ਦਾ ਹੀ ਜ਼ਿਕਰ ਹੈ, ਜੋ ਕਿਸੇ ਉਧਾਰ ਲੇਖਕ ਦੇ ਧਿਆਨ ਵਿਚ ਆ ਗਏ, ਨਹੀਂ ਤਾਂ ਕੌਣ ਪ੍ਰਵਾਹ ਕਰਦਾ ਹੈ, ਉਨ੍ਹਾਂ ਪਰਵਾਨਿਆਂ ਦੀ, ਜਿਨ੍ਹਾਂ ਸੱਚੀ ਲਗਨ ਨਾਲ ਦੇਸ਼ ਦੇ ਲੇਖੇ ਆਪਾ ਕੁਰਬਾਨ ਕਰ ਦਿੱਤਾ। ਲਾਹੌਰ ਮੀਆਂ ਮੀਰ ਛਾਉਣੀ ਦੇ 23 ਨੰਬਰ ਰਸਾਲੇ ਦੇ ਇਸ ਤਰ੍ਹਾਂ ਦੇ ਬਹਾਦਰ ਫੌਜੀ ਯੋਧਿਆਂ ਦੀ ਵੀਰ ਗਾਥਾ (ਜਿਨ੍ਹਾਂ 'ਚੋਂ 12 ਸੂਰਬੀਰਾਂ ਨੂੰ ਅੰਗਰੇਜ਼ ਸਰਕਾਰ ਨੇ 3 ਸਤੰਬਰ 1915 ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਦਿੱਤੀ ਸੀ) ਦਾ ਸੰਖੇਪ ਵੇਰਵਾ ਦੇਣ ਦਾ ਯਤਨ ਕੀਤਾ ਗਿਆ ਹੈ।

1912-13 ਵਿਚ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ, ਨੇ ਭਾਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਦੀ ਸਥਾਪਨਾ ਕੀਤੀ। ਪਾਰਟੀ ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਅਤੇ ਗੈਰ ਫਿਰਕੂ ਰਾਜ ਦੀ ਸਥਾਪਨਾ ਕਰਨਾ ਸੀ। ਜਿਸਦੀ ਪ੍ਰਾਪਤੀ ਲਈ ਭਾਰਤ ਦੇ ਆਮ ਲੋਕਾਂ ਅਤੇ ਫੌਜੀਆਂ ਦੀ ਮਦਦ ਨਾਲ ਹਥਿਆਰਬੰਦ ਸੰਘਰਸ਼ ਕਰਨ ਦੀ ਲੋੜ ਸੀ। ਗਦਰ ਲਹਿਰ ਦੇ ਸੰਗਰਾਮ ਵਿਚ ਫੌਜੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਜਿਹੜੇ ਫੌਜੀ ਇਸ ਲਹਿਰ ਵਿਚ ਸ਼ਾਮਲ ਹੋਏ ਉਨ੍ਹਾਂ ਵਿਚੋਂ ਸੈਂਕੜੇ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉਡਾਏ ਗਏ ਅਤੇ 70 ਨੂੰ ਫਾਂਸੀ ਦਿੱਤੀ ਗਈ। 190 ਤੋਂ ਵੱਧ ਫੌਜੀਆਂ ਨੂੰ ਉਮਰ ਕੈਦ ਜਲਾਵਤਨੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਕਈਆਂ ਨੂੰ ਫੌਜ ਵਿਚੋਂ ਕੱਢ ਦਿੱਤਾ ਗਿਆ।

ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਛਿੜ ਗਿਆ, ਜਿਸ ਵਿਚ ਅੰਗਰੇਜ਼ ਬੁਰੀ ਤਰ੍ਹਾਂ ਫਸਣ ਕਾਰਨ ਗਦਰੀ ਆਗੂਆਂ ਨੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਲਈ ਇਹ ਮੌਕਾ ਢੁੱਕਵਾ ਜਾਣ ਕੇ 5 ਅਗਸਤ-1914 ਨੂੰ ਐਲਾਨ-ਏ-ਜੰਗ ਕਰ ਦਿੱਤਾ। ਸੈਂਕੜੇ ਗਦਰੀ ਵੱਖ=ਵੱਖ ਜ਼ਹਾਜ਼ਾਂ ਰਾਹੀਂ ਭਾਰਤ ਵੱਲ ਚੱਲ ਪਏ। ਇਸੇ ਸਮੇਂ ਦੌਰਾਨ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਕਾਮਾਗਾਟਾਮਾਰੂ ਨਾਮੀ ਜ਼ਹਾਜ਼ ਰਾਹੀਂ ਕੈਨੇਡਾ ਪਹੁੰਚਣ ਵਾਲੇ ਭਾਰਤੀ ਮੁਸਾਫਿਰਾਂ ਨਾਲ਼ ਜੋ ਸਲੂਕ ਵੈਨਕੂਵਰ 'ਚ ਹੋਇਆ। 29 ਸਤੰਬਰ 1914 ਨੂੰ ਜਹਾਜ਼ ਦੇ ਕਲਕੱਤੇ ਵਾਪਸ ਬਜਬਜ ਘਾਟ ਪੁੱਜਣ 'ਤੇ ਅੰਗਰੇਜ਼ੀ ਸਰਕਾਰ ਨੇ ਗੋਲੀਆਂ ਚਲਾ ਕੇ 19 ਮੁਸਾਫਿਰ ਮਾਰ ਦਿੱਤੇ, 96 ਗ੍ਰਿਫਤਾਰ ਕਰ ਲਏ। ਇਸ ਘਟਨਾ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਭਾਰਤ ਦੀ ਅੰਗਰੇਜ਼ੀ ਸਰਕਾਰ ਨੂੰ ਏਜੰਸੀਆਂ ਰਾਹੀਂ ਗਦਰੀਆਂ ਦੀਆਂ ਸਰਗਰਮੀਆਂ ਦਾ ਪਤਾ ਲੱਗ ਚੁੱਕਾ ਸੀ। ਇਸ ਲਈ ਬਾਹਰੋਂ ਆ ਰਹੇ ਗਦਰੀਆਂ ਨੂੰ ਫੜਨ ਲਈ 'ਇਗਰਨੈਂਸ ਆਰਡੀਨੈਂਸ' ਜਾਰੀ ਕਰਾ ਲਿਆ। ਵੱਖ-ਵੱਖ ਸਮੁੰਦਰੀ ਜਹਾਜ਼ਾਂ ਰਾਹੀਂ ਭਾਰਤ ਪੁੱਜਣ ਵਾਲਿਆਂ ਗਦਰੀਆਂ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਸਰਦਾਰ ਕਰਤਾਰ ਸਿੰਘ ਸਰਾਭਾ, ਬਾਬਾ ਵਸਾਖਾ ਸਿੰਘ ਦਦੇਹਰ ਸਾਹਿਬ, ਬਾਬਾ ਕੇਸਰ ਸਿੰਘ ਠੱਠਗੜ੍ਹ, ਕਰਤਾਰ ਸਿੰਘ ਸਰਾਭਾ, ਕੇਹਰ ਸਿੰਘ ਮਰਹਾਣਾ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਗੁੱਜਰ ਸਿੰਘ, ਬਾਬਾ ਜਿੰਦਰ ਸਿੰਘ ਚੌਧਰੀਵਾਲਾ ਆਦਿ ਸੈਂਕੜੇ ਇਨਕਲਾਬੀ ਸ਼ਾਮਲ ਸਨ। ਬਹੁਤ ਸਾਰੇ ਇਨਕਲਾਬੀਆਂ ਨੂੰ ਜਹਾਜ਼ਾਂ ਤੋਂ ਉੱਤਰਦਿਆਂ ਹੀ ਗ੍ਰਿਫਤਾਰ ਕਰਕੇ ਜੇਲ੍ਹਾਂ ਜਾਂ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ। ਬਾਕੀ ਬਚੇ ਗਦਰੀ ਯੋਧਿਆਂ ਨੇ ਲਹਿਰ ਨੂੰ ਜਥੇਬੰਦ ਕਰਕੇ ਵੱਖ-ਵੱਖ ਥਾਂਵਾਂ 'ਤੇ ਗਦਰ ਅੱਡੇ ਸਥਾਪਿਤ ਕੀਤੇ। ਪੰਜਾਬ ਦੇ ਮਾਝਾ ਖੇਤਰ ਵਿਚ ਦਦੇਹਰ ਸਾਹਿਬ, ਝਾੜ ਸਾਹਿਬ, ਸਰਹਾਲੀ, ਸੁਰਸਿੰਘ ਪ੍ਰਮੁੱਖ ਗਦਰੀ ਅੱਡੇ ਸਨ।

### 30 ਅਗਸਤ 1915 ਨੂੰ ਫਾਂਸੀ ਵਾਲੇ 12 ਫੌਜੀਆਂ ਨੂੰ ਅੰਬਾਲਾ ਜੇਲ੍ਹ ਲਿਆਂਦਾ ਗਿਆ, ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ :-

| ਲੜੀ ਨੰ. | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1. | ਦਫੇਦਾਰ ਲਛਮਣ ਸਿੰਘ ਪੁੱਤਰ ਸ: ਕੱਥਾ ਸਿੰਘ ਮਾਤਾ ਈਸ਼ਰ ਕੌਰ | ਚੂਸਲੇਵੜ | ਤਰਨ ਤਾਰਨ |
| 2. | ਸਵਾਰ ਬੂਟਾ ਸਿੰਘ ਪੁੱਤਰ ਸ: ਚੈਂਚਲ ਸਿੰਘ | ਕਸੇਲ | ਅੰਮ੍ਰਿਤਸਰ |
| 3. | ਸ: ਬੁੱਧ ਸਿੰਘ ਪੁੱਤਰ ਸ: ਹੀਰਾ ਸਿੰਘ ਮਾਤਾ ਜੀਵਨ ਕੌਰ | ਢੋਟੀਆਂ | ਤਰਨ ਤਾਰਨ |
| 4. | ਅਬਦੁੱਲਾ ਨਾਹਲਬੰਦ ਪੁੱਤਰ ਅਲਾਦੀਨ | ਢੋਟੀਆਂ | ਤਰਨ ਤਾਰਨ |
| 5. | ਸ: ਭਾਗ ਸਿੰਘ ਪੁੱਤਰ ਸ: ਬੂੜ ਸਿੰਘ ਮਾਤਾ ਗੁਲਾਬ ਕੌਰ | ਰੂੜੀਵਾਲ | ਤਰਨ ਤਾਰਨ |
| 6. | ਸ: ਮੋਤਾ ਸਿੰਘ ਪੁੱਤਰ ਸ: ਈਸ਼ਰ ਸਿੰਘ ਮਾਤਾ ਹੁਕਮ ਕੌਰ | ਰੂੜੀਵਾਲ | ਤਰਨ ਤਾਰਨ |
| 7. | ਸ: ਤਾਰਾ ਸਿੰਘ ਪੁੱਤਰ ਸ: ਸ਼ਾਮ ਸਿੰਘ ਮਾਤਾ ਭੋਲੀ | ਰੂੜੀਵਾਲ | ਤਰਨ ਤਾਰਨ |
| 8. | ਦਫੇਦਾਰ ਵਧਾਵਾ ਸਿੰਘ ਪੁੱਤਰ ਸ : ਸੁਰੈਣ ਸਿੰਘ ਮਾਤਾ ਘਈ ਕੌਰ | ਰੂੜੀਵਾਲ | ਤਰਨ ਤਾਰਨ |
| 9. | ਸ: ਇੰਦਰ ਸਿੰਘ ਪੁੱਤਰ ਸ: ਜਵੰਦ ਸਿੰਘ ਮਾਤਾ ਖੇਮੀ ਕੌਰ | ਜੀਉਬਾਲਾ | ਤਰਨ ਤਾਰਨ |
| 10. | ਸ: ਇੰਦਰ ਸਿੰਘ ਪੁੱਤਰ ਸ: ਭਗਤ ਸਿੰਘ ਮਾਤਾ ਭਾਗਣ ਕੌਰ | ਸ਼ਾਹਬਾਹਪੁਰ | ਤਰਨ ਤਾਰਨ |
| 11. | ਸ: ਗੁੱਜਰ ਸਿੰਘ ਪੁੱਤਰ ਨਿਹਾਲ ਸਿੰਘ ਮਾਤਾ ਰਤਨ ਕੌਰ | ਲੌਹਕਾ | ਤਰਨ ਤਾਰਨ |
| 12. | ਸ: ਜੇਠਾ ਸਿੰਘ ਪੁੱਤਰ ਸ: ਬਹਾਦਰ ਸਿੰਘ ਮਾਤਾ ਪ੍ਰੇਮ ਕੌਰ | ਲੌਹਕਾ | ਤਰਨ ਤਾਰਨ |

### ਉਮਰ ਕੈਦ ਜਲਾਵਤਨੀ ਦੀ ਸਜ਼ਾ ਵਾਲੇ ਫੌਜ਼ੀਆਂ ਦਾ ਵੇਰਵਾ

| ਲੜੀ ਨੰ. | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1. | ਬਿਸ਼ਨ ਸਿੰਘ ਪੁੱਤਰ ਸ: ਜੀਊਣ ਸਿੰਘ | ਢੋਟੀਆਂ | ਤਰਨ ਤਾਰਨ |
| 2. | ਬਿਸ਼ਨ ਸਿੰਘ ਪੁੱਤਰ ਸ: ਰਾਮ ਸਿੰਘ | ਢੋਟੀਆਂ | ਤਰਨ ਤਾਰਨ |
| 3. | ਨੱਥਾ ਸਿੰਘ ਪੁੱਤਰ ਸ: ਸਦਾ ਸਿੰਘ | ਢੋਟੀਆਂ | ਤਰਨ ਤਾਰਨ |
| 4. | ਕਿਹਰ ਸਿੰਘ ਪੁੱਤਰ ਸ: ਕਾਹਨ ਸਿੰਘ | ਢੋਟੀਆਂ | ਤਰਨ ਤਾਰਨ |
| 5. | ਨੰਦ ਸਿੰਘ ਪੁੱਤਰ ਸ: ਪੰਜਾਬ ਸਿੰਘ | ਰਾਏ ਕਾ ਬੁਰਜ਼ | ਤਰਨ ਤਾਰਨ |
| 6. | ਚੰਨਣ ਸਿੰਘ ਪੁੱਤਰ ਨੱਥਾ ਸਿੰਘ | ਢੰਡ ਕਸੇਲ | ਅੰਮ੍ਰਿਤਸਰ |

### ਝਾੜ ਸਾਹਿਬ ਤੋਂ ਗ੍ਰਿਫਤਾਰ ਕੀਤੇ ਫੌਜੀ ਜਿਨ੍ਹਾਂ ਨੂੰ ਉਮਰ ਕੈਦ ਜਲਾਵਤਨੀ ਦੀ ਸਜ਼ਾ ਹੋਈ ਦਾ ਵੇਰਵਾ

| ਲੜੀ ਨੰ. | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1. | ਭਾਈ ਮਹਿਰਾਜ ਸਿੰਘ ਪੁੱਤਰ ਨਿਹਾਲ ਸਿੰਘ | ਕਸੇਲ | ਅੰਮ੍ਰਿਤਸਰ |
| 2. | ਭਾਈ ਸੁੱਚਾ ਸਿੰਘ ਪੁੱਤਰ ਗੁਰਦਿੱਤ ਸਿੰਘ | ਚੋਹਲਾ ਸਾਹਿਬ | ਤਰਨ ਤਾਰਨ |

ਇਸ ਸਮੇਂ ਦੌਰਾਨ ਲਾਹੌਰ ਦੀ ਮੀਆਂਮੀਰ ਛਾਉਣੀ ਵਿਚਲੀ ਰੈਜੀਮੈਂਟ ਦੇ 23ਵੇਂ ਰਸਾਲੇ, ਜਿਸ ਵਿਚ ਬਹੁਗਿਣਤੀ ਮਾਝੇ ਦੇ ਫੌਜੀ ਸਵਾਰਾਂ ਦੀ ਸੀ, ਦਾ ਸੰਪਰਕ ਬਾਹਰੋਂ ਆਏ ਗਦਰੀਆਂ ਨਾਲ ਬਣ ਗਿਆ। ਨਵੰਬਰ 1914 ਦੇ ਸ਼ੁਰੂ ਵਿਚ ਇਸ ਰਸਾਲੇ ਦਾ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ ਕੁੱਝ ਦਿਨ ਦੀ ਛੁੱਟੀ ਕੱਟ ਕੇ ਵਾਪਸ ਗਿਆ, ਤਾਂ ਉਸਨੇ ਸਾਥੀਆਂ ਲਾਂਸ ਦਫੇਦਾਰ ਲਛਮਣ ਸਿੰਘ ਚੂਸਲੇਵੜ (ਟਰੁਪ-7), ਸਵਾਰ ਮਹਰਾਜ ਸਿੰਘ ਕਸੇਲ, ਇੰਦਰ ਸਿੰਘ ਅਤੇ ਸੁਰੈਣ ਸਿੰਘ ਨੂੰ ਦੱਸਿਆ ਕਿ ਅਮਰੀਕਾ ਤੋਂ ਵਾਪਸ ਆਏ ਗਦਰੀ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਤੇ ਸੁੰਦਰ ਸਿੰਘ ਚੋਹਲਾ ਸਾਹਿਬ ਉਸ ਨੂੰ ਮਿਲੇ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਗਦਰੀ ਇਨਕਲਾਬੀਆਂ ਦੀਆਂ ਯੋਜਨਾਵਾਂ ਦੱਸਦੇ ਹੋਏ ਕਿਹਾ ਹੈ ਕਿ ਉਨ੍ਹਾਂ ਦੀ ਇੱਕ ਯੋਜਨਾ ਹੈ ਕਿ ਸਭ ਤੋਂ ਪਹਿਲਾਂ ਲਾਹੌਰ ਕਿਲ੍ਹੇ 'ਤੇ ਕਬਜ਼ਾ ਕੀਤਾ ਜਾਵੇ। ਇਸ ਮਿਸ਼ਨ ਲਈ ਸੈਂਕੜੇ ਗਦਰੀ 15 ਨਵੰਬਰ ਨੂੰ ਲਾਹੌਰ ਰੱਖ ਵਿਚ ਇਕੱਠੇ ਹੋਣਗੇ ਤੇ ਇਸ ਕੰਮ ਲਈ ਉਹ ਸਿੱਖ ਰੈਜ਼ੀਮੈਂਟ ਦੀ ਮਦਦ ਚਾਹੁੰਦੇ ਹਨ। ਇਹ ਸੁਣਕੇ ਲਾਂਸ ਦਫੇਦਾਰ ਲ਼ਛਮਣ ਸਿੰਘ ਚੂਸਲੇਵੜ ਤੇ ਸਾਥੀ ਸਹਿਮਤ ਹੋ ਗਏ। ਉਸੇ ਸ਼ਾਮ ਲਛਮਣ ਸਿੰਘ ਨੇ ਆਪਣੇ ਕੁਆਟਰ 'ਤੇ ਸਾਥੀਆਂ ਨਾਲ ਮੀਟਿੰਗ ਕਰਕੇ ਟਰੂਪ-1 ਦੇ ਦਫੇਦਾਰ ਗੰਢਾ ਸਿੰਘ ਨਾਲ ਗੱਲ ਕਰਨ ਦਾ ਫੈਸਲਾ ਕੀਤਾ।

ਦੋ ਦਿਨ ਬਾਅਦ ਦੁਪਹਿਰੇ 2:30 ਵਜੇ ਛਾਉਣੀ ਕਬਰਸਸਾਨ 'ਚ ਦੇਸ਼ ਭਗਤ ਫੌਜੀਆਂ ਦੀ ਇਕੱਤਰਤਾ ਹੋਈ, ਜਿਸ ਵਿਚ ਟਰੂਪ-1 ਦੇ ਲਾਂਸ ਦਫੇਦਾਰ ਗੰਢਾ ਸਿੰਘ, ਸਵਾਰ ਲਛਮਣ ਸਿੰਘ ਸ਼ਾਬਾਜਪੁਰ ਨੰਦ ਸਿੰਘ ਬੁਰਜ ਰਾਏ ਕੇ ਵੀ ਸ਼ਾਮਲ ਹੋਏ। ਫੈਸਲਾ ਹੋਇਆ ਕਿ ਗੰਢਾ ਸਿੰਘ ਜੋ ਦੋ ਦਿਨ ਦੀ ਛੁੱਟੀ ਜਾ ਰਿਹਾ ਹੈ, ਗਦਰੀਆਂ ਨਾਲ ਸੰਪਰਕ ਕਰਕੇ ਆਪਸੀ ਮਿਲਵਰਤਣ ਸੰਬੰਧੀ ਗੱਲਬਾਤ ਕਰਕੇ ਆਵੇਗਾ।

ਗੰਢਾ ਸਿੰਘ ਦਫੇਦਾਰ ਦੀ ਵਾਪਸੀ ਤੋਂ ਕੁੱਝ ਦਿਨਾਂ ਬਾਅਦ ਦੁਪਹਿਰੇ ਇੱਕ ਵਜੇ ਕਬਰਸਤਾਨ ਵਿਚ ਫੌਜੀਆਂ ਨੇ ਦੁਬਾਰਾ ਮੀਟਿੰਗ ਕੀਤੀ। ਜਿਸ ਵਿਚ ਕੇਸਰ ਸਿੰਘ ਅਤੇ ਇੰਦਰ ਸਿੰਘ ਸ਼ਬਾਜਪੁਰ ਵੀ ਸ਼ਾਮਲ ਹੋਏ। ਲਾਂਸ ਦਫੇਦਾਰ ਗੰਢਾ ਸਿੰਘ ਨੇ ਦੱਸਿਆ ਕਿ ਸਾਡੇ ਨਾਲ ਸੰਪਰਕ ਕਰਨ ਲਈ ਛੇਤੀ ਹੀ ਗਦਰ ਪਾਰਟੀ ਦਾ ਆਗੂ ਛਾਉਣੀ ਆਵੇਗਾ ਤੇ ਰਣਨੀਤੀ ਬਾਰੇ ਦੱਸੇਗਾ। ਦੋ ਦਿਨ ਬਾਅਦ ਸੁੱਚਾ ਸਿੰਘ ਚੋਹਲਾ ਸਾਹਿਬ ਦੁਬਾਰਾ ਛੁੱਟੀ 'ਤੇ ਗਿਆ ਤੇ ਖਬਰ ਲਿਆਇਆ ਕਿ ਲਾਹੌਰ 'ਤੇ ਹਮਲੇ ਦੀ ਤਾਰੀਕ ਹੁਣ 15 ਦੀ ਥਾਂ 17 ਨਵੰਬਰ ਕਰ ਦਿੱਤੀ ਗਈ ਹੈ। ਛੇਤੀ ਹੀ ਗਦਰੀ ਪਰੇਮ ਸਿੰਘ ਸੁਰਸਿੰਘ ਛਾਉਣੀ ਆਇਆ ਤੇ ਲਛਮਣ ਸਿੰਘ ਚੂਸਲੇਵੜ ਦੇ ਕੁਆਟਰ 'ਚ ਫੌਜੀਆਂ ਦੀ ਮੀਟਿੰਗ ਹੋਈ। ਪ੍ਰੇਮ ਸਿੰਘ ਨੇ ਦੱਸਿਆ ਕਿ 23 ਨਵੰਬਰ ਦੀ ਰਾਤ ਬਾਹਰੋਂ ਆਏ ਬਹੁਤ ਸਾਰੇ ਗਦਰੀ ਝਾੜ ਸਾਹਿਬ ਨੇੜੇ ਸ਼ਬਾਜਪੁਰ ਇਕੱਠੇ ਹੋਣਗੇ ਅਤੇ ਦੋ ਪਾਰਟੀਆਂ ਬਣਾ ਕੇ ਲਾਹੌਰ 'ਤੇ ਤਰਨਤਾਰਨ ਹਮਲਾ ਕਰਨਗੇ। ਲਾਂਸ ਦਫੇਦਾਰ ਗੰਢਾ ਸਿੰਘ ਨੇ ਢੋਟੀਆਂ ਦੇ ਅਬਦੂਲਾ ਨਾਹਲਬੰਦ, ਬੁੱਧ ਸਿੰਘ, ਬਿਸ਼ਨ ਸਿੰਘ, ਨੱਥਾ ਸਿੰਘ, ਕੇਹਰ ਸਿੰਘ, ਪਿੰਡ ਰੂੜੀਵਾਲਾ ਦੇ ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ ਤੇ ਦਫੇਦਾਰ ਵਧਾਵਾ ਸਿੰਘ ਆਦਿ ਨੂੰ ਵੀ ਗਦਰ ਸੰਬੰਧੀ ਸਹਿਮਤ ਕਰ ਲਿਆ।

13-14 ਨਵੰਬਰ ਨੂੰ ਪ੍ਰੇਮ ਸਿੰਘ ਦੂਜੀ ਵਾਰ ਦੋ ਸਾਥੀਆਂ ਨਾਲ ਲਾਹੌਰ ਛਾਉਣੀ ਆਇਆ ਅਤੇ 23 ਰਸਾਲੇ ਦੇ ਗਦਰੀ ਫੌਜੀਆਂ ਨੂੰ ਆਪਣੇ ਨਾਲ ਹੋਰ ਸਾਥੀਆਂ ਨੂੰ ਨਾਲ ਜੋੜਨ ਲਈ ਕਿਹਾ। 23 ਨਵੰਬਰ ਨੂੰ ਦੁਪਹਿਰ ਵੇਲੇ ਸੁੱਚਾ ਸਿੰਘ ਚੋਹਲਾ ਸਾਹਿਬ ਪਿੰਡੋਂ ਛੁੱਟੀ ਕੱਟਕੇ ਵਾਪਸ ਛਾਉਣੀ ਆਇਆ, ਤਾਂ ਉਸ ਨੇ ਦੱਸਿਆ ਕਿ ਝਾੜ ਸਹਿਬ ਵਿਖੇ ਇਕੱਠ ਹੋਣ ਤੇ ਹਮਲੇ ਦੀ ਮਿਤੀ ਬਦਲ ਕੇ 27 ਨਵੰਬਰ ਹੋ ਗਈ ਹੈ। 27 ਨਵੰਬਰ 1914 ਨੂੰ ਰਾਤ 10 ਵਜੇ ਲਾਂਸ ਦਫੇਦਾਰ ਗੰਡਾ ਸਿੰਘ ਦੇ ਕੁਵਾਟਰ ਵਿਖੇ ਇਨਕਲਾਬੀ ਫੌਜੀ ਇਕੱਠੇ ਹੋਏ ਅਤੇ ਝਾੜ ਸਾਹਿਬ ਨੂੰ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਸ. ਗੰਢਾ ਸਿੰਘ ਛਾਉਣੀ ਖਜ਼ਾਨੇ ਦਾ 600 ਰੁਪਏ ਕੈਸ਼ ਵੀ ਕੱਢ ਲਿਆਇਆ ਤੇ ਬੁੱਧ ਸਿੰਘ ਢੋਟੀਆ ਰਇਫਲ ਰੈਕ ਦੀਆਂ ਚਾਬੀਆਂ। ਅਚਾਨਕ ਮੂਲ ਸਿੰਘ ਗ੍ਰੰਥੀ ਨੇ ਆ ਕੇ ਫੌਜੀ ਸਵਾਰਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ, "ਗਦਰ ਦੀ ਕਾਮਯਾਬੀ ਦੀ ਆਸ ਤਾਂ ਕੋਈ ਵੀ ਨਹੀਂ, ਐਂਵੇ ਬਦੋ-ਬਦੀ ਖਤਰਾ ਮੁੱਲ ਕਿਉਂ ਲੈਂਦੇ ਹੋ"। ਪਰ ਫਿਰ ਵੀ ਸੁੱਚਾ ਸਿੰਘ,




ਸੁਰੈਣ ਸਿੰਘ, ਮਹਿਰਾਜ਼ ਸਿੰਘ ਅਤੇ ਚੰਨਣ ਸਿੰਘ ਉਸਦੀ ਦੀ ਗੱਲ ਨੂੰ ਅਣਸੁਣੀ ਕਰਕੇ ਫੌਜੀ ਛਾਉਣੀ ਛੱਡ ਕੇ ਨਿਕਲ ਗਏ। ਉਨ੍ਹਾਂ ਨੇ ਸਰਹਾਲੀ, ਦਦੇਹਰ, ਤਰਨ ਤਾਰਨ ਆਦਿ ਗਦਰੀ ਕੇਂਦਰਾਂ 'ਤੇ ਗਦਰੀਆਂ ਦੀ ਤਲਾਸ਼ ਕੀਤੀ ਅਤੇ ਅੰਤ ਉਹ ਝਾੜ ਸਾਹਿਬ ਪੁੱਜ ਗਏ, ਜਿੱਥੋਂ ਚੰਨਣ ਸਿੰਘ ਅਗਲੀ ਸਵੇਰ ਵਾਪਸ ਲਾਹੌਰ ਆ ਕੇ ਰਸਾਲੇ ਵਿਚ ਹਾਜ਼ਰ ਹੋ ਗਿਆ। ਬਾਕੀ ਤਿੰਨਾਂ ਨੂੰ ਇੱਕ ਦਸੰਬਰ ਨੂੰ ਗਸ਼ਤ ਕਰਦੀ ਪੁਲਿਸ ਨੇ ਫੜ ਕੇ ਫੌਜੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਦਾ ਕੋਰਟ ਮਾਰਸ਼ਲ ਕੀਤਾ ਅਤੇ ਪੁੱਛਗਿੱਛ ਕੀਤੀ ਪਰ ਉਨ੍ਹਾਂ ਨੇ ਕੁੱਝ ਵੀ ਨਹੀਂ ਦੱਸਿਆ। ਚੱਲ ਰਹੀ ਵਿਸ਼ਵ ਜੰਗ ਦੇ ਕਾਰਨ ਉਨ੍ਹਾਂ ਨੂੰ ਗੈਰਹਾਜ਼ਰੀ ਦੀ 2-2 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। 27 ਨਵੰਬਰ ਦੇ ਲਾਹੌਰ ਹਮਲੇ ਵਿਚ ਵੀ ਇਨ੍ਹਾਂ ਫੌਜੀਆਂ ਨੇ ਵੱਡੀ ਭੂਮਿਕਾ ਨਿਭਾਉਣੀ ਸੀ, ਜੇਕਰ ਇਹ ਗਦਾਰਾਂ ਕਾਰਨ ਫੇਲ ਨਾ ਹੁੰਦਾ।

ਦਸੰਬਰ 1914 ਤੋਂ ਲੈ ਕੇ ਅਪ੍ਰੈਲ 1915 ਤੱਕ 23ਵੇਂ ਰਸਾਲੇ ਦੇ ਇਹ ਫੌਜੀ ਗਦਰ ਸੰਬੰਧੀ ਸਲਾਹਾਂ ਕਰਦੇ ਰਹੇ ਅਤੇ ਢੁੱਕਵੇਂ ਮੌਕੇ ਦੀ ਭਾਲ ਕਰਦੇ ਰਹੇ। ਉਨ੍ਹਾਂ ਦਾ ਸੰਪਰਕ ਗਦਰੀ ਲੀਡਰਸ਼ਿਪ ਨਾਲ ਬਣਿਆ ਰਿਹਾ ਤੇ ਸ. ਪ੍ਰੇਮ ਸਿੰਘ ਸੁਰਸਿੰਘ ਨੇ ਵੱਖ-ਵੱਖ ਸਮਿਆਂ ਤੇ ਚਾਰ ਵਾਰ ਛਾਉਣੀ ਆਕੇ ਇਨ੍ਹਾਂ ਬਹਾਦਰਾਂ ਨਾਲ ਮੀਟਿੰਗਾਂ ਕੀਤੀਆਂ। 1-2 ਦਸੰਬਰ ਦੀ ਰਾਤ ਨੂੰ ਸ. ਬੁੱਧ ਸਿੰਘ ਤੇ ਅਬਦੁੱਲਾ ਢੋਟੀਆਂ ਨੇ ਭਗਤ ਸਿੰਘ ਤੇ ਤਾਰਾ ਸਿੰਘ ਰੂੜੀਵਾਲਾ ਨਾਲ ਮਿਲਕੇ ਟੈਲ਼ੀਗਰਾਮ ਤਾਰਾਂ ਨੂੰ ਕੱਟ ਕੇ ਲਾਹੌਰ ਛਾਉਣੀ ਤੇ ਕੋਟ ਲੱਖਪਤ ਦਰਮਿਆਨ ਸੰਚਾਰ ਪ੍ਰਬੰਧ ਨੂੰ ਰੋਕ ਦਿੱਤਾ। ਉਨ੍ਹਾਂ ਨੇ ਗਦਰੀ ਹੀਰਾ ਸਿੰਘ ਚਰੜ ਦੀ ਮਦਦ ਨਾਲ ਦੇਸੀ ਬੰਬ ਵੀ ਬਣਾਉਣੇ ਸਿੱਖ ਲਏ ਸਨ। ਗਦਰੀਆਂ ਦੁਆਰਾ 21 ਫਰਵਰੀ ਨੂੰ ਵੱਖ-ਵੱਖ ਛਾਉਣੀਆਂ ਦੇ ਭਾਰਤੀ ਫੌਜੀਆਂ ਨਾਲ ਰਲਕੇ ਕੀਤੇ ਜਾਣ ਵਾਲੇ ਗਦਰ ਵਿਚ ਸਰਗਰਮ ਹਿੱਸਾ ਲੈਣ ਦੀ ਇਸ ਰੈਜੀਮੈਂਟ ਦੇ ਜਵਾਨਾਂ ਦੀ ਪੂਰੀ ਤਿਆਰੀ ਸੀ। ਪਰ ਸਰਕਾਰ ਨੂੰ ਗਦਰ ਦੀ ਮਿਤੀ ਦੀ ਪਹਿਲਾਂ ਹੀ ਸੂਹ ਮਿਲਣ ਕਾਰਨ ਅਚਾਨਕ 19 ਫਰਵਰੀ ਸ਼ਾਮੀ 7 ਵਜੇ ਸਾਰੀ ਰੈਜੀਮੈਂਟ ਨੂੰ ਫਾਲਨ ਕਰ ਲਿਆ ਗਿਆ।

ਇਸ ਪਿੱਛੋ ਵੀ ਪ੍ਰੇਮ ਸਿੰਘ ਇਨ੍ਹਾਂ ਕੋਲ ਆਕੇ ਮੀਟਿੰਗਾਂ ਕਰਕੇ ਗਦਾਰਾਂ ਤੇ ਅੰਗਰੇਜ਼ ਅਫਸਰਾਂ ਨੂੰ ਮਾਰਨ ਦੀਆਂ ਯੋਜਨਾਵਾਂ ਬਣਾਉਂਦੇ ਰਹੇ। ਉਨ੍ਹਾਂ ਵੱਲੋਂ 19 ਫਰਵਰੀ ਦੇ ਗਦਰ ਨੂੰ ਫੇਲ ਕਰਨ ਵਾਲੇ ਦੋਸ਼ੀ ਗਦਾਰ ਕਿਰਪਾਲ ਸਿੰਘ ਤੇ ਬੇਲਾ ਸਿੰਘ ਜੈਲਦਾਰ ਨੂੰ ਮਾਰਨ ਦੀ ਕੋਸ਼ਿਸ ਕੀਤੀ। ਰੈਜੀਮੈਂਟ ਦੇ ਅੰਗਰੇਜ਼ੀ ਅਫਸਰਾਂ ਨੂੰ ਬੰਬ ਨਾਲ ਉਡਾਉਣ ਦੀ ਸਕੀਮ ਬਣਾਈ, ਪਰ ਉਹ ਕਾਮਯਾਬ ਨਾ ਹੋ ਸਕੇ।

ਵਿਸ਼ਵ ਯੁੱਧ ਚੱਲਦਾ ਹੋਣ ਕਾਰਨ ਸਰਕਾਰ ਨੇ ਅਪ੍ਰੈਲ ਮਹੀਨੇ ਦੇ ਅਖੀਰ ਵਿਚ 23ਵੇਂ ਰਸਾਲੇ ਦੇ ਜਵਾਨਾਂ ਨੂੰ ਵੀ ਬਸਰੇ ਜੰਗ ਦੇ ਮੋਰਚੇ 'ਤੇ ਭੇਜ ਦਿੱਤਾ। ਡੀਪੂ ਵਿਚ ਪਿੱਛੇ ਰਸਾਲੇ ਦੇ ਦੋ ਸਵਾਰ ਪੂਰਨ ਸਿੰਘ, ਵਸਾਵਾ ਸਿੰਘ ਅਤੇ ਅਬਦੂਲਾਂ ਨਾਹਲਬੰਦ ਹੀ ਰਹਿ ਗਏ। ਉਨ੍ਹਾਂ ਦੇ ਰੈਜੀਮੈਂਟ ਡੀਪੂ ਨੂੰ ਵੀ ਨੌਗਾਉਂ, ਯੂ.ਪੀ. ਛਾਉਣੀ ਬਦਲ ਦਿੱਤਾ, ਜੋ ਹਰਪਾਲਪੁਰ ਦੇ ਰੇਲਵੇ ਸ਼ਟੇਸ਼ਨ ਤੋਂ ਕੁੱਝ ਦੂਰ ਸੀ। 13 ਮਈ, 1915 ਨੂੰ ਜਿਸ ਵੇਲੇ ਹਰਪਾਲਪੁਰ ਸ਼ਟੇਸ਼ਨ ਤੇ ਮੀਆਂ ਮੀਰ ਛਾਉਣੀ ਦੇ ਫੌਜੀਆਂ ਦਾ ਸਮਾਨ ਉਤਾਰ ਕੇ ਲਾਰੀਆਂ 'ਚ ਰੱਖਿਆ ਜਾ ਰਿਹਾ ਸੀ, ਤਾਂ ਪੂਰਨ ਸਿੰਘ ਦੀ ਪੇਟੀ ਹੇਠਾਂ ਡਿੱਗ ਪਈ ਤੇ ਉਸ ਵਿਚਲਾ ਦੇਸੀ ਬੰਬ ਫਟ ਗਿਆ, ਜਿਸ ਨਾਲ ਪੰਜ ਜਣੇ ਜ਼ਖਮੀ ਹੋ ਗਏ। ਇੰਚਾਰਜ ਜਮਾਂਦਾਰ ਨੇ ਜਦੋਂ ਬਾਕੀ ਸਮਾਨ ਦੀ ਤਲਾਸ਼ੀ ਲਈ, ਤਾਂ ਪੂਰਨ ਸਿੰਘ ਦੇ ਦੂਸਰੇ ਬਕਸੇ 'ਚੋਂ ਇੱਕ ਹੋਰ ਬੰਬ ਨਿਕਲਿਆ। ਪੂਰਨ ਸਿੰਘ ਤੇ ਵਸਾਵਾ ਸਿੰਘ ਨੂੰ ਫੜ ਕੇ ਪੁੱਛਗਿੱਛ ਕੀਤੀ। ਦੋਹਾਂ ਨੇ ਆਪਣਾ ਆਪ ਬਚਾਉਣ ਲਈ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ 'ਤੇ ਝਾੜ ਸਾਹਿਬ ਤੋਂ ਫੜੇ ਤਿੰਨਾਂ ਸਵਾਰਾਂ ਬਾਰੇ ਭੇਤ ਖੋਲ੍ਹ ਦਿੱਤਾ।

ਪੂਰਨ ਸਿੰਘ ਕ੍ਰਿਪਾਲ ਸਿੰਘ ਗਦਾਰ ਦਾ ਰਿਸ਼ਤੇਦਾਰ ਸੀ। ਪੂਰਨ ਸਿੰਘ ਅਤੇ ਵਸਾਵਾ ਸਿੰਘ ਨੇ ਵਾਅਦਾ ਮੁਆਫ ਬਣ ਕੇ ਕਈ ਹੋਰ ਸਵਾਰਾਂ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ ਅਤੇ ਬਸਰੇ ਜਾ ਚੁੱਕੇ ਫੌਜ਼ੀਆਂ ਦੇ ਨਾਮ ਵੀ ਦੱਸ ਦਿੱਤੇ। ਸਰਕਾਰ ਵੱਲੋਂ ਬਸਰੇ ਦੇ ਫੌਜੀ ਕਮਾਂਡਰ ਨੂੰ ਉਨ੍ਹਾਂ ਦੇ ਨਾਂ ਅਤੇ ਨੰਬਰ ਲਿੱਖ ਕੇ ਭੇਜ ਦਿੱਤੇ ਗਏ। ਕਮਾਂਡਰ ਨੇ ਨਾਸਰੀ ਸ਼ਹਿਰ ਵਿਚ ਸਾਰੀ ਰੈਜੀਮੈਂਟ ਦੀ ਬਿਨ੍ਹਾਂ ਹਥਿਆਰਾਂ ਤੋਂ ਪਰੇਡ ਕਰਵਾ ਕੇ 19 ਫੌਜੀਆਂ ਨੂੰ ਵੱਖ ਕੱਢ ਲਿਆ, ਜਿਨ੍ਹਾਂ ਦੇ ਨਾਮ ਆਏ ਸਨ। ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਇਨ੍ਹਾਂ ਨੂੰ ਜਹਾਜ਼ ਵਿਚ ਚੜ੍ਹਾ ਦਿੱਤਾ ਗਿਆ। ਬੰਬਈ ਤੋਂ ਇਨ੍ਹਾਂ ਨੂੰ ਡੱਗਸ਼ਈ ਛਾਉਣੀ ਜ਼ਿਲ੍ਹਾ ਸ਼ਿਮਲਾ, ਹਿਮਾਚਲ ਪ੍ਰਦੇਸ਼ ਪਹੁੰਚਾ ਦਿੱਤਾ। 11 ਅਗਸਤ 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡੱਗਸ਼ਈ ਪਹੁੰਚਾਏ ਗਏ। 15 ਅਗਸਤ 1915 ਨੂੰ ਇਨ੍ਹਾਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ ਅਤੇ 26 ਅਗਸਤ 1915 ਨੂੰ ਫੈਸਲਾ ਸੁਣਾ ਕੇ ਇਹ੍ਹਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਪਿੱਛੋਂ ਇਨ੍ਹਾਂ ਵਿਚੋਂ 6 ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨੀ ਕਰ ਦਿੱਤੀ ਗਈ। 30 ਅਗਸਤ 1915 ਨੂੰ ਫਾਂਸੀ ਵਾਲੇ 12 ਫੌਜੀਆਂ ਨੂੰ ਅੰਬਾਲਾ ਜੇਲ੍ਹ ਲਿਆਂਦਾ ਗਿਆ, ਜਿੱਥੇ 3 ਸਤੰਬਰ, 1915 ਨੂੰ ਉਨ੍ਹਾਂ ਸਾਰਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ, ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ :-

3 ਸਤੰਬਰ 1915 ਨੂੰ ਫਾਂਸੀ ਲੱਗੇ ਫੌਜੀਆਂ ਵਿਚ ਦਫੇਦਾਰ ਸ: ਲਛਮਣ ਸਿੰਘ ਤੇ ਮੁਸਲਮਾਨ ਅਬਦੁੱਲਾ ਨਾਹਲਬੰਦ ਵੀ ਸੀ। ਦਫੇਦਾਰ ਲਛਮਣ ਸਿੰਘ ਦੂਰ ਦ੍ਰਿਸ਼ਟੀ ਵਾਲਾ ਸੀ। ਸਿਪਾਹੀਆਂ ਉੱਪਰ ਉਸ ਦਾ ਚੰਗਾ ਪ੍ਰਭਾਵ ਸੀ। ਸਚਿੰਦਰਨਾਥ ਸਨਿਹਾਲ ਉਸ ਬਾਰੇ ਲਿੱਖਦਾ ਹੈ, "ਲਛਮਣ ਸਿੰਘ ਨੇ ਰੈਜੀਮੈਂਟ ਵਿਚ ਇੱਕ ਇਨਕਲਾਬੀ ਗਰੁੱਪ ਬਣਾਇਆ ਹੋਇਆ ਸੀ, ਜਿਸ ਵਿਚ ਸਿੱਖ ਧਰਮ ਸੰਬੰਧੀ ਪੁਸਤਕਾਂ ਪੜ੍ਹੀਆਂ ਜਾਂਦੀਆਂ ਸਨ ਤੇ ਉਸ ਉੱਪਰ ਵਿਚਾਰ ਚਰਚਾ ਹੁੰਦੀ ਰਹਿੰਦੀ ਸੀ। ਰੈਜੀਮੈਂਟ ਦੇ ਸਾਰੇ ਸਿਪਾਹੀ ਲਛਮਣ ਸਿੰਘ ਨੂੰ ਧਰਮਾਤਮਾ ਅਤੇ ਉੱਚਾ-ਸੁੱਚਾ ਸਮਝ ਕੇ ਸਤਿਕਾਰ ਕਰਦੇ ਸਨ।" ਫਾਂਸੀ ਦੇ ਹੁਕਮ ਉਪਰੰਤ ਉਸਦੇ ਸਾਥੀ ਅਬਦੁੱਲਾ ਨਾਹਲਬੰਧ ਨੂੰ ਜਾਨ ਬਖਸ਼ੀ ਲਈ ਲਾਲਚ ਦੇ ਕੇ ਹੋਰ ਭੇਤ ਕੱਢਣ ਵਿਚ ਅਧਿਕਾਰੀ ਸਫਲ ਨਾ ਹੋਏ, ਤਾਂ ਇੱਕ ਦਿਨ ਸ: ਲਛਮਣ ਸਿੰਘ ਨੇ ਉਸ ਨੂੰ ਕਿਹਾ , "ਮੌਲਵੀ ਜੀ ਆਪਾਂ ਸਾਰਿਆਂ ਨੂੰ ਸ਼ਹੀਦ ਕੀਤਾ ਜਾਣਾ ਨਿਸ਼ਚਿਤ ਹੈ ਕਿਉਂ ਨਾ ਤੁਸੀ ਵਾਅਦਾ ਮੁਆਫ ਗਵਾਹ ਬਣ ਕੇ ਆਪਣੀ ਜਾਨ ਬਚਾ ਲਉ।" ਅਬਦੁੱਲਾ ਨੇ ਉੱਤਰ ਦਿੱਤਾ ਕਿ ਮੈਂ ਆਪਣੇ ਧੰਨਭਾਗ ਸਮਝਦਾ ਹਾਂ ਕਿ "8 ਕਰੋੜ ਮੁਸਲਮਾਨਾਂ ਵਿਚੋਂ ਮੈਂ ਇਕੱਲਾ ਹੀ ਹਾਂ ਤੇ ਕੁਝ ਲੱਖ ਸਿੱਖਾਂ ਵਿਚੋਂ ਤੁਸੀਂ 11 ਜਣੇ ਹੋ ਜੋ ਦੇਸ ਖਾਤਿਰ ਕੁਰਬਾਨ ਹੋਣ ਜਾ ਰਹੇ ਹੋ, ਅੱਲ੍ਹਾ ਦੀ ਰਹਿਮਤ ਨਾਲ ਮੈਂ ਤੁਹਾਨੂੰ ਸਾਰਿਆਂ ਨੂੰ ਛੱਡ ਕੇ ਆਪਣੀ ਜਾਨ ਬਚਾ ਕੇ ਕਲੰਕਿਤ ਨਹੀਂ ਹੋਣਾ ਚਾਹੁੰਦਾ।" ਉਸ ਨੇ ਮੌਤ ਦੇ ਤਖਤੇ ਉੱਪਰ ਜਾਣ ਵੇਲੇ ਜੇਲਰ ਨੂੰ ਕਿਹਾ ਕਿ, "ਸਾਡੇ ਮਰਨ ਤੋਂ ਬਾਅਦ ਸਾਨੂੰ 12 ਨੂੰ ਵੱਖ ਨਾ ਕੀਤਾ ਜਾਵੇ, ਚਾਹੇ ਸਸਕਾਰ ਕਰ ਦਿੱਤਾ ਜਾਵੇ ਜਾਂ ਦਫਨਾ ਦਿੱਤਾ ਜਾਵੇ।" 100 ਸਾਲ ਬੀਤਣ ਬਾਅਦ ਵੀ ਅੱਜ ਵੀ 11 ਸਿੱਖਾਂ ਦੇ ਫੁੱਲ਼ ਅਤੇ ਅਬਦੁੱਲਾ ਜੀ ਦੀ ਦੇਹ ਅੰਬਾਲਾ ਜੇਲ੍ਹ ਦੇ ਇੱਕ ਕੋਨੇ ਵਿਚ ਦੱਬੇ ਪਏ ਹਨ।

3 ਸਤੰਬਰ ਦਾ ਦਿਨ ਸਾਨੂੰ ਉਨ੍ਹਾਂ ਮਹਾਨ ਸੂਰਬੀਰ ਫੌਜ਼ੀ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ ਦੀ ਆਜ਼ਾਦੀ ਖਾਤਿਰ ਨੌਕਰੀਆਂ, ਰੁਜ਼ਗਾਰ ਤੇ ਆਪਣੇ ਪਰਿਵਾਰਾਂ ਦੇ ਭਵਿੱਖ ਦੀ ਪ੍ਰਵਾਹ ਕੀਤੇ ਬਿਨ੍ਹਾਂ ਅੰਗਰੇਜ਼ ਹਕੂਮਤ ਦੇ ਖਾਤਮੇ ਲਈ ਸੰਘਰਸ਼ ਕਰਦਿਆਂ ਜਾਨਾਂ ਵਾਰ ਦਿੱਤੀਆਂ। ਸਾਡਾ ਸਿਰ ਇਨ੍ਹਾਂ ਕੌਮੀ ਸੂਰਬੀਰਾਂ ਦੀਆਂ ਕੁਰਬਾਨੀਆਂ ਅੱਗੇ ਆਪ ਮੁਹਾਰੇ ਝੁਕ ਜਾਂਦਾ ਹੈ। ਲੋੜ ਹੈ ਇਨ੍ਹਾਂ ਭੁੱਲੇ ਵਿਸਰੇ ਸ਼ਹੀਦਾਂ ਦੀਆਂ ਉਚਿਤ ਯਾਦਗਾਰਾਂ ਬਣਾਈਆ ਜਾਣ ਤੇ ਇਨ੍ਹਾਂ ਦੇ ਇਤਿਹਾਸ ਨੂੰ ਵਿਦਿਅਕ ਪਾਠਕ੍ਰਮ 'ਚ ਦਰਜ ਕੀਤਾ ਜਾਵੇ ਤੇ ਇਨ੍ਹਾਂ ਦੇ ਸ਼ਹੀਦੀ ਦਿਨ 'ਤੇ ਰਾਜ ਪੱਧਰੀ ਸਮਾਗਮ ਕੀਤੇ ਜਾਣ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਡੇਰਿਆਂ ਨੂੰ ਯਾਦ ਰੱਖ ਸਕਣ। ਪਿਛਲੇ 5-6 ਸਾਲਾਂ ਤੋਂ ਪਿੰਡ ਰੂੜੀਵਾਲਾ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰ ਤੇ ਪਿੰਡ ਵਾਸੀ ਇਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਪਿੰਡ ਪੱਧਰ 'ਤੇ ਅਖੰਡ ਪਾਠ ਤੇ ਸਮਾਗਮ ਕਰਵਾਉਂਦੇ ਹਨ।

# ਇੰਦਰ ਦੇਵਤਾ ਬਨਾਮ ਹੜ੍ਹ

ਕੋਈ ਆਖੇ ਦੇਵਤੇ ਇੰਦਰ ਨੂੰ, ਐਨਾ ਕਹਿਰ ਨਾ ਢਾਹ।
ਇਸ ਧਰਤੀ ਦੇ ਜੀਵਾਂ 'ਤੇ ਤੂੰ, ਕਰ ਕੋਈ ਰਹਿਮ-ਦਇਆ।

ਦੇਵਤੇ ਦਾ ਕੰਮ ਹੁੰਦੈ ਹੈ ਦੇਣ ਦਾ, ਤੂੰ ਰਿਹਾ ਸਗੋਂ ਗੁਆ।
ਮਜ਼ਦੂਰ, ਕਿਸਾਨ ਤਾਂ ਤੈਨੂੰ ਪੂਜਦੇ, ਪਰ ਘਰ ਰਿਹਾ ਤੂੰ ਢਾਹ।

ਫਸਲਾਂ, ਡੰਗਰ ਤੇ ਸਮਾਨ ਕੀਮਤੀ, ਲੈ ਗਿਆ ਨਾਲ ਵਹਾ।
ਹੱਥ ਘੁੱਟ ਜਾਨੈਂ ਜਾਂ ਤਾਂ ਜਵਾਂ ਹੀ, ਜਾਂ ਡੰਝਾਂ ਦੇਵੇਂ ਲਾਹ।

ਤੂੰ ਵੀ ਵਾਂਗ ਭਾਰਤੀ ਲੀਡਰਾਂ, ਲਗਦੈ ਪੈਰ ਛੱਡ ਗਿਆ।
ਜਾਂ ਤਾਂ ਜਲਦੀ ਬੰਦਾ ਬਣਕੇ ਤੂੰ, ਸਹੀ ਲੀਹ ਦੇ ਉੱਤੇ ਆ।

ਨਹੀਂ ਤਾਂ ਰੱਬ ਜੀ ਕੋਲ ਅਸੀਂ ਅੱਕ ਕੇ, ਸ਼ਕਾਇਤ ਦਿਆਂਗੇ ਲਾ।
ਫੇਰ ਨਾ ਆਖੀਂ ਤੈਨੂੰ ਰੱਬ ਜੀ, ਦਿੱਤਾ ਅਹੁਦੇ ਤੋਂ ਹਟਾ।

ਜਦ ਮਜੀਠੀਏ ਵਾਂਗ ਜੇਲ੍ਹ 'ਚ ਸੁੱਟਿਆ, ਤੈਨੂੰ ਵੀ ਲੱਗੂ ਪਤਾ।
ਜਦ ਪਾਣੀ ਨਾ ਮਿਲਿਆ ਪੀਣ ਨੂੰ, ਅਕਲ ਜਾਊ ਤੈਨੂੰ ਆ।

ਤੂੰ ਬੇਸ਼ਕੀਮਤੀ ਪਾਣੀ ਨੂੰ, ਦਿੱਤਾ ਐਵੇਂ ਹੀ ਵਹਾ।
ਲੈ ਕੇ ਮੱਤਵਪੂਰਨ ਮਹਿਕਮਾ, ਤੂੰ ਐਨਾ ਲਾਪ੍ਰਵਾਹ?

ਜੇਕਰ ਰੱਬ ਦੇ ਰੱਖੇ ਹੀ ਮੰਤਰੀ, ਸ਼ਰਮ ਦੇਣਗੇ ਲਾਹ।
ਫਿਰ ਤਾਂ ਦੁਨਿਆਵੀ ਲੀਡਰਾਂ ਦਾ, ਸਮਝੀਏ ਨਾ ਗੁਨਾਹ।

ਇਹ ਬੰਦਾ ਤਾਂ ਪੁਤਲਾ ਗ਼ਲਤੀ ਦਾ, ਕਦੇ ਟਪਲਾ ਸਕਦੈ ਖਾ।
ਪਰ ਜੇ ਗਲਤੀ ਕਰੇ ਕੋਈ ਦੇਵਤਾ, ਦੱਸੋ ਜਾਊ ਕਿਵੇਂ ਸਮਾਅ।

ਕਹਿੰਦੇ ਕਰਨਾ ਹੋਵੇ ਸੁਧਾਰ ਜੇ, ਫਿਰ ਉੱਤੋਂ ਥੱਲੇ ਆ।
ਹੈ ਰੱਬ ਜੀ ਅੱਗੇ ਸਨਿਮਰ ਬੇਨਤੀ, ਦੇਖੋ ਰਿਕਾਰਡ ਇੰਦਰ ਦਾ।

ਇਨਸਾਫ ਪੂਰਾ-ਪੂਰਾ ਤੁਸੀਂ ਕਰਿਓ, ਕਾਨੂੰਨ ਦੀ ਤੱਕੜੀ ਲਾ।
ਹੋਵੇ ਰੱਬ ਨਾਲ ਕਿਸੇ ਦਾ ਰਾਬਤਾ, ਇਹ ਸੁਨੇਹਾ ਦਿਓ ਪਹੁੰਚਾ।

ਸਾਨੂੰ ਜੇ ਇਨਸਾਫ ਨਾ ਮਿਲਿਆ, ਡਾਢਾ ਗੁੱਸਾ ਜਾਊ ਆ।
ਭਲੂਰੀਆ ਸਾਡੇ ਵੱਲੋਂ ਚੇਤਾਵਨੀ, ਅਸੀਂ ਧਰਨਾ ਦੇਣੈ ਲਾ।

-ਜਸਵੀਰ ਸਿੰਘ ਭਲੂਰੀਆ
ਸਰੀ (ਬੀ.ਸੀ.) ਕੈਨੇਡਾ
+91-99159-95505

ਪੰਜਾਬ ਮੇਲUSA

# ਪਾਣੀਆਂ ਦਾ ਪੁੱਤ-ਪੰਜਾਬ

ਸਾਰਿਆਂ ਦੇ ਵਾਸਤੇ ਪੰਜਾਬ ਭਾਵੇਂ ਲੜਦਾ
ਔਖੀ ਵੇਲੇ ਕੋਈ ਨੀ, ਪੰਜਾਬ ਨਾਲ ਖੜਦਾ
ਕੱਲਾ ਹੀ ਪੰਜਾਬ ਹੈ, ਪੰਜਾਬ ਨਾਲ ਖੜਦਾ

ਜਦੋਂ ਕਦੇ ਬਾਰਡਰਾਂ 'ਤੇ, ਵੈਰੀ ਆਣ ਖੰਘਦਾ
ਟੈਂਕ ਤੋਪਾਂ ਲੈ ਕੇ ਜਦੋਂ, ਹੱਦਾਂ ਵਿਚੋਂ ਲੰਘਦਾ
ਸਦਾ ਹੀ ਪੰਜਾਬ ਉਦੋਂ, ਛਾਤੀਆਂ ਨੂੰ ਤਣਦਾ
ਕਿਉਂ ਨੀਂ ਪੰਜਾਬ ਨਾਲ, ਫੇਰ ਕੋਈ ਖੜਦਾ

ਪਾਣੀ ਪੀ ਪੰਜਾਬ ਦਾ, ਪੰਜਾਬ ਨੂੰ ਹੀ ਭੰਡਦੇ
ਇਹਦਾ ਦੁੱਧ ਪੀ ਕੇ ਸੱਪ, ਇਹਨੂੰ ਸਦਾ ਡੰਗਦੇ
ਤੇਲ ਹੋਰ ਪਾਉਂਦੇ ਜਦੋਂ, ਪਿੰਡਾ ਇਹਦਾ ਸੜਦਾ
ਕੱਲਾ ਹੀ ਪੰਜਾਬ ਸਦਾ, ਲੱਖਾਂ ਨਾਲ ਲੜਦਾ

ਭੈੜੇ ਇਹਦੀ ਕੁੱਖ ਦਾ, ਅਨਾਜ ਖਾਈ ਜਾਂਦੇ ਨੇ
ਇਹਦੀਆਂ ਜੜ੍ਹਾਂ 'ਚ ਨਾਲੇ, ਤੇਲ ਪਾਈ ਜਾਂਦੇ ਨੇ
ਦੇਖ ਕੇ ਤਰੱਕੀ ਇਹਦੀ, ਕਾਲਜਾ ਹੈ ਸੜਦਾ
ਦਿੱਲੀਏ ਪੰਜਾਬ ਤੈਨੂੰ, ਸੱਪ ਵਾਂਗ ਲੜਦਾ

ਪਾਣੀਆਂ ਦਾ ਪੁੱਤ ਕਿਵੇਂ, ਪਾਣੀਆਂ 'ਚ ਡੁੱਬ ਜੂ
ਅਣਖਾਂ ਦਾ ਦੀਵਾ ਕਿਵੇਂ, ਹਵਾ ਨਾਲ ਬੁੱਝ ਜੂ
ਸਹੋਤਿਆ ਜੋ ਅੱਗਾਂ ਦੀਆਂ ਹਿੱਕਾਂ ਉੱਤੇ ਤਰਦਾ
ਮਾਰਿਆਂ ਨੀ ਕਿਸੇ ਦੇ, ਪੰਜਾਬ ਸਾਡਾ ਮਰਦਾ

ਕੁਲਵੀਰ ਸਿੰਘ ਡਾਨਸੀਵਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲUSA

# ਪਾਣੀ ਦਾ ਕਹਿਰ

ਪਾਣੀਆਂ ਕੀਤਾ ਕਿੰਨਾ ਕਹਿਰ ਹੈ।
ਜੀਵਨ ਲਗਭਗ ਗਿਆ ਠਹਿਰ ਹੈ।

ਚਾਰੇ ਪਾਸੇ ਪਾਣੀਓਂ ਪਾਣੀ।
ਉਲਝ ਗਈ ਜ਼ਿੰਦਗੀ ਦੀ ਤਾਣੀ।
ਕੰਢਿਆਂ ਪਾਰੋਂ ਵਗੇ ਨਹਿਰ ਹੈ।

ਪਾਣੀ ਬਣ ਕੇ ਹੜ੍ਹ ਹੈ ਆਇਆ।
ਸਭ ਕੁਝ ਦਾ ਇਸ ਕੀਤਾ ਸਫ਼ਾਇਆ।
ਡੁੱਬਿਆ ਪਾਣੀ ਵਿਚ ਸ਼ਹਿਰ ਹੈ।

ਜੀਣ ਦਾ ਨਾ ਕੋਈ ਦਿੱਸੇ ਹੀਲਾ।
ਬਿਖਰਿਆ ਸਾਰਾ ਤੀਲਾ ਤੀਲਾ।
ਹੋਣਾ ਕੀ ਹੁਣ ਅਗਲੇ ਪਹਿਰ ਹੈ।

ਸਾਰੇ ਪਾਸੇ ਮੱਚੀ ਤਬਾਹੀ।
ਮੰਜ਼ਿਲ ਕੋਈ ਦਿੱਸਦੀ ਨਾਂਹੀ।
ਪਾਣੀ ਬਣਿਆ ਇੱਕ ਜ਼ਹਿਰ ਹੈ।

ਕੱਚੇ ਘਰ ਕਿੰਨੇ ਹੀ ਢਹਿ ਗਏ।
ਕਈ ਲੋਕੀਂ ਪਾਣੀ ਵਿਚ ਵਹਿ ਗਏ।
ਕੈਸੀ ਰੱਬਾ! ਲਹਿਰ-ਬਹਿਰ ਹੈ!

-ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)



ਪੰਜਾਬ ਮੇਲUSA

# ਕਾਲੇ ਬੱਦਲ

ਮਾੜੇ ਹਾਲਾਤ ਅੱਜ ਨੇ ਆ ਗਏ,
ਕਾਲੇ ਬੱਦਲ ਪੰਜਾਬ 'ਤੇ ਛਾ ਗਏ,
ਮੈਨੂੰ ਦੱਸਿਆ ਅਖ਼ਬਾਰਾਂ ਨੇ,
ਪੰਜਾਬ ਨੋਚ ਖਾ ਲਿਆ ਲੋਕੋ,
ਇਨ੍ਹਾਂ ਗਿਰਝਾਂ ਦੀਆਂ ਡਾਰਾਂ ਨੇ।
ਅਸੀਂ ਦੁੱਖ ਆਪਣੇ ਕੀ ਦੱਸੀਏ,
ਦੇਖ ਚੋਜ ਇਨ੍ਹਾਂ ਦੇ ਹੱਸੀਏ,
ਮਾੜੀਆਂ ਸਰਕਾਰਾਂ ਨੇ,
ਪੰਜਾਬ ਨੋਚ ਖਾ ਲਿਆ ਲੋਕੋ,
ਇਨ੍ਹਾਂ ਗਿਰਝਾਂ ਦੀਆਂ ਡਾਰਾਂ ਨੇ।
ਆਏ ਹੜ੍ਹ ਇੱਥੇ ਨੇ ਯਾਰੋ,
ਪਰ, ਕੋਈ ਨਾ ਦਿਲ ਹਾਰੋ,
ਸਦੀਆਂ ਤੋਂ ਆਪਾਂ ਨੇ,
ਇਹੋ ਝੱਲੀਆਂ ਮਾਰਾਂ ਨੇ,
ਪੰਜਾਬ ਨੋਚ ਖਾ ਲਿਆ ਲੋਕੋ,
ਇਨ੍ਹਾਂ ਗਿਰਝਾਂ ਦੀਆਂ ਡਾਰਾਂ ਨੇ।
ਦੁੱਖ-ਸੁੱਖ ਆਉਂਦੇ-ਜਾਂਦੇ ਰਹਿੰਦੇ,
ਸੱਚ ਸਿਆਣੇ ਸਦਾ ਨੇ ਕਹਿੰਦੇ,
ਆਪਾਂ ਹੀ ਰਲ਼ ਕੇ ਲੈਣੀਆਂ,
ਇੱਕ-ਦੂਜੇ ਦੀਆਂ ਸਾਰਾਂ ਨੇ,
ਪੰਜਾਬ ਨੋਚ ਖਾ ਲਿਆ ਲੋਕੋ,
ਇਨ੍ਹਾਂ ਗਿਰਝਾਂ ਦੀਆਂ ਡਾਰਾਂ ਨੇ।

ਕੁਲਦੀਪ ਸਿੰਘ (ਢੀਂਗੀ)
98766-70382



ਪੰਜਾਬ ਮੇਲUSA

# "ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ"

ਸਾਰੀ ਦੁਨੀਆਂ ਨੂੰ ਜਿਹੜਾ ਲੰਗਰ ਛਕਾਉਂਦਾ ਏ
ਆਫ਼ਤਾਂ 'ਚ ਸਦਾ ਹੀ ਪੰਜਾਬ ਕੰਮ ਆਉਂਦਾ ਏ
ਹੜ੍ਹਾਂ ਦਿਆਂ ਪਾਣੀਆਂ ਨੇ ਕੀਤਾ ਬਰਬਾਦ ਏ
ਬਿਪਤਾ 'ਚ ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ।

ਬਾਰਸ਼ਾਂ ਨੇ ਅੰਬਰਾਂ 'ਚੋਂ ਲਾਈਆਂ ਪਈਆਂ ਝੜੀਆਂ
ਨਹਿਰਾਂ ਨਾਲੇ ਨਦੀਆਂ ਵੀ ਆਉਂਦੀਆਂ ਨੇ ਚੜ੍ਹੀਆਂ
ਡੈਮਾਂ ਤੋਂ ਵੀ ਪਾਣੀ ਅੱਜ ਛੱਡੇ ਬੇ-ਹਿਸਾਬ ਦੇ
ਬਿਪਤਾ 'ਚ ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ।

ਉੱਜੜੇ ਪਏ ਖੇਤ ਅਤੇ ਘਰ ਘਾਟ ਢਹਿ ਗਏ
ਮੱਝਾਂ ਗਾਵਾਂ ਪਸ਼ੂ ਤਾਂ ਦਰਿਆਵਾਂ ਵਿਚ ਬਹਿ ਗਏ
ਰੋਂਦੀਆਂ ਨੇ ਭੈਣਾਂ ਚੂੜੇ ਟੁੱਟ-ਗੇ ਸੁਹਾਗ ਦੇ
ਬਿਪਤਾ 'ਚ ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ।

ਵੱਡੇ ਵੱਡੇ ਭਾਸ਼ਨਾਂ 'ਚ ਮਾਰਦੇ ਜੋ ਟਾਹਰਾਂ ਸੀ
ਵੇਖ ਕੇ ਹਾਲਾਤ ਭੱਜ ਰਹੇ ਬੰਨ੍ਹ ਡਾਰਾਂ ਸੀ
ਡੱਡੂ ਬਰਸਾਤੀ ਵਿਚ ਲੁੱਕ ਗਏ ਕਮਾਦ ਦੇ
ਬਿਪਤਾ 'ਚ ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ।

ਦੱਖਣ ਦਿੱਲੀ ਤੋਂ ਕੋਈ ਲੀਡਰ ਨਹੀਂ ਬੋਲਿਆ
ਪੰਜਾਬ ਦਾ ਕਿਸੇ ਨੇ ਆਕੇ ਦੁੱਖ ਨਹੀਂ ਫਰੋਲਿਆ
ਬਣ ਬੈਠੇ ਵੈਰੀ ਅੱਜ ਪਾਣੀ ਪੰਜ-ਆਬ ਦੇ
ਬਿਪਤਾ 'ਚ ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ।

ਗੁਰਾਂ ਦੇ ਜੋ ਨਾਮ 'ਤੇ ਜਿਉਂਦਾ ਹੈ ਪੰਜਾਬ ਜੀ
ਸਦਾ ਖੁਸ਼ਬੋਆਂ ਵੰਡੂ ਖਿੜਿਆ ਗੁਲਾਬ ਜੀ
ਭੱਠਲਾਂ ਦੇ ਗਿੱਲ ਮਲਕੀਤ ਰਹੋ ਜਾਗਦੇ
ਬਿਪਤਾ 'ਚ ਨਾਲ ਨਾ ਕੋਈ ਖੜ੍ਹਿਆ ਪੰਜਾਬ ਦੇ।

-ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943



ਪੰਜਾਬ ਮੇਲUSA

# ਭੁੱਲਿਆ ਹੋਇਆ ਮਨੁੱਖ

ਭੁੱਲਿਆ ਹੋਇਆ ਮਨੁੱਖ
ਵੱਢੀ ਜਾਵੇ ਰੁੱਖ।
ਲਾਲਚਾਂ ਦਾ ਮਾਰਿਆ
ਕਦੀ ਨਾ ਪਾਵੇ ਸੁੱਖ।
ਕੁਦਰਤ ਨਾਲ ਆਢਾ ਲਾ ਕੇ
ਮਿਲਦੇ ਨੇ ਦੁੱਖ ਹੀ ਦੁੱਖ।
ਦਾਤਾਂ ਅਨੇਕਾਂ ਪਾ ਕੇ
ਮਰਦੀ ਨਾ ਕਦੇ ਭੁੱਖ।
ਆਪਣੇ ਹੀ ਖ਼ੂਨ ਦਾ
ਪਿਆਸਾ ਹੋਇਆ ਮਨੁੱਖ।
ਸਬਰ ਕਰ, ਸ਼ੁਕਰ ਕਰ
ਬਦਲ ਆਪਣਾ ਰੁਖ਼।
ਰਾਣੀ ਕੁਦਰਤ ਵਲੋਂ
ਮੋੜੀ ਨਾ ਕਦੀ ਮੁੱਖ।
ਰਹਿਮਤਾਂ ਜੇ ਪਾਉਣੀਆਂ
'ਮਾਨ' ਮੰਗ ਸਭ ਦੀ ਸੁੱਖ।

-ਬਲਜਿੰਦਰ ਮਾਨ, ਹੁਸ਼ਿਆਰਪੁਰ
98150-18947



ਪੰਜਾਬ ਮੇਲUSA


RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com